ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 139| 4 to 10 Sept. , 2024 | Ph.: (510) 240-5949 | Email: asrtimes@gmail.com

# ਕੈਨੇਡਾ 'ਚ ਵਿਦੇਸ਼ੀ ਸੈਲਾਨੀਆਂ ਨੂੰ ਨਹੀਂ ਮਿਲੇਗਾ ਵਰਕ ਪਰਮਿਟ

## ਫ਼ੈਸਲਾ ਫ਼ੌਰੀ ਲਾਗੂ, ਸੈਲਾਨੀਆਂ ਨੂੰ ਗੁੰਮਰਾਹ ਕਰਨ ਵਾਲੇ ਏਜੰਟਾਂ ਦੀ ਨਕੇਲ ਕੱਸਣ ਦਾ ਦਾਅਵਾ

ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਸਰਕਾਰ ਨੇ ਸੈਲਾਨੀ/ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਏ ਲੋਕਾਂ ਨੂੰ ਵਰਕ ਪਰਮਿਟ ਦੇਣ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਫੈਸਲਾ ਤੁਰੰਤ ਲਾਗੂ ਹੋਣ ਕਰਕੇ ਕੈਨੇਡਾ 'ਚ ਪੱਕੇ ਹੋਣ ਦੀ ਇੱਕ ਹੋਰ ਚੋਰਮੋਰੀ ਬੰਦ ਹੋ ਗਈ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਕਿਹਾ ਕਿ ਵਰਕ ਪਰਮਿਟ ਦਿਵਾਉਣ ਦੇ ਓਹਲੇ ਸੈਲਾਨੀਆਂ ਨੂੰ ਗੁੰਮਰਾਹ ਕਰਨ ਵਾਲੇ ਏਜੰਟਾਂ ਖ਼ਿਲਾਫ਼ ਸਖ਼ਤ ਕਾਰਵਾਈ ਯਕੀਨੀ ਬਣਾਈ ਜਾਵੇਗੀ। ਚਾਰ ਸਾਲ ਪਹਿਲਾਂ ਕਰੋਨਾ ਪਾਬੰਦੀਆਂ ਦੌਰਾਨ ਅਗਸਤ 2020 ਵਿੱਚ ਕੈਨੇਡਾ 'ਚ ਫਸੇ ਸੈਲਾਨੀਆਂ ਦੀ ਸਹੂਲਤ ਵਾਸਤੇ ਸ਼ੁਰੂ ਕੀਤੀ ਇਸ ਰਿਆਇਤ ਦੀ ਮਿਆਦ ਅਗਲੇ ਸਾਲ 28 ਫਰਵਰੀ ਤੱਕ ਸੀ, ਜਿਸ ਦੀ ਦੁਰਵਰਤੋਂ ਹੋਣ ਕਰਕੇ ਇਸ ਨੂੰ 6 ਮਹੀਨੇ ਪਹਿਲਾਂ ਖਤਮ ਕੀਤਾ ਗਿਆ ਹੈ। ਇਮੀਗ੍ਰੇਸ਼ਨ ਮਾਹਿਰਾਂ ਅਨੁਸਾਰ ਇਸ ਤਹਿਤ ਜੇ ਕਿਸੇ ਵਿਅਕਤੀ ਕੋਲ ਵਿਜ਼ਟਰ ਸਟੇਟਸ ਹੁੰਦਾ ਸੀ ਤਾਂ ਉਹ ਬਾਰਡਰ 'ਤੇ ਜਾ ਕੇ ਵਰਕ ਪਰਮਿਟ ਹਾਸਲ ਕਰ ਸਕਦਾ ਸੀ। ਇਸ ਨੂੰ ਤਕਨੀਕੀ ਭਾਸ਼ਾ ਵਿੱਚ ਫਲੈਗ ਪੋਲਿੰਗ ਕਿਹਾ ਜਾਂਦਾ ਹੈ। ਇਸ ਤਹਿਤ ਬਾਰਡਰ 'ਤੇ ਜਾ ਕੇ ਬਿਨੈਕਾਰ ਨੂੰ ਉਸੇ ਦਿਨ ਹੀ ਵਰਕ ਪਰਮਿਟ ਹਾਸਲ ਹੋ ਸਕਦਾ ਸੀ ਜਦਕਿ ਕਿਸੇ ਹੋਰ ਦੇਸ਼ ਵਿੱਚੋਂ ਵਰਕ ਪਰਮਿਟ ਦੀ ਅਰਜ਼ੀ ਲਗਾਉਣ ਵਾਲੇ ਬਿਨੈਕਾਰ ਦੀ ਉਡੀਕ ਲੰਬੀ ਹੋ ਜਾਂਦੀ ਹੈ।



ਇਮੀਗ੍ਰੇਸ਼ਨ ਵਿਭਾਗ ਨੇ ਹਾਲਾਂਕਿ ਸਪਸ਼ਟ ਕੀਤਾ ਕਿ 27 ਅਗਸਤ ਤੱਕ ਦਰਜ ਹੋਈਆਂ ਅਰਜ਼ੀਆਂ ਉੱਤੇ ਸੁਣਵਾਈ ਜਾਰੀ ਰਹੇਗੀ ਪਰ ਨਵੀਂ ਅਰਜ਼ੀ ਦਰਜ ਨਹੀਂ ਹੋ ਸਕੇਗੀ। ਗੌਰਤਲਬ ਹੈ ਕਿ ਇਸ ਪਾਬੰਦੀ ਨਾਲ ਰੁਜ਼ਗਾਰ ਦਾਤਿਆਂ ਵੱਲੋਂ ਕੱਚੇ ਕਾਮਿਆਂ ਦੀ ਕੀਤੀ ਜਾਂਦੀ ਲੁੱਟ ਤੇ ਸ਼ੋਸ਼ਣ ਨੂੰ ਨੱਥ ਪਏਗੀ। ਅਚਾਨਕ ਆਏ ਅਤੇ ਤੁਰੰਤ ਲਾਗੂ ਹੋਏ ਇਸ ਫੈਸਲੇ ਨੇ ਜਿੱਥੇ ਸਭ ਨੂੰ ਹੈਰਾਨ ਕੀਤਾ ਹੈ, ਉਥੇ ਇਸ ਰਿਆਇਤ ਦੀ ਝਾਕ ਰੱਖਦੇ ਸੈਲਾਨੀ ਨਿਰਾਸ਼ ਹਨ। ਸਰਕਾਰ ਵੱਲੋਂ ਸਾਂਝੀ ਕੀਤੀ ਜਾਣਕਾਰੀ ਮੁਤਾਬਕ ਇਹ ਕਦਮ ਕੈਨੇਡਾ ਵਿੱਚ ਟੈਂਪਰੇਰੀ ਰੈਜ਼ੀਡੈਂਟ ਦੀ ਗਿਣਤੀ ਨੂੰ ਸੀਮਤ ਕਰਨ ਲਈ ਕੀਤਾ ਗਿਆ ਹੈ। ਸਾਲ 2023 ਵਿੱਚ ਕੈਨੇਡਾ ਦੀ ਕੁਲ ਆਬਾਦੀ 'ਚ ਅਸਥਾਈ ਨਿਵਾਸੀਆਂ ਦੀ ਹਿੱਸੇਦਾਰੀ 6.2 ਫੀਸਦ ਸੀ ਅਤੇ ਸਰਕਾਰ 2027 ਤੱਕ ਇਸ ਹਿੱਸੇਦਾਰੀ ਨੂੰ ਘਟਾ ਕੇ 5 ਫੀਸਦ 'ਤੇ ਲਿਆਉਣ ਬਾਰੇ ਕੰਮ ਕਰ ਰਹੀ ਹੈ।

## ਆਸਟ੍ਰੇਲੀਆ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਦਾ ਫ਼ੈਸਲਾ

ਬ੍ਰਿਸਬੇਨ/ਏ.ਟੀ.ਨਿਊਜ਼ : ਕੈਨੇਡਾ ਤੋਂ ਬਾਅਦ ਆਸਟ੍ਰੇਲੀਆ ਨੇ ਵੀ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਦਾ ਫੈਸਲਾ ਕੀਤਾ ਹੈ। ਸਿੱਖਿਆ ਮੰਤਰੀ ਜੇਸਨ ਕਲੇਅਰ ਨੇ ਕਿਹਾ ਕਿ ਕਰੋਨਾ ਮਹਾਮਾਰੀ ਮਗਰੋਂ ਦੇਸ਼ ਵਿੱਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ 'ਚ ਔਸਤਨ 10 ਫ਼ੀਸਦ



ਦਾ ਵਾਧਾ ਹੋਇਆ। ਸਰਕਾਰ ਅਨੁਸਾਰ ਸਿੱਖਿਆ ਖੇਤਰ ਵਿੱਚ ਪਹਿਲਾਂ ਵਾਲੀ ਗੁਣਵੱਤਾ ਲਿਆਂਦੀ ਜਾਵੇਗੀ ਅਤੇ ਸਮੁੱਚੀ ਆਬਾਦੀ ਨੂੰ ਕੋਵਿਡ ਮਹਾਮਾਰੀ ਤੋਂ ਪਹਿਲਾਂ ਦੇ ਪੱਧਰ ਉੱਤੇ ਲਿਆਉਣ ਦੀ ਕੋਸ਼ਿਸ਼ ਹੋਵੇਗੀ। ਸਾਲ 2025 ਲਈ ਨਵੇਂ ਦਾਖਲਿਆਂ ਦੀ ਗਿਣਤੀ 270,000 ਤੱਕ ਸੀਮਤ ਕੀਤੀ ਗਈ ਹੈ। ਇਸ ਵੇਲੇ ਦੇਸ਼ ਵਿੱਚ ਤਕਰੀਬਨ 717,500 ਕੌਮਾਂਤਰੀ ਵਿਦਿਆਰਥੀ ਹਨ। ਹੁਣ ਹਰੇਕ ਉੱਚ ਸਿੱਖਿਆ ਸੰਸਥਾਨ ਨੂੰ ਵੱਖਰਾ ਨਿਰਧਾਰਿਤ ਅੰਕੜਾ ਦਿੱਤਾ ਜਾਵੇਗਾ। ਉੱਧਰ ਉੱਚ ਸਿੱਖਿਆ ਸੰਸਥਾਵਾਂ ਦਾ ਕਹਿਣਾ ਹੈ ਕਿ ਪਰਵਾਸ ਅਤੇ ਰਿਹਾਇਸ਼ ਦੇ ਮਸਲੇ ਕਰਕੇ ਸਿੱਖਿਆ ਸੰਸਥਾਵਾਂ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਹੁਣ ਵਿਦਿਆਰਥੀਆਂ ਦੀ ਗਿਣਤੀ ਨਿਰਧਾਰਿਤ ਕਰਨ ਨਾਲ ਇਸ ਖੇਤਰ ਉੱਤੇ ਮਾੜਾ ਅਸਰ ਪਏਗਾ।

## ਕੈਨੇਡਾ 'ਚ ਹੁਣ ਵਿਦਿਆਰਥੀ ਹਫ਼ਤੇ ਵਿੱਚ ਸਿਰਫ਼ 24 ਘੰਟੇ ਕੈਂਪਸ ਤੋਂ ਬਾਹਰ ਕੰਮ ਕਰ ਸਕਣਗੇ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਸਰਕਾਰ ਨੇ ਭਾਰਤ ਸਮੇਤ ਹੋਰ ਦੇਸ਼ਾਂ ਤੋਂ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਨਵੇਂ ਨਿਯਮ ਬਣਾਏ ਹਨ। ਇਸ ਨਿਯਮ ਦੇ ਤਹਿਤ, ਅੰਤਰਰਾਸ਼ਟਰੀ ਵਿਦਿਆਰਥੀ ਹੁਣ ਹਫ਼ਤੇ ਵਿੱਚ ਸਿਰਫ਼ 24 ਘੰਟੇ ਕੈਂਪਸ ਤੋਂ ਬਾਹਰ ਕੰਮ ਕਰ ਸਕਣਗੇ। ਇਹ ਨਿਯਮ ਸਤੰਬਰ ਤੋਂ ਲਾਗੂ ਹੋ ਗਿਆ ਹੈ, ਜਿਸ ਕਾਰਨ ਭਾਰਤੀ ਵਿਦਿਆਰਥੀਆਂ ਨੂੰ ਟੋਰਾਂਟੋ ਵਰਗੇ ਮਹਿੰਗੇ ਸ਼ਹਿਰਾਂ 'ਚ ਰਹਿਣ-ਸਹਿਣ ਦਾ ਖਰਚਾ ਚੁੱਕਣਾ ਬਹੁਤ ਹੀ ਮੁਸ਼ਕਿਲ ਹੋ ਜਾਵੇਗਾ। ਪਹਿਲਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ 20 ਘੰਟਿਆਂ ਤੋਂ ਵੱਧ ਸਮੇਂ ਲਈ ਕੈਂਪਸ ਤੋਂ ਬਾਹਰ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਸੀ। ਹੁਣ ਕੈਨੇਡਾ ਸਰਕਾਰ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਹਫ਼ਤੇ ਵਿਚ 20 ਘੰਟੇ ਤੋਂ ਵੱਧ ਸਮੇਂ ਲਈ ਕੈਂਪਸ ਤੋਂ ਬਾਹਰ ਕੰਮ ਕਰਨ ਦੀ ਇਜਾਜ਼ਤ ਦੇਣ ਵਾਲੀ ਅਸਥਾਈ ਨੀਤੀ ਦੀ ਮਿਆਦ 30 ਅਪ੍ਰੈਲ ਨੂੰ ਖਤਮ ਹੋ ਗਈ ਹੈ। ਹਾਲਾਂਕਿ, ਇਸ ਨੂੰ ਅੱਗੇ ਨਹੀਂ ਵਧਾਇਆ ਜਾਵੇਗਾ। ਉਨ੍ਹਾਂ ਅੱਗੇ ਕਿਹਾ, ਸਾਡਾ ਉਦੇਸ਼ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਪ੍ਰਤੀ ਹਫ਼ਤੇ ਕੰਮ ਦੇ ਘੰਟੇ ਘਟਾਉਣਾ ਹੈ, ਤਾਂ ਜੋ ਉਹ ਆਪਣੀ ਪੜ੍ਹਾਈ 'ਤੇ ਵੀ ਧਿਆਨ ਦੇ ਸਕਣ। ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਵਿੱਚ ਹਫ਼ਤੇ ਵਿੱਚ ਸਿਰਫ਼ 24 ਘੰਟੇ ਕੰਮ ਕਰ ਸਕਦੇ ਹਨ। ਕੋਵਿਡ-19 ਦੀ ਮਹਾਮਾਰੀ ਦੇ ਦੌਰਾਨ 20 ਘੰਟੇ ਦੀ ਸੀਮਾ ਹਟਾਈ ਗਈ ਸੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੀ ਸਰਕਾਰ ਨੇ ਦੇਸ਼ ਦੀ ਕੋਵਿਡ-19 ਮਹਾਮਾਰੀ ਦੇ ਦੌਰਾਨ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਕੰਮ ਦੇ ਘੰਟਿਆਂ ਦੀ 20 ਘੰਟਿਆਂ ਦੀ ਸੀਮਾ ਨੂੰ ਹਟਾ ਦਿੱਤਾ ਹੈ। ਕੈਨੇਡਾ ਭਾਰਤੀ ਵਿਦਿਆਰਥੀਆਂ ਲਈ ਸਭ ਤੋਂ ਪਸੰਦੀਦਾ ਸਥਾਨਾਂ ਵਿੱਚੋਂ ਇੱਕ ਹੈ। ਕੈਨੇਡੀਅਨ ਬਿਊਰੋ ਫਾਰ ਇੰਟਰਨੈਸ਼ਨਲ ਐਜੂਕੇਸ਼ਨ ਦੀ 2022 ਦੀ ਰਿਪੋਰਟ ਅਨੁਸਾਰ, ਕੈਨੇਡਾ ਵਿੱਚ 3,19,130 ਭਾਰਤੀ ਵਿਦਿਆਰਥੀ ਸਨ। ਇੱਥੋਂ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਭਾਰਤੀ ਵਿਦਿਆਰਥੀ ਸਭ ਤੋਂ ਵੱਧ ਹਨ। ਮਿਲਰ ਨੇ ਕਿਹਾ, 'ਇੱਥੇ ਆਉਣ ਵਾਲੇ ਕਿਸੇ ਵੀ ਵਿਦਿਆਰਥੀ ਨੂੰ ਪੜ੍ਹਾਈ ਕਰਨ ਲਈ ਆਉਣਾ ਚਾਹੀਦਾ ਹੈ।

(ਬਾਕੀ ਸਫ਼ਾ 30 'ਤੇ)

# ਪੰਜਾਬ 'ਚ ਰਜਿਸਟਰੀ ਲਈ ਐਨ.ਓ.ਸੀ. ਦੀ ਸ਼ਰਤ ਖ਼ਤਮ

## ਵਿਧਾਨ ਸਭਾ ਵੱਲੋਂ ਸਰਬਸੰਮਤੀ ਨਾਲ ਬਿੱਲ ਪਾਸ; ਛੋਟੇ ਪਲਾਟ ਮਾਲਕਾਂ ਨੂੰ ਮਿਲੇਗੀ ਰਾਹਤ

ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਵਿਧਾਨ ਸਭਾ ਨੇ ਅੱਜ ਮੌਨਸੂਨ ਸੈਸ਼ਨ ਦੇ ਦੂਜੇ ਦਿਨ ਛੋਟੇ ਪਲਾਟ ਮਾਲਕਾਂ ਨੂੰ ਵੱਡੇ ਝੰਜਟ ਤੋਂ ਛੁਟਕਾਰੇ ਲਈ 'ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਬਿੱਲ-2024' ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਇਸ ਨਾਲ ਹੁਣ ਪੰਜਾਬ ਵਿਚ ਪਲਾਟ ਦੀ ਰਜਿਸਟਰੀ ਲਈ 'ਕੋਈ ਇਤਰਾਜ਼ ਨਹੀਂ' ਸਰਟੀਫਿਕੇਟ (ਐੱਨਓਸੀ) ਦੀ ਸ਼ਰਤ ਖ਼ਤਮ ਹੋ ਗਈ ਹੈ। ਪੰਜਾਬ 'ਚ ਰਜਿਸਟਰੀ ਲਈ ਐੱਨਓਸੀ ਦੀ ਸ਼ਰਤ, ਜਿੱਥੇ ਛੋਟੇ ਪਲਾਟ ਮਾਲਕਾਂ 'ਤੇ ਵੱਡਾ ਬੋਝ ਸੀ, ਉੱਥੇ ਇਹ ਸ਼ਰਤ ਤਹਿਸੀਲਾਂ 'ਚ ਲੋਕਾਂ ਦੀ ਲੁੱਟ ਦਾ ਕਾਰਨ ਵੀ ਬਣ ਰਹੀ ਸੀ।



ਚੰਡੀਗੜ੍ਹ ਵਿੱਚ ਮੌਨਸੂਨ ਇਜਲਾਸ ਦੇ ਦੂਜੇ ਦਿਨ ਪੰਜਾਬ ਵਿਧਾਨ ਸਭਾ 'ਚੋਂ ਬਾਹਰ ਆਉਂਦੇ ਹੋਏ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਹੋਰ ਆਗੂ। -ਫੋਟੋ: ਵਿੱਕੀ ਘਾਰੂ

ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸਦਨ ਵਿਚ 'ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਐਕਟ-2024' ਬਿੱਲ ਪੇਸ਼ ਕੀਤਾ, ਜਿਸ ਨੂੰ ਬਹਿਸ ਮਗਰੋਂ ਸਰਬਸੰਮਤੀ ਨਾਲ ਹਾਊਸ ਨੇ ਪਾਸ ਕਰ ਦਿੱਤਾ। ਅਮਰਿੰਦਰ ਸਰਕਾਰ ਮੌਕੇ 'ਪੰਜਾਬ ਲਾਅਜ਼ (ਅਣਅਧਿਕਾਰਤ ਕਲੋਨੀਆਂ ਨੂੰ ਨਿਯਮਤ ਕਰਨ ਲਈ ਵਿਸ਼ੇਸ਼ ਉਪਬੰਧ) ਐਕਟ 2018 ਲਿਆਂਦਾ ਗਿਆ ਸੀ। ਉਸ ਤੋਂ ਪਹਿਲਾਂ ਸਾਲ 2014 ਅਤੇ ਸਾਲ 2016 ਵਿਚ ਵੀ ਪੰਜਾਬ ਲਾਅਜ਼ (ਵਿਸ਼ੇਸ਼ ਉਪਬੰਧ) ਐਕਟ 2013 ਲਿਆਂਦਾ ਗਿਆ ਸੀ। ਪੰਜਾਬ ਵਿਚ ਕਰੀਬ 14 ਹਜ਼ਾਰ ਗੈਰਕਾਨੂੰਨੀ ਕਲੋਨੀਆਂ ਹਨ, ਜਿਨ੍ਹਾਂ ਵਿਚ ਪਲਾਟ ਖ਼ਰੀਦਣ ਵਾਲੇ ਆਮ ਲੋਕ ਫਸੇ ਹੋਏ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸਦਨ ਵਿਚ ਇਸ ਬਿੱਲ 'ਤੇ ਬਹਿਸ ਨੂੰ ਸਮੇਟਦਿਆਂ ਕਿਹਾ ਕਿ ਨਵੀਂ ਸੋਧ ਮੁਤਾਬਕ 31 ਜੁਲਾਈ, 2024 ਤੱਕ ਅਣ-ਅਧਿਕਾਰਤ ਕਾਲੋਨੀ ਵਿੱਚ ਸਥਿਤ 500 ਵਰਗ ਗਜ਼ ਤੱਕ ਦੇ ਖੇਤਰ ਲਈ, ਇੱਕ ਪਾਵਰ ਆਫ਼ ਅਟਾਰਨੀ, ਸਟੈਂਪ ਪੇਪਰ 'ਤੇ ਵੇਚਣ ਲਈ ਇਕਰਾਰਨਾਮਾ ਜਾਂ ਕੋਈ ਹੋਰ ਅਜਿਹਾ ਦਸਤਾਵੇਜ਼, ਜਿਸ ਨੂੰ ਸਰਕਾਰ ਨੋਟੀਫ਼ਿਕੇਸ਼ਨ ਦੁਆਰਾ ਨਿਰਧਾਰਿਤ ਕਰ ਸਕਦੀ ਹੈ, ਰਾਹੀਂ ਇਕਰਾਰਨਾਮਾ ਕੀਤਾ ਹੈ, ਉਸ ਰਕਬੇ ਲਈ ਐੱਨਓਸੀ ਦੀ ਲੋੜ ਨਹੀਂ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਅਜਿਹੇ ਰਕਬੇ ਨੂੰ ਰਜਿਸਟਰ ਕਰਵਾਉਣ ਸਬੰਧੀ ਇਹ ਛੋਟ ਸਰਕਾਰ ਵੱਲੋਂ ਇਸ ਸਬੰਧੀ ਨੋਟੀਫ਼ਿਕੇਸ਼ਨ ਰਾਹੀਂ ਨੋਟੀਫਾਈ ਕੀਤੀ ਗਈ ਮਿਤੀ ਤੱਕ ਲਾਗੂ ਹੋਵੇਗੀ। ਰਜਿਸਟਰੀ ਲਈ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਜਾਂ ਸਥਾਨਕ ਸਰਕਾਰ ਵਿਭਾਗ ਤੋਂ ਐੱਨਓਸੀ ਪ੍ਰਾਪਤ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਵਿਕਰੀ ਦਸਤਾਵੇਜ਼ ਦੀ ਸੂਚਨਾ ਰਜਿਸਟਰਾਰ ਜਾਂ ਸਬ-ਰਜਿਸਟਰਾਰ ਜਾਂ ਸੰਯੁਕਤ ਸਬ-ਰਜਿਸਟਰਾਰ ਵੱਲੋਂ ਸਬੰਧਤ ਅਥਾਰਿਟੀ ਨੂੰ ਮੁਹੱਈਆ ਕਰਵਾਈ ਜਾਵੇਗੀ।

# ਵਿਦੇਸ਼ਾਂ ਦੇ ਸਖ਼ਤ ਕਾਨੂੰਨਾਂ ਦੇ ਬਾਵਜੂਦ ਵਿਦਿਆਰਥੀਆਂ ਦੇ ਪਰਵਾਸ ਨੂੰ ਨਾ ਲੱਗੀਆਂ ਬਰੇਕਾਂ

## ਅਮਰੀਕਾ, ਆਸਟ੍ਰੇਲੀਆ ਤੇ ਕੈਨੇਡਾ ਜਾਣ ਲਈ ਡੰਕੀ ਰੂਟ ਤੇ ਹੋਰ ਤਰੀਕੇ ਵੀ ਅਪਣਾਉਣ ਲੱਗੇ ਵਿਦਿਆਰਥੀ



### ਵਿਦੇਸ਼ਾਂ 'ਚ ਮਹਿੰਗੀ ਸਿੱਖਿਆ ਪ੍ਰਾਪਤ ਕਰਨ ਲਈ ਮਜਬੂਰ ਕਿਉਂ ਨੇ ਭਾਰਤੀ ਵਿਦਿਆਰਥੀ?

### ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਸਿੱਖਿਆ ਪ੍ਰਣਾਲੀ ਹੈ ਭਾਰਤ ਵਿੱਚ

### ਵਿਸ਼ਵ ਦੀਆਂ ਚੋਟੀ ਦੀਆਂ 200 ਯੂਨੀਵਰਸਿਟੀਆਂ ਵਿੱਚੋਂ ਇੱਕ ਵੀ ਭਾਰਤ 'ਚ ਨਹੀਂ

ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਨੇ ਭਾਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਆਪਣੇ ਕਾਨੂੰਨ ਸਖ਼ਤ ਕਰ ਦਿੱਤੇ ਹਨ ਪਰ ਇਹ ਸਖ਼ਤ ਕਾਨੂੰਨ ਵੀ ਭਾਰਤੀ ਵਿਦਿਆਰਥੀਆਂ ਨੂੰ ਸਿੱਖਿਆ ਬਹਾਨੇ ਪਰਵਾਸ ਕਰਕੇ ਇਹਨਾਂ ਦੇਸ਼ਾਂ ਵਿੱਚ ਜਾਣ ਤੋਂ ਰੋਕਣ ਵਿੱਚ ਨਾਕਾਮ ਹੋ ਰਹੇ ਹਨ। ਇਸ ਤੋਂ ਇਲਾਵਾ ਕੈਨੇਡਾ, ਆਸਟ੍ਰੇਲੀਆ ਅਤੇ ਅਮਰੀਕਾ ਜਾਣ ਲਈ ਹੁਣ ਵਿਦਿਆਰਥੀ ਜਾਇਜ਼ ਤਰੀਕਿਆਂ ਦੇ ਨਾਲ- ਨਾਲ ਡੰਕੀ ਰੂਟ ਅਤੇ ਹੋਰ ਤਰੀਕਿਆਂ ਨੂੰ ਵੀ ਅਪਨਾਉਣ ਲੱਗ ਪਏ ਹਨ। ਪੰਜਾਬ ਸਮੇਤ ਪੂਰੇ ਭਾਰਤ ਵਿਚੋਂ ਹਰ ਸਾਲ ਵੱਡੀ ਗਿਣਤੀ ਵਿਦਿਆਰਥੀ ਦੁਨੀਆਂ ਦੇ ਵੱਖ ਵੱਖ ਮੁਲਕਾਂ 'ਚ ਸਿੱਖਿਆ ਪ੍ਰਾਪਤ ਕਰਨ ਲਈ ਜਾਂਦੇ ਹਨ। ਇਹਨਾਂ ਵਿਦਿਆਰਥੀਆਂ ਵਿੱਚ ਮੈਡੀਕਲ ਵਿਦਿਆਰਥੀ ਵੀ ਵੱਡੀ ਗਿਣਤੀ 'ਚ ਹੁੰਦੇ ਹਨ, ਜੋ ਕਿ ਐਮ. ਬੀ. ਬੀ. ਐਸ. ਤੇ ਹੋਰ ਉਚੇਰੀ ਪੜ੍ਹਾਈ ਲਈ ਵਿਦੇਸ਼ ਜਾਂਦੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇੱਕ ਪਾਸੇ ਤਾਂ ਭਾਰਤ ਵਿੱਚ ਸਿੱਖਿਆ ਸੰਸਥਾਵਾਂ, ਸਰਕਾਰੀ ਤੇ ਨਿੱਜੀ ਯੂਨੀਵਰਸਿਟੀਆਂ, ਮੈਡੀਕਲ ਕਾਲਜਾਂ ਦਾ ਹੜ੍ਹ ਆਇਆ ਹੋਇਆ ਹੈ, ਇਸ ਦੇ ਬਾਵਜੂਦ ਭਾਰਤ ਤੋਂ ਹਰ ਸਾਲ ਹਜ਼ਾਰਾਂ ਵਿਦਿਆਰਥੀ ਦੁਨੀਆਂ ਦੇ 86 ਦੇਸ਼ਾਂ 'ਚ ਜਾ ਰਹੇ ਹਨ ਕੇਂਦਰ ਸਰਕਾਰ ਨੇ ਕੁਝ ਸਮਾਂ ਪਹਿਲਾਂ ਦੱਸਿਆ ਸੀ ਕਿ ਵਿਦੇਸ਼ਾਂ ਵਿੱਚ ਲਗਭਗ 12 ਲੱਖ ਭਾਰਤੀ ਵਿਦਿਆਰਥੀ ਅਧਿਐਨ ਕਰ ਰਹੇ ਹਨ, ਜੋ ਸਿੱਖਿਆ ਨਾਲ ਸਬੰਧਿਤ ਸਾਰੇ ਕੋਰਸਾਂ ਨੂੰ ਕਵਰ ਕਰਦੇ ਹਨ। ਇਹ ਜਾਣਕਾਰੀ ਸਿਹਤ ਅਤੇ ਪਰਿਵਾਰ ਭਲਾਈ ਰਾਜ ਮੰਤਰੀ ਨੇ ਲੋਕ ਸਭਾ ਵਿੱਚ ਸਵਾਲਾਂ ਦੇ ਲਿਖਤੀ ਜਵਾਬ ਵਿੱਚ ਦਿੱਤੀ ਸੀ। ਉਨ੍ਹਾਂ ਦੱਸਿਆ ਸੀ ਕਿ ਵਿਦੇਸ਼ ਮੰਤਰਾਲੇ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 12 ਲੱਖ ਦੇ ਕਰੀਬ ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹ ਰਹੇ ਹਨ, ਜਿਨ੍ਹਾਂ ਵਿੱਚ ਸਿੱਖਿਆ ਨਾਲ ਸਬੰਧਿਤ ਸਾਰੇ ਕੋਰਸ ਸ਼ਾਮਲ ਹਨ।ਸਰਕਾਰੀ ਅੰਕੜਿਆਂ ਅਨੁਸਾਰ ਸਾਲ 2017 'ਚ 4,54,010 ਭਾਰਤੀ ਵਿਦਿਆਰਥੀ ਵੱਖ-ਵੱਖ ਕੋਰਸਾਂ ਦੀ ਪੜ੍ਹਾਈ ਲਈ ਵਿਦੇਸ਼ ਗਏ ਸਨ, ਸਾਲ 2018 'ਚ 5,18,015 ਵਿਦਿਆਰਥੀ, ਸਾਲ 2019 'ਚ 5,86,337 ਵਿਦਿਆਰਥੀ, ਸਾਲ 2020 'ਚ 2,59,655 ਵਿਦਿਆਰਥੀ, 4. ਸਾਲ 2021 ਵਿੱਚ 44,553 ਵਿਦਿਆਰਥੀ ਅਤੇ ਸਾਲ 2022 ਵਿੱਚ 7,50,365 ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਨ ਲਈ ਗਏ ਸਨ।



ਆਸਟ੍ਰੇਲੀਆ ਦੇ ਗ੍ਰਹਿ ਵਿਭਾਗ ਦੇ ਕੌਮਾਂਤਰੀ ਵਿਦਿਆਰਥੀਆਂ ਦੇ 2022-23 (ਅੱਧੇ ਸਾਲ ਤੱਕ ਦੇ) ਅੰਕੜਿਆਂ 'ਤੇ ਜੇਕਰ ਨਜ਼ਰ ਮਾਰੀ ਜਾਵੇ ਤੋਂ 2 ਲੱਖ 83 ਹਜ਼ਾਰ 573 ਵਿਦਿਆਰਥੀ ਵੀਜ਼ੇ ਗਰਾਂਟ ਕੀਤੇ ਗਏ ਜੋ ਕਿ ਸਾਲ 2021-22 ਦੇ ਇਸ ਸਮੇਂ ਤੱਕ ਅੰਕੜਿਆਂ ਤੋਂ 203 ਪ੍ਰਤੀਸ਼ਤ ਜ਼ਿਆਦਾ ਸਨ।

**86 ਦੇਸ਼ਾਂ ਵਿੱਚ ਪੜ੍ਹ ਰਹੇ ਭਾਰਤੀ ਵਿਦਿਆਰਥੀ**

ਸਰਕਾਰੀ ਅੰਕੜਿਆਂ ਅਨੁਸਾਰ ਕੁੱਲ 86 ਦੇਸ਼ ਅਜਿਹੇ ਹਨ ਜਿੱਥੇ ਭਾਰਤੀ ਵਿਦਿਆਰਥੀ ਪੜ੍ਹ ਰਹੇ ਹਨ। ਇਨ੍ਹਾਂ ਵਿਚੋਂ 36 ਦੇਸ਼ ਏਸ਼ੀਆ ਤੋਂ, 32 ਯੂਰਪ ਤੋਂ, 8 ਅਫ਼ਰੀਕਾ ਤੋਂ, 6 ਦੱਖਣੀ ਅਮਰੀਕਾ ਤੋਂ ਅਤੇ 2 ਉੱਤਰੀ ਅਮਰੀਕਾ ਅਤੇ ਆਸਟ੍ਰੇਲੀਆ ਤੋਂ ਹਨ। 50% ਤੋਂ ਵੱਧ ਭਾਰਤੀ ਵਿਦਿਆਰਥੀ ਉੱਤਰੀ ਅਮਰੀਕਾ ਵਿੱਚ ਪੜ੍ਹਦੇ ਹਨ। 90000 ਤੋਂ ਵੱਧ ਭਾਰਤੀ ਵਿਦਿਆਰਥੀ ਏਸ਼ੀਆ ਦੇ ਨਾਲ-ਨਾਲ ਆਸਟ੍ਰੇਲੀਆ ਵਿੱਚ ਪੜ੍ਹਦੇ ਹਨ।

**ਭਾਰਤੀ ਵਿਦਿਆਰਥੀ ਕਿਉਂ ਜਾਂਦੇ ਹਨ ਵਿਦੇਸ਼ ?**

ਕਿਹਾ ਜਾਂਦਾ ਹੈ ਕਿ ਬ੍ਰਿਟੇਨ ਦੀ ਅਰਥਵਿਵਸਥਾ 'ਚ ਭਾਰਤੀ ਵਿਦਿਆਰਥੀਆਂ ਦਾ ਯੋਗਦਾਨ ਚੀਨ ਤੋਂ ਬਾਅਦ ਦੂਜੇ ਨੰਬਰ 'ਤੇ ਹੈ। ਹਰ ਸਾਲ 4.5 ਲੱਖ ਤੋਂ ਵੱਧ ਚੀਨੀ ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ ਜਾ ਰਹੇ ਹਨ। ਚੀਨ ਤੋਂ ਬਾਅਦ ਭਾਰਤ ਦਾ ਸਥਾਨ ਹੈ, ਜਿੱਥੇ ਇਹ ਅੰਕੜਾ ਤਿੰਨ ਲੱਖ ਤੱਕ ਪਹੁੰਚ ਗਿਆ ਹੈ।

ਇੱਕ ਹੋਰ ਵੱਡਾ ਕਾਰਨ ਮਹਿੰਗਾਈ ਹੈ, ਜੋ ਵਿਦਿਆਰਥੀਆਂ ਨੂੰ ਯੂਕਰੇਨ ਵਰਗੇ ਛੋਟੇ ਦੇਸ਼ਾਂ ਵਿੱਚ ਜਾਣ ਲਈ ਮਜਬੂਰ ਕਰਦੀ ਹੈ। ਅਮਰੀਕਾ 'ਚ ਡਾਕਟਰੀ ਦੀ ਪੜ੍ਹਾਈ ਕਰਨ ਲਈ 18 ਤੋਂ 30 ਲੱਖ ਰੁਪਏ ਖਰਚ ਕਰਨੇ ਪੈਂਦੇ ਹਨ। ਬ੍ਰਿਟੇਨ ਦੀ ਕਿਸੇ ਚੰਗੀ ਯੂਨੀਵਰਸਿਟੀ ਤੋਂ ਡਾਕਟਰੀ ਦੀ ਪੜ੍ਹਾਈ ਕਰਨ ਲਈ 20 ਤੋਂ 25 ਲੱਖ ਰੁਪਏ ਲੱਗਦੇ ਹਨ। ਲੈਸਟਰ ਯੂਨੀਵਰਸਿਟੀ ਵਿਦੇਸ਼ੀ ਵਿਦਿਆਰਥੀਆਂ ਤੋਂ 12 ਲੱਖ ਰੁਪਏ ਸਾਲਾਨਾ ਵਸੂਲਦੀ ਹੈ। ਇਸ ਦੇ ਉਲਟ ਭਾਰਤ ਵਿੱਚ ਜੇਕਰ ਇੱਕ ਮੈਡੀਕਲ ਵਿਦਿਆਰਥੀ ਨੂੰ ਸਰਕਾਰੀ ਕਾਲਜ ਵਿੱਚ ਦਾਖਲਾ ਨਹੀਂ ਮਿਲਦਾ ਤਾਂ 1 ਤੋਂ 1.5 ਕਰੋੜ ਵਿੱਚ ਵੀ ਇੱਕ ਪ੍ਰਾਈਵੇਟ ਕਾਲਜ ਵਿੱਚ ਸੀਟ ਮਿਲਣੀ ਮਾਣ ਵਾਲੀ ਗੱਲ ਹੋਵੇਗੀ। ਜਦੋਂ ਕਿ ਯੂਕਰੇਨ, ਚੀਨ, ਰੂਸ, ਜਾਰਜੀਆ ਆਦਿ ਵਿੱਚ ਵੱਧ ਤੋਂ ਵੱਧ 17 ਲੱਖ ਤੋਂ 45 ਲੱਖ ਰੁਪਏ ਤੱਕ ਵਿੱਚ ਐਮ.ਬੀ.ਬੀ.ਐਸ ਦੀ ਡਿਗਰੀ ਹੋ ਜਾਂਦੀ ਹੈ।



**ਅਧਿਐਨ ਦੀ ਗੁਣਵੱਤਾ**

ਇੱਕ ਹੋਰ ਕਾਰਕ ਜੋ ਭਾਰਤੀ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿੱਚ ਪੜ੍ਹਨ ਲਈ ਉਤਸ਼ਾਹਿਤ ਕਰ ਰਿਹਾ ਹੈ ਉਹ ਹੈ ਸਿੱਖਿਆ ਦੀ ਗੁਣਵੱਤਾ। ਯੂਨੈਸਕੋ ਦੀ ਸਾਇੰਸ ਰਿਪੋਰਟ ਅਨੁਸਾਰ ਭਾਰਤ ਵਿੱਚ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਦੀ ਸਿੱਖਿਆ ਦੀ ਗੁਣਵੱਤਾ ਬਹੁਤ ਚਿੰਤਾ ਦਾ ਵਿਸ਼ਾ ਹੈ। ਇਸ ਰਿਪੋਰਟ ਦੇ ਅਨੁਸਾਰ, 2019 ਵਿੱਚ ਸਿਰਫ਼ 47 ਪ੍ਰਤੀਸ਼ਤ ਵਿਦਿਆਰਥੀ ਰੁਜ਼ਗਾਰ ਯੋਗ ਸਨ। ਯਾਨੀ ਅੱਧੇ ਤੋਂ ਵੱਧ ਵਿਦਿਆਰਥੀ ਅਜਿਹੇ ਸਨ ਜਿਨ੍ਹਾਂ ਨੂੰ ਪੜ੍ਹਾਈ ਕਰਨ ਦੇ ਬਾਵਜੂਦ ਨੌਕਰੀ ਕਰਨ ਦਾ ਗਿਆਨ ਨਹੀਂ ਹੈ।

**ਚੰਗੇ ਵਿਸ਼ਿਆਂ ਦਾ ਅਧਿਐਨ**

ਇਸ ਨਾਲ ਜੁੜਿਆ ਇੱਕ ਮੁੱਦਾ ਚੰਗੇ ਵਿਸ਼ਿਆਂ ਦਾ ਅਧਿਐਨ ਵੀ ਹੈ। ਭਾਰਤੀ ਸਿੱਖਿਆ ਪ੍ਰਣਾਲੀ ਅਜੇ ਵੀ ਰਵਾਇਤੀ ਵਿਸ਼ਿਆਂ ਦੁਆਲੇ ਕੇਂਦਰਿਤ ਹੈ। ਕੇਂਦਰ ਸਰਕਾਰ ਮੁਤਾਬਕ ਭਾਰਤ ਵਿੱਚ 1000 ਤੋਂ ਵੱਧ ਯੂਨੀਵਰਸਿਟੀਆਂ ਹਨ ਪਰ ਇਨ੍ਹਾਂ ਵਿੱਚ ਪੜ੍ਹਾਏ ਜਾਣ ਵਾਲੇ ਵਿਸ਼ੇ ਸਿਰਫ਼ ਆਮ ਹਨ। ਜਿਸ ਤਰ੍ਹਾਂ ਨੌਕਰੀਆਂ ਲਈ ਹੁਨਰ ਦੀਆਂ ਲੋੜਾਂ ਬਦਲੀਆਂ ਹਨ, ਭਾਰਤ ਵਿੱਚ ਸਿੱਖਿਆ ਵਿੱਚ ਉਸੇ ਤਰ੍ਹਾਂ ਬਦਲਾਓ ਨਹੀਂ ਆਇਆ ਹੈ। ਭਾਰਤ ਦੀਆਂ ਯੂਨੀਵਰਸਿਟੀਆਂ ਵਿੱਚੋਂ, 522 ਜਨਰਲ ਹਨ, 177 ਤਕਨੀਕੀ ਹਨ, 63 ਖੇਤੀਬਾੜੀ ਯੂਨੀਵਰਸਿਟੀਆਂ ਹਨ, 66 ਮੈਡੀਕਲ ਯੂਨੀਵਰਸਿਟੀਆਂ ਹਨ, 23 ਲਾਅ ਸਕੂਲ ਹਨ, ਜਦੋਂ ਕਿ 12 ਸੰਸਕ੍ਰਿਤ ਯੂਨੀਵਰਸਿਟੀਆਂ ਹਨ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਵਿਦੇਸ਼ਾਂ 'ਚ ਪੜ੍ਹਾਈ ਕਰਨ ਜਾਣਾ ਭਾਰਤੀ ਵਿਦਿਆਰਥੀਆਂ ਦਾ ਸ਼ੌਕ ਨਹੀਂ ਸਗੋਂ ਇੱਕ ਮਜਬੂਰੀ ਬਣ ਰਿਹਾ ਹੈ। ਭਾਰਤ ਵਿੱਚ ਹਰ ਤਰਾਂ ਦੀ ਸਿੱਖਿਆ ਏਨੀ ਜਿਆਦਾ ਮਹਿੰਗੀ ਹੈ ਕਿ ਇਹ ਹੁਣ ਆਮ ਵਰਗ ਦੇ ਵਿਦਿਆਰਥੀਆਂ ਤੋਂ ਦੂਰ ਹੁੰਦੀ ਜਾ ਰਹੀ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਭਾਰਤ ਵਿੱਚ ਹੀ ਸਿੱਖਿਆ ਹਰ ਵਰਗ ਦੇ ਲੋਕਾਂ ਲਈ ਸਸਤੇ ਰੂਪ ਵਿੱਚ ਮੁਹੱਈਆ ਕਰਵਾਏ ਤਾਂ ਕਿ ਭਾਰਤ ਦੇ ਵਿਦਿਆਰਥੀਆਂ ਨੂੰ ਸਿੱਖਿਆ ਲਈ ਪਰਦੇਸੀ ਨਾ ਹੋਣਾ ਪਵੇ।

# ਕੈਨੇਡਾ ਦਾ ਵੀਜ਼ਾ ਲੈ ਕੇ ਵੱਡੀ ਗਿਣਤੀ ਭਾਰਤੀ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਹੋ ਰਹੇ ਨੇ ਦਾਖ਼ਲ

ਵਾਸ਼ਿੰਗਟਨ/ਏ.ਟੀ.ਨਿਊਜ਼: ਕੈਨੇਡਾ ਤੋਂ ਵੱਡੀ ਗਿਣਤੀ ਵਿੱਚ ਭਾਰਤੀ ਬਿਨਾਂ ਦਸਤਾਵੇਜ਼ਾਂ ਦੇ ਅਮਰੀਕਾ ਜਾ ਰਹੇ ਹਨ। ਇਹ ਗਿਣਤੀ ਆਪਣੇ ਉੱਚੇ ਪੱਧਰ 'ਤੇ ਪਹੁੰਚ ਗਈ ਹੈ। ਲੋਕਾਂ ਦੇ ਲਗਾਤਾਰ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਕਾਰਨ ਕੈਨੇਡਾ ਦੀ ਵੀਜ਼ਾ ਜਾਂਚ ਪ੍ਰਕਿਰਿਆ ਹੁਣ ਸਵਾਲਾਂ ਦੇ ਘੇਰੇ 'ਚ ਆ ਗਈ ਹੈ। ਇਸ ਤੋਂ ਇਲਾਵਾ ਅਜਿਹੀਆਂ ਖਬਰਾਂ ਵੀ ਹਨ ਕਿ ਕੈਨੇਡਾ ਜਾਣ ਵਾਲੇ ਯਾਤਰੀ ਅਜਿਹੇ ਸਫਰ ਕਰਦੇ ਹਨ ਕਿ ਉਨ੍ਹਾਂ ਨੂੰ ਯੂ.ਕੇ. ਵਿੱਚ ਰੁਕਣਾ ਪਵੇ। ਇਸ ਤੋਂ ਬਾਅਦ ਉਨ੍ਹਾਂ ਵੱਲੋਂ ਬ੍ਰਿਟੇਨ 'ਚ ਸ਼ਰਣ ਮੰਗਣ ਦੇ ਮਾਮਲੇ ਵੀ ਵਧਦੇ ਜਾ ਰਹੇ ਹਨ। ਯੂ.ਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ) ਦੇ ਤਾਜ਼ਾ ਅੰਕੜਿਆਂ ਅਨੁਸਾਰ, ਇਸ ਸਾਲ ਜੂਨ ਵਿੱਚ, 5,152 ਭਾਰਤੀ ਬਿਨਾਂ ਦਸਤਾਵੇਜ਼ਾਂ ਦੇ ਕੈਨੇਡਾ ਤੋਂ ਪੈਦਲ ਅਮਰੀਕਾ ਵਿੱਚ ਦਾਖਲ ਹੋਏ।

ਦਿ ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਅਨੁਸਾਰ, ਦਸੰਬਰ 2023 ਤੋਂ ਹਰ ਮਹੀਨੇ ਕੈਨੇਡਾ ਤੋਂ ਅਮਰੀਕਾ ਵਿੱਚ ਦਾਖਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ ਮੈਕਸੀਕੋ ਸਰਹੱਦ ਤੋਂ ਦਾਖਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ ਤੋਂ ਵੱਧ ਹੋ ਗਈ ਹੈ। ਕੈਨੇਡਾ ਅਤੇ ਅਮਰੀਕਾ ਵਿਚਕਾਰ 9000 ਕਿਲੋਮੀਟਰ ਦੀ ਸਰਹੱਦ ਹੈ। ਇਹ ਦੁਨੀਆਂ ਦੀ ਸਭ ਤੋਂ ਲੰਬੀ ਖੁੱਲ੍ਹੀ ਸਰਹੱਦ ਹੈ, ਜੋ ਮੈਕਸੀਕੋ-ਅਮਰੀਕਾ ਸਰਹੱਦ ਦੀ ਲੰਬਾਈ ਤੋਂ ਦੁੱਗਣੀ ਹੈ। ਯੂ.ਐਸ ਦੇ ਸੀ.ਬੀ.ਪੀ ਦੇ ਅੰਕੜਿਆਂ ਅਨੁਸਾਰ ਇਸ ਸਾਲ ਜਨਵਰੀ ਤੋਂ ਜੂਨ ਦਰਮਿਆਨ ਹਰ ਮਹੀਨੇ ਅਮਰੀਕੀ ਸਰਹੱਦ 'ਤੇ ਫੜੇ ਗਏ ਭਾਰਤੀਆਂ ਦੀ ਔਸਤ ਗਿਣਤੀ 2548 ਤੋਂ 2024 ਵਿੱਚ 47 ਪ੍ਰਤੀਸ਼ਤ ਵਧ ਕੇ 3733 ਹੋ ਗਈ ਹੈ। 2021 ਵਿੱਚ ਇਹ ਸਿਰਫ 282 ਸੀ, ਜਿਸ ਵਿੱਚ 13 ਗੁਣਾ ਵਾਧਾ ਹੋਇਆ ਹੈ।




**ਅਮਰੀਕਾ ਵਿੱਚ ਭਾਰਤੀਆਂ ਦੀ ਵੱਡੀ ਗਿਣਤੀ**

ਅਮਰੀਕਾ ਵਿੱਚ ਵੱਡੀ ਗਿਣਤੀ ਵਿੱਚ ਭਾਰਤੀ ਰਹਿ ਰਹੇ ਹਨ ਜੋ ਕਾਨੂੰਨੀ ਤੌਰ 'ਤੇ ਉਥੇ ਵਸ ਗਏ ਹਨ। ਇਨ੍ਹਾਂ ਭਾਰਤੀਆਂ ਦਾ ਅਮਰੀਕਾ ਵਿੱਚ ਆਰਥਿਕ ਦਬਦਬਾ ਹੈ। ਬੋਸਟਨ ਕੰਸਲਟਿੰਗ ਗਰੁੱਪ ਦੇ ਇੱਕ ਤਾਜ਼ਾ ਅਧਿਐਨ ਵਿੱਚ ਅੰਦਾਜ਼ਾ ਲਗਾਇਆ ਗਿਆ ਹੈ ਕਿ ਭਾਰਤੀ ਅਮਰੀਕੀ ਕੁੱਲ ਅਮਰੀਕਾ ਦੀ ਆਬਾਦੀ ਦਾ 1.5 ਪ੍ਰਤੀਸ਼ਤ ਹਨ। ਪਰ ਉਹ ਸਾਰੇ ਇਨਕਮ ਟੈਕਸ ਦਾ 5-6 ਫੀਸਦੀ ਅਦਾ ਕਰਦਾ ਹੈ। ਇਸ ਦੌਰਾਨ, ਸ਼ਰਣ ਮੰਗਣ ਲਈ ਬ੍ਰਿਟੇਨ ਦੀਆਂ ਬੰਦਰਗਾਹਾਂ 'ਤੇ ਪਹੁੰਚਣ ਵਾਲੇ ਭਾਰਤੀਆਂ ਦੀ ਗਿਣਤੀ ਵੀ ਲਗਾਤਾਰ ਵਧ ਰਹੀ ਹੈ। 2021 ਵਿੱਚ ਇਹ ਗਿਣਤੀ 495 ਸੀ ਜੋ 2022 ਵਿੱਚ 136 ਫੀਸਦੀ ਵਧ ਕੇ 1170 ਹੋ ਗਈ। ਇਹ ਗਿਣਤੀ 2023 ਵਿੱਚ 1391 ਤੱਕ ਪਹੁੰਚ ਗਈ। ਇਸ ਸਾਲ ਦੀ ਗੱਲ ਕਰੀਏ ਤਾਂ ਜੂਨ ਤੱਕ 475 ਸ਼ਰਣ ਮੰਗਣ ਵਾਲੇ ਯੂਕੇ ਦੀਆਂ ਬੰਦਰਗਾਹਾਂ 'ਤੇ ਪਹੁੰਚੇ।

**ਕੈਨੇਡਾ ਨੇ ਕਹੀ ਇਹ ਗੱਲ**

ਅਮਰੀਕਾ ਅਤੇ ਯੂ.ਕੇ ਦੋਵਾਂ ਨੇ ਕੈਨੇਡਾ ਨੂੰ ਆਪਣੀਆਂ ਚਿੰਤਾਵਾਂ ਤੋਂ ਜਾਣੂ ਕਰਾਇਆ ਹੈ। ਰਿਪੋਰਟ ਮੁਤਾਬਕ ਅਮਰੀਕਾ ਨੇ ਵੀਜ਼ਾ ਜਾਂਚ ਪ੍ਰਕਿਰਿਆ ਨੂੰ ਹੋਰ ਸਖ਼ਤ ਕਰਨ ਦੀ ਮੰਗ ਕੀਤੀ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ) ਦੇ ਬੁਲਾਰੇ ਨੇ ਕਿਹਾ, 'ਆਈ.ਆਰ.ਸੀ.ਸੀ ਇਸ ਸਮੇਂ ਅਮਰੀਕਾ ਜਾਂ ਯੂ.ਕੇ ਨਾਲ ਕਿਸੇ ਵੀ ਗੱਲਬਾਤ 'ਤੇ ਟਿੱਪਣੀ ਨਹੀਂ ਕਰ ਸਕਦੀ। ਕੈਨੇਡਾ ਇਨ੍ਹਾਂ ਗਤੀਵਿਧੀਆਂ ਪਿੱਛੇ ਨੈੱਟਵਰਕ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ।' ਯੂ.ਕੇ ਦੇ ਗ੍ਰਹਿ ਦਫ਼ਤਰ ਨੇ ਕਿਹਾ ਕਿ ਉਹ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਇਸ ਸਹੂਲਤ ਦੀ ਦੁਰਵਰਤੋਂ ਨਾ ਹੋਵੇ।

# ਯੂਕਰੇਨ ਨਾਲ ਜੰਗ ਵਿੱਚ 66,000 ਤੋਂ ਵੱਧ ਰੂਸੀ ਫ਼ੌਜੀਆਂ ਦੀ ਹੋਈ ਮੌਤ

## ਰੂਸੀ ਮੀਡੀਆ ਨੇ ਕੀਤਾ ਵੱਡਾ ਖ਼ੁਲਾਸਾ, ਪਿਛਲੇ ਚਾਰ ਹ਼ਫਤਿਆਂ ਵਿੱਚ ਹੀ 4600 ਫ਼ੌਜੀਆਂ ਦੀ ਹੋਈ ਮੌਤ



ਯੂਰਪੀਅਨ ਦੇਸ਼ਾਂ ਤੇ ਅਮਰੀਕਾ ਦੀ ਮਦਦ ਕਾਰਨ ਯੂਕਰੇਨ ਰੂਸ ਉੱਪਰ ਭਾਰੂ ਪੈਂਦਾ ਦਿਖਾਈ ਦੇ ਰਿਹਾ ਹੈ। ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਵਿੱਚ ਪੁਤਿਨ ਦੀ ਫ਼ੌਜ ਨੂੰ ਵੱਡਾ ਝਟਕਾ ਲੱਗਾ ਹੈ। ਇਹ ਜੰਗ ਪਿਛਲੇ ਦੋ ਸਾਲਾਂ ਤੋਂ ਚੱਲ ਰਹੀ ਹੈ। ਇਸ ਦੌਰਾਨ ਖ਼ਬਰ ਆਈ ਹੈ ਕਿ ਇਸ ਜੰਗ ਵਿੱਚ 66,000 ਤੋਂ ਵੱਧ ਰੂਸੀ ਸੈਨਿਕ ਮਾਰੇ ਗਏ ਹਨ। ਸੁਤੰਤਰ ਰੂਸੀ ਮੀਡੀਆ ਆਉਟਲੈਟ ਮੀਡੀਆ ਜ਼ੋਨਾਂ ਦਾ ਅੰਦਾਜ਼ਾ ਹੈ ਕਿ ਯੂਕਰੇਨ ਵਿੱਚ ਜੰਗ ਦੌਰਾਨ 66,000 ਤੋਂ ਵੱਧ ਰੂਸੀ ਫ਼ੌਜੀ ਮਾਰੇ ਗਏ ਹਨ। ਮੀਡੀਆ ਜ਼ੋਨਾਂ ਓਪਨ ਸੋਰਸ ਡੇਟਾ ਦੀ ਵਰਤੋਂ ਨਾਲ ਬੀ.ਬੀ.ਸੀ. ਰੂਸੀ ਸੇਵਾ ਦੇ ਨਾਲ ਮਿਲਕੇ ਜਾਣੇ-ਪਛਾਣੇ ਫ਼ੌਜੀਆਂ ਦੀ ਮੌਤਾਂ ਬਾਰੇ ਸੂਚੀ ਤਿਆਰ ਕਰ ਰਿਹਾ ਹੈ। ਇਸ ਤੋਂ ਪਹਿਲਾਂ ਅਪ੍ਰੈਲ ਵਿੱਚ ਉਸਨੇ ਐਲਾਨ ਕੀਤਾ ਸੀ ਕਿ ਉਸਨੂੰ ਮਾਰੇ ਗਏ 50,000 ਤੋਂ ਵੱਧ ਰੂਸੀਆਂ ਦੇ ਨਾਮ ਮਿਲੇ ਹਨ।

ਮੀਡੀਆ ਜ਼ੋਨਾਂ ਅਨੁਸਾਰ 30 ਅਗਸਤ ਤੱਕ, ਉਹ ਯੁੱਧ ਵਿੱਚ ਮਾਰੇ ਗਏ 66,471 ਰੂਸੀ ਸੈਨਿਕਾਂ ਦੇ ਨਾਮ ਜਾਣਦੇ ਹਨ। ਪਿਛਲੇ ਚਾਰ ਹ਼ਫਤਿਆਂ ਵਿੱਚ ਇਸ ਸੂਚੀ ਵਿੱਚ 4600 ਤੋਂ ਵੱਧ ਨਵੇਂ ਨਾਂ ਸ਼ਾਮਲ ਹੋਏ ਹਨ। ਰਿਪੋਰਟ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਇਹ ਕੋਈ ਪੱਕਾ ਅੰਕੜਾ ਨਹੀਂ ਹੈ, ਕਿਉਂਕਿ ਬਹੁਤ ਸਾਰੇ ਸੈਨਿਕਾਂ ਦੀਆਂ ਮੌਤਾਂ ਨੂੰ ਜਨਤਕ ਨਹੀਂ ਕੀਤਾ ਗਿਆ ਹੈ। ਮੀਡੀਆ ਜ਼ੋਨਾਂ ਦੀ ਪੱਤਰਕਾਰ ਅਨਾਸਤਾਸੀਆ ਅਲੈਕਸੀਏਵਾ ਨੇ ਕਿਹਾ ਕਿ ਅੰਕੜਿਆਂ ਵਿੱਚ ਵਧੇ ਹੋਏ ਨਵੇਂ ਨਾਂ ਰੂਸ ਦੇ ਕੁਰਸਕ ਖੇਤਰ ਵਿੱਚ ਯੂਕਰੇਨ ਦੇ ਹਮਲਿਆਂ ਨਾਲ ਜੁੜੇ ਹੋਏ ਨਹੀਂ ਹਨ ਕਿਉਂਕਿ ਖੋਜਕਾਰ ਅਜੇ ਵੀ ਪੁਰਾਣੀਆਂ ਮੌਤਾਂ 'ਤੇ ਕੰਮ ਕਰ ਰਹੇ ਹਨ।

**ਯੂਕਰੇਨ ਨੇ 150 ਡਰੋਨਾਂ ਨੂੰ ਡੇਗਣ ਦਾ ਦਾਅਵਾ ਕੀਤਾ ਹੈ**

ਰੂਸ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਉਸ ਦੇ ਹਵਾਈ ਰੱਖਿਆ ਪ੍ਰਣਾਲੀਆਂ ਨੇ ਬੀਤੇ ਐਤਵਾਰ ਰਾਤੋਂ ਰਾਤ 158 ਯੂਕਰੇਨੀ ਡਰੋਨਾਂ ਨੂੰ ਡੇਗ ਦਿੱਤਾ ਸੀ, ਜਿਸ ਵਿੱਚ ਮਾਸਕੋ ਸ਼ਹਿਰ ਵਿੱਚ ਦੋ ਅਤੇ ਮਾਸਕੋ ਦੇ ਆਲ਼ੇ ਦੁਆਲ਼ੇ ਖੇਤਰ ਵਿੱਚ ਨੌਂ ਸ਼ਾਮਲ ਹਨ।

ਸੋਮਵਾਰ ਦੀ ਰਾਤ ਦੌਰਾਨ ਯੂਕਰੇਨ ਵੱਲੋਂ ਕੀਤੇ ਗਏ ਡਰੋਨ ਹਮਲੇ ਨੂੰ ਯੂਕਰੇਨ ਵੱਲੋਂ ਹੁਣ ਤੱਕ ਦਾ ਸਭ ਤੋਂ ਵੱਡਾ ਡਰੋਨ ਹਮਲਾ ਦੱਸਿਆ ਜਾ ਰਿਹਾ ਹੈ। ਕੁਰਸਕ ਖੇਤਰ ਵਿੱਚ ਚਾਲੀ-ਛਿਆਲੀ ਡਰੋਨ ਨਸ਼ਟ ਕਰ ਦਿੱਤੇ ਗਏ ਸਨ, ਜਿੱਥੇ ਯੂਕਰੇਨ ਨੇ ਹਾਲ ਹੀ ਦੇ ਹ਼ਫਤਿਆਂ ਵਿੱਚ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਰੂਸੀ ਧਰਤੀ ਉੱਤੇ ਸਭ ਤੋਂ ਵੱਡੇ ਹਮਲੇ ਵਿੱਚ ਸੈਨਿਕ ਭੇਜੇ ਹਨ। ਬ੍ਰਾਇੰਸਕ ਖੇਤਰ ਵਿੱਚ 34 ਹੋਰ ਡਰੋਨ ਨਸ਼ਟ ਕੀਤੇ ਗਏ ਸਨ, ਵੋਰੋਨੇਜ਼ ਖੇਤਰ ਵਿੱਚ 28 ਹੋਰ ਡਰੋਨ ਤਬਾਹ ਕੀਤੇ ਗਏ ਅਤੇ ਯੂਕਰੇਨ ਦੀ ਸਰਹੱਦ ਨਾਲ ਲੱਗਦੇ ਬੇਲਗੋਰੋਡ ਖੇਤਰ ਵਿੱਚ 14 ਡਰੋਨ ਨਸ਼ਟ ਕੀਤੇ ਗਏ ਸਨ।

**ਰੂਸ ਉੱਤੇ ਹਵਾਈ ਹਮਲੇ ਤੇਜ਼ ਹੋ ਗਏ**

ਰੂਸ ਦੇ ਅੰਦਰੂਨੀ ਹਿੱਸੇ ਵਿੱਚ ਡਰੋਨ ਵੀ ਨਸ਼ਟ ਕੀਤੇ ਗਏ, ਜਿਨ੍ਹਾਂ ਵਿੱਚ ਇੱਕ ਇੱਕ ਡਰੋਨ ਉੱਤਰ-ਪੱਛਮੀ ਮਾਸਕੋ ਦੇ ਤਵੇਰ ਖੇਤਰ ਅਤੇ ਉੱਤਰ-ਪੂਰਬੀ ਮਾਸਕੋ ਦੇ ਇਵਾਨੋਵੋ ਖੇਤਰ ਵਿੱਚ ਇੱਕ-ਇੱਕ ਡਰੋਨ ਨਸ਼ਟ ਕੀਤੇ ਗਏ। ਯੂਕਰੇਨ ਵੱਲੋਂ ਕੀਤੇ ਗਏ ਇਨ੍ਹਾਂ ਡਰੋਨ ਹਮਲਿਆਂ ਕਾਰਨ ਇਹ ਲੜਾਈ ਹੁਣ ਰੂਸ ਦੀ ਰਾਜਧਾਨੀ ਤੱਕ ਪਹੁੰਚ ਗਈ ਹੈ। ਇਸ ਸਾਲ ਦੀ ਸ਼ੁਰੂਆਤ ਤੋਂ, ਯੂਕਰੇਨ ਨੇ ਰੂਸੀ ਜ਼ਮੀਨ 'ਤੇ ਹਵਾਈ ਹਮਲੇ ਤੇਜ਼ ਕਰ ਦਿੱਤੇ ਹਨ ਅਤੇ ਇਸ ਦੀਆਂ ਰਿਫਾਇਨਰੀਆਂ ਅਤੇ ਤੇਲ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ ਹੈ। ਯੂਕਰੇਨੀ ਹਵਾਈ ਸੈਨਾ ਦੇ ਅਨੁਸਾਰ, ਰੂਸ ਦੁਆਰਾ ਯੂਕਰੇਨ ਵਿੱਚ ਲਾਂਚ ਕੀਤੇ ਗਏ 11 ਵਿੱਚੋਂ ਅੱਠ ਡਰੋਨ ਨਸ਼ਟ ਹੋ ਗਏ। ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਦੇਸ਼ ਦੇ ਉੱਤਰ-ਪੂਰਬੀ ਖਾਰਕੀਵ ਖੇਤਰ 'ਚ ਹੋਏ ਬੰਬ ਧਮਾਕੇ ਵਿੱਚ ਪੰਜ ਲੋਕ ਜ਼ਖਮੀ ਹੋ ਗਏ ਸਨ।

ਇਹ ਜੰਗ ਰੁਕਣ ਦਾ ਨਾਮ ਨਹੀਂ ਲੈ ਰਹੀ। ਭਾਵੇਂ ਭਾਰਤ ਵੱਲੋਂ ਸ਼ਾਂਤੀ ਦੇ ਯਤਨ ਹੋ ਰਹੇ ਹਨ ਪਰ ਅਮਰੀਕਾ ਦੀ ਪਾਲਿਸੀ ਰੂਸ ਨੂੰ ਜੰਗ ਵਿੱਚ ਉਲਝਾਉਣ ਦੀ ਹੈ। ਯੂਰਪ ਯੂਕਰੇਨ ਦੀ ਪੂਰੀ ਫੌਜੀ ਸਹਾਇਤਾ ਕਰ ਰਿਹਾ ਹੈ। ਉੱਤਰੀ ਕੋਰੀਆ ਤੋਂ ਇਲਾਵਾ ਰੂਸ ਨੂੰ ਆਪਣੇ ਅਸਲੇ ਅਤੇ ਹਥਿਆਰਾਂ ਦੇ ਜ਼ਖ਼ੀਰੇ ਬਰਕਰਾਰ ਰੱਖਣ ਲਈ ਬੇਲਾਰੂਸ, ਚੀਨ ਅਤੇ ਇਰਾਨ ਤੋਂ ਵੀ ਮਦਦ ਮਿਲ ਰਹੀ ਹੈ। ਯੂਕਰੇਨ ਅਤੇ ਇਸ ਦੇ ਯੂਰੋਪੀਅਨ ਹਮਾਇਤੀਆਂ ਨੂੰ ਫ਼ੌਜੀ ਸਾਜ਼-ਸਾਮਾਨ ਦੀ ਪੂਰਤੀ ਦੇ ਮੁੱਦਿਆਂ ਕਰ ਕੇ ਜੰਗ ਛੇਤੀ ਖਤਮ ਹੋਣ ਦੀ ਉਮੀਦ ਨਹੀਂ ਕਰਨੀ ਚਾਹੀਦੀ। ਯੂਕਰੇਨ ਜੰਗ ਕਰ ਕੇ ਆਲਮੀ ਸੁਰੱਖਿਆ ਦੇ ਹਾਲਾਤ ਖਰਾਬ ਹੋ ਜਾਣ ਨਾਲ ਅਮਰੀਕੀ ਹਥਿਆਰਾਂ ਦੀ ਵਿਕਰੀ ਵਿਚ ਭਾਰੀ ਵਾਧਾ ਹੋਇਆ ਹੈ। ਪਿਛਲੇ ਸਾਲ ਅਮਰੀਕੀ ਰੱਖਿਆ ਕੰਪਨੀਆਂ ਨੇ ਏਸ਼ੀਆ, ਯੂਰੋਪ ਅਤੇ ਅਫ਼ਰੀਕਾ ਵਿੱਚ ਆਪਣੇ ਗਾਹਕਾਂ ਨੂੰ ਹਥਿਆਰ ਅਤੇ ਰੱਖਿਆ ਪਲੇਟਫਾਰਮ ਵੇਚ ਕੇ ਭਾਰੀ ਮੁਨਾਫ਼ੇ ਕਮਾਏ ਹਨ। ਤਾਜ਼ਾਤਰੀਨ ਅੰਕੜਿਆਂ ਮੁਤਾਬਕ 2022 ਵਿੱਚ ਹਥਿਆਰਾਂ ਦੀ ਵਿਕਰੀ ਵਿੱਚ 51.9 ਅਰਬ ਡਾਲਰ ਦਾ ਇਜ਼ਾਫ਼ਾ ਹੋਇਆ ਹੈ। ਜ਼ਿਆਦਾਤਰ ਹਥਿਆਰ ਰੂਸ-ਯੂਕਰੇਨ ਜੰਗ ਕਰ ਕੇ ਵਿਕੇ ਹਨ ਜਿਸ ਵਿੱਚ ਅਮਰੀਕਾ ਵੱਲੋਂ ਯੂਕਰੇਨ ਦੀ ਮਦਦ ਕੀਤੀ ਜਾ ਰਹੀ ਹੈ। ਯੂਕਰੇਨ ਜੰਗ ਕਰ ਕੇ ਜਰਮਨੀ, ਪੋਲੈਂਡ ਅਤੇ ਸਪੇਨ ਜਿਹੇ ਯੂਰੋਪੀਅਨ ਦੇਸ਼ਾਂ ਅੰਦਰ ਅਸੁਰੱਖਿਆ ਦਾ ਮਾਹੌਲ ਹੈ ਜਿਸ ਕਰ ਕੇ ਇਨ੍ਹਾਂ ਨੇ ਆਪੋ-ਆਪਣੀ ਸੁਰੱਖਿਆ ਦੀ ਮਜ਼ਬੂਤੀ ਲਈ ਰੂਸ ਤੋਂ ਡਰਦਿਆਂ ਹਥਿਆਰ ਖ਼ਰੀਦਣੇ ਸ਼ੁਰੂ ਕੀਤੇ ਹਨ। ਇਨ੍ਹਾਂ ਨੂੰ ਡਰ ਹੈ ਕਿ ਜੇ ਯੂਕਰੇਨ ਜੰਗ ਲੰਮਾ ਸਮਾਂ ਚਲਦੀ ਰਹੀ ਤਾਂ ਇਸ ਦਾ ਅਸਰ ਉਨ੍ਹਾਂ ਦੀਆਂ ਸਰਹੱਦਾਂ 'ਤੇ ਵੀ ਹੋ ਸਕਦਾ ਹੈ।

**ਰੂਸ ਦੀ ਅਮਰੀਕਾ ਨੂੰ ਚਿਤਾਵਨੀ**

ਯੂਕਰੇਨ-ਰੂਸ ਜੰਗ ਦੇ ਵਿਚਕਾਰ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਅਮਰੀਕਾ ਨੂੰ ਸਖ਼ਤ ਚਿਤਾਵਨੀ ਦਿੱਤੀ ਹੈ ਕਿ ਜੇਕਰ ਪੱਛਮੀ ਦੇਸ਼ਾਂ ਨੇ ਯੂਕਰੇਨ ਨੂੰ ਰੂਸ ਦੇ ਅੰਦਰ ਹਮਲਾ ਕਰਨ ਲਈ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਤਾਂ ਮੁਸੀਬਤਾਂ ਦਾ ਪਹਾੜ ਟੁੱਟ ਸਕਦਾ ਹੈ ਅਤੇ ਦੁਨੀਆਂ ਤੀਜੀ ਜੰਗ ਵੱਲ ਵਧ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਲੰਬੇ ਸਮੇਂ ਤੋਂ ਇਹ ਅਟਕਲਾਂ ਸੁਣ ਰਹੇ ਹਾਂ ਕਿ ਅਮਰੀਕਾ ਨੇ ਨਾ ਸਿਰਫ਼ ਸਟੌਰਮ ਸ਼ੈਡੋ, ਸਗੋਂ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਦੀ ਵਰਤੋਂ ਦੀ ਇਜਾਜ਼ਤ ਦਿੱਤੀ ਹੈ।

# ਅਕਾਲ ਤਖ਼ਤ ਸਾਹਿਬ ਵੱਲੋਂ ਵਰਤੇ ਗਏ ਗੁਨਾਹਗਾਰ ਵਰਗੇ ਘਾਤਕ ਸ਼ਬਦ ਸੁਖਬੀਰ ਲਈ ਮੁਸੀਬਤ ਪੈਦਾ ਕਰਨਗੇ

## ਸੁਖਬੀਰ ਬਾਦਲ ਮਾਮਲਾ ਜਲਦ ਨਿਪਟਾਉਣ ਦੇ ਹੱਕ ਵਿੱਚ ਤਾਂ ਜੋ ਅਗਲੀ ਰਣਨੀਤੀ ਘੜੀ ਜਾ ਸਕੇ





ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨਾਂ ਵੱਲੋਂ ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ 2007 ਤੋਂ 2017 ਤੱਕ ਹੋਈਆਂ ਗ਼ਲਤੀਆਂ ਲਈ 'ਤਨਖਾਹੀਆ' ਕਰਾਰ ਦੇਣ ਕਾਰਨ ਸੁਖਬੀਰ ਸਿੰਘ ਬਾਦਲ ਦੇ ਦੋਸ਼ਾਂ ਦਾ ਪੱਧਰ ਅਕਾਲ ਤਖ਼ਤ ਸਾਹਿਬ ਦੇ ਫੈਸਲੇ ਕਾਰਨ ਕਿਤੇ ਵੱਧ ਗਿਆ ਹੈ।

ਯਾਦ ਰਹੇ ਕਿ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਬੋਲਦਿਆਂ ਕਿਹਾ ਸੀ ਕਿ ਪੰਜ ਸਿੰਘ ਸਾਹਿਬਾਨਾਂ ਦੀ ਸਰਬਸੰਮਤੀ ਨਾਲ ਫ਼ੈਸਲਾ ਹੋਇਆ ਸੀ ਕਿ ਸੁਖਬੀਰ ਬਾਦਲ ਨੇ ਪੰਜਾਬ ਦੇ ਡਿਪਟੀ ਮੁੱਖ ਮੰਤਰੀ ਹੁੰਦਿਆਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹੁੰਦਿਆ ਹੋਇਆਂ ਕੁਝ ਅਜਿਹੇ ਫ਼ੈਸਲੇ ਲਏ ਜਿਸ ਨਾਲ ਪੰਥਕ ਸਰੂਪ ਦੇ ਅਕਸ ਤੇ ਅਕਾਲੀ ਦਲ ਨੂੰ ਭਾਰੀ ਢਾਹ ਲੱਗੀ ਹੈ। ਇਸ ਨਾਲ ਸਿੱਖ ਹਿੱਤਾਂ ਦਾ ਭਾਰੀ ਨੁਕਸਾਨ ਹੋਇਆ ਇਸ ਲਈ 2007 ਤੋਂ 2017 ਤੱਕ ਸਰਕਾਰ ਵਿੱਚ ਮੌਜੂਦ ਰਹੇ ਸੁਖਬੀਰ ਸਿੰਘ ਬਾਦਲ ਦੇ ਭਾਈਵਾਲ ਸਿੱਖ ਕੈਬਨਿਟ ਮੰਤਰੀ ਇਸ ਸਬੰਧੀ ਆਪਣਾ ਸਪੱਸ਼ਟੀਕਰਨ 15 ਦਿਨਾਂ ਦੇ ਅੰਦਰ-ਅੰਦਰ ਨਿੱਜੀ ਰੂਪ ਵਿੱਚ ਪੇਸ਼ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦੇਣ।

ਉਨ੍ਹਾਂ ਨੇ ਕਿਹਾ ਸੀ ਕਿ ਸੁਖਬੀਰ ਸਿੰਘ ਬਾਦਲ ਜਿੰਨਾ ਚਿਰ ਇੱਕ ਨਿਮਾਣੇ ਸਿੱਖ ਦੀ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਸੰਗਤ ਅਤੇ ਪੰਜ ਸਿੰਘ ਸਾਹਿਬਾਨਾਂ ਦੀ ਹਾਜ਼ਰੀ ਵਿੱਚ ਆਪਣੇ ਕੀਤੇ ਹੋਏ ਗੁਨਾਹਾਂ ਦੀ ਮੁਆਫ਼ੀ ਨਹੀਂ ਮੰਗਦਾ, ਓਨਾ ਚਿਰ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਤਨਖਾਹੀਆ ਘੋਸ਼ਿਤ ਕੀਤਾ ਜਾਂਦਾ ਹੈ।

ਸੋ ਪੰਜ ਸਿੰਘ ਸਾਹਿਬਾਨਾਂ ਵੱਲੋਂ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸੂਬਾਈ ਕੈਬਨਿਟ 'ਤੇ ਸਮੂਹਿਕ ਜ਼ਿੰਮੇਵਾਰੀ ਪਾਉਣ ਦਾ ਐਲਾਨ ਨਾ ਸਿਰਫ਼ ਸਿੰਘ ਸਾਹਿਬਾਨਾਂ ਲਈ ਸਗੋਂ ਸਮੁੱਚੀ ਅਕਾਲੀ ਦਲ ਲੀਡਰਸ਼ਿਪ ਲਈ ਵੀ ਸਥਿਤੀ ਨੂੰ ਤਣਾਅਪੂਰਨ ਬਣਾ ਸਕਦਾ ਹੈ, ਜਦੋਂ ਕਿ ਪਹਿਲਾਂ ਹੀ ਗੁਰਤੇਜ ਸਿੰਘ ਆਈ.ਏ.ਐਸ. ਦੀ ਅਗਵਾਈ ਵਿੱਚ ਕੁੱਝ ਸਿੱਖ ਜਥੇਬੰਦੀਆਂ ਤੇ ਬੁਧੀਜੀਵੀਆਂ ਵੱਲੋਂ ਅਕਾਲ ਤਖ਼ਤ ਸਾਹਿਬ ਨੂੰ ਇਸ ਬਾਰੇ ਬੇਨਤੀ ਪੱਤਰ ਦਿੱਤਾ ਜਾ ਚੁੱਕਾ ਹੈ ਕਿ ਦਸੰਬਰ 2011 ਵਿੱਚ ਅਕਾਲ ਤਖ਼ਤ ਸਾਹਿਬ ਤੋਂ ਗਿਆਨੀ ਗੁਰਬਚਨ ਸਿੰਘ ਤੇ ਹੋਰਨਾਂ ਵੱਲੋਂ ਪ੍ਰਕਾਸ਼ ਸਿੰਘ ਬਾਦਲ ਨੂੰ ਦਿਤੇ ਪੰਥ ਰਤਨ ਫ਼ਖ਼ਰ-ਏ-ਕੌਮ ਦਾ ਸਨਮਾਨ ਵਾਪਸ ਲਿਆ ਜਾਵੇ।

ਇਸ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ ਨੂੰ ਸੌਂਪੇ ਆਪਣੇ ਦੋਸ਼ਾਂ ਦੇ ਜਵਾਬ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਦੋਸ਼ਾਂ ਦਾ ਵੇਰਵਾ ਨਾ ਦੇਕੇ ਧਾਰਮਿਕ ਸਜ਼ਾ ਲਗਾਉਣ ਦੀ ਬੇਨਤੀ ਕੀਤੀ ਸੀ ਤਾਂ ਜੋ ਮਸਲਾ ਲਟਕੇ ਨਾ। ਇਹ ਗਲਤੀਆਂ ਲੁਕਾਈਆਂ ਗਈਆਂ ਸਨ,ਜਿਹਨਾਂ ਨੂੰ ਹੁਣ ਸਿੰਘ ਸਾਹਿਬਾਨ ਨੇ ਸਿੱਖ ਪੰਥ ਵਿਰੋਧੀ ਗੰਭੀਰ ਅਪਰਾਧ ਦਸਿਆ ਹੈ।

ਅਕਾਲ ਤਖ਼ਤ ਸਾਹਿਬ ਵੱਲੋਂ ਬਿਆਨ ਵਿੱਚ ਵਰਤੇ ਗਏ ਸ਼ਬਦ ਸੁਖਬੀਰ ਲਈ ਹੋਰ ਸਿਆਸੀ ਮੁਸੀਬਤ ਪੈਦਾ ਕਰ ਸਕਦੇ ਹਨ ਅਤੇ ਇਸ ਕਾਰਨ ਸੰਗਤਾਂ ਦਾ ਸਿੰਘ ਸਾਹਿਬਾਨਾਂ 'ਤੇ ਹੋਰ ਦਬਾਅ ਵਧ ਸਕਦਾ ਹੈ, ਜਿਸ ਦੀ ਮੰਗ ਕਈ ਸਿੱਖ ਜਥੇਬੰਦੀਆਂ, ਕਾਰਕੁਨਾਂ ਅਤੇ ਸੁਖਬੀਰ ਬਾਦਲ ਵਿਰੋਧੀ ਬੁਧੀਜੀਵੀ ਆਲੋਚਕਾਂ ਵੱਲੋਂ ਪਹਿਲਾਂ ਹੀ ਕੀਤੀ ਜਾ ਰਹੀ ਹੈ। ਪੰਜਾਂ ਸਿੰਘ ਸਾਹਿਬਾਨਾਂ ਨੇ ਆਪਣੇ ਫੈਸਲਿਆਂ ਵਿੱਚ ਸੁਖਬੀਰ ਨੂੰ 'ਗੁਨਾਹਗਾਰ' ਕਿਹਾ ਹੈ ਅਤੇ ਅਕਾਲੀ ਦਲ ਨੂੰ ਕਮਜ਼ੋਰ ਕਰਨ ਦਾ ਦੋਸ਼ ਸੁਖਬੀਰ ਸਿੰਘ ਬਾਦਲ 'ਤੇ ਮੜ੍ਹਿਆ ਹੈ। ਅਕਾਲ ਤਖ਼ਤ ਸਾਹਿਬ ਤੋਂ ਇਹ ਐਲਾਨ ਸੁਖਬੀਰ ਸਿੰਘ ਬਾਦਲ ਦੇ ਆਲੋਚਕਾਂ ਨੂੰ ਵੱਡਾ ਮੌਕਾ ਦੇਵੇਗਾ ਅਤੇ ਪੰਥਕ ਰਾਜਨੀਤੀ ਵਿੱਚ ਵੱਡੀ ਉਥਲ ਪੁਥਲ ਪੈਦਾ ਕਰੇਗਾ।

ਦਰਅਸਲ 1 ਜੁਲਾਈ ਨੂੰ ਬਾਗ਼ੀ ਧੜੇ ਵਿੱਚ ਸ਼ਾਮਲ ਸੀਨੀਅਰ ਆਗੂ ਬੀਬੀ ਜਗੀਰ ਕੌਰ, ਪਰਮਿੰਦਰ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਪ੍ਰੇਮ ਸਿੰਘ ਚੰਦੂਮਾਜਰਾ, ਸਰਵਣ ਸਿੰਘ ਫਿਲੌਰ, ਸੁੱਚਾ ਸਿੰਘ ਛੋਟੇਪੁਰ, ਭਾਈ ਮਨਜੀਤ ਸਿੰਘ ਤੇ ਹੋਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਏ ਸਨ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਮਿਲ ਕੇ ਲਿਖਤੀ ਤੌਰ 'ਤੇ ਮੰਨਿਆ ਸੀ ਕਿ ਉਹ 2007 ਤੋਂ 2017 ਤੱਕ ਪੰਜਾਬ 'ਤੇ ਰਾਜ ਕਰਨ ਵੇਲੇ ਅਕਾਲੀ ਦਲ ਦੇ ਧਾਰਮਿਕ ਅਪਰਾਧਾਂ ਵਿੱਚ ਸ਼ਾਮਲ ਸਨ। ਉਨ੍ਹਾਂ ਨੇ ਆਪਣੇ ਕੰਮਾਂ ਲਈ ਪਛਤਾਵਾ ਪ੍ਰਗਟ ਕੀਤਾ ਅਤੇ ਧਾਰਮਿਕ ਮਾਫੀ ਦੀ ਮੰਗ ਕੀਤੀ। ਉਨ੍ਹਾਂ ਨੇ ਇਹ ਵੀ ਇਲਜ਼ਾਮ ਲਗਾਏ ਸਨ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਥਕ ਭਾਵਨਾਵਾਂ ਦੀ ਤਰਜਮਾਨੀ ਨਹੀਂ ਕੀਤੀ।

**ਅਕਾਲ ਤਖ਼ਤ ਦੇ ਫੈਸਲੇ ਵਿੱਚ ਬਾਦਲ ਸੀਨੀਅਰ ਵੀ ਸ਼ਾਮਲ**

ਅਕਾਲ ਤਖ਼ਤ ਵਿਖੇ ਪੰਜ ਸਿੱਖ ਸਾਹਿਬਾਨਾਂ ਨੇ ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਉਪ ਮੁੱਖ ਮੰਤਰੀ ਅਤੇ ਪਾਰਟੀ ਪ੍ਰਧਾਨ ਮਰਹੂਮ ਪ੍ਰਕਾਸ਼ ਸਿੰਘ ਦੇ ਹੁੰਦਿਆਂ 2007 ਤੋਂ 2017 ਤੱਕ ਕੁਝ ਫ਼ੈਸਲਿਆਂ ਅਤੇ 'ਗੁਨਾਹਾਂ' ਲਈ 'ਤਨਖਾਹੀਆ' ਕਰਾਰ ਦਿੱਤਾ ਹੈ। ਅਕਾਲ ਤਖਤ ਸਾਹਿਬ ਦੇ ਫੈਸਲੇ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ 'ਤੇ ਇਲਜ਼ਾਮ ਲਗਾਉਂਦੇ ਹਨ, ਕਿਉਂਕਿ ਸਿੰਘ ਸਾਹਿਬਾਨ ਨੇ 2007 ਤੋਂ 2017 ਤੱਕ ਦੇ ਸਿੱਖ ਕੈਬਨਿਟ ਮੰਤਰੀਆਂ ਨੂੰ ਨਿੱਜੀ ਤੌਰ 'ਤੇ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣ ਲਈ ਕਿਹਾ ਸੀ। ਜਿਸ ਸਮੇਂ ਦੌਰਾਨ ਵੱਡੀਆਂ ਗਲਤੀਆਂ ਲਈ ਸੁਖਬੀਰ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ, ਇੱਥੋਂ ਤੱਕ ਕਿ ਮੰਤਰੀ ਮੰਡਲ ਨੂੰ ਵੀ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਗਿਆ ਹੈ।

**(ਬਾਕੀ ਸਫ਼ਾ 30 'ਤੇ)**

ਅਮਰੀਕੀ ਚੋਣਾਂ

# ਇੱਕ ਤਾਜ਼ਾ ਸਰਵੇ ਵਿੱਚ ਕਮਲਾ ਨੇ ਟਰੰਪ ਨੂੰ 4% ਵੋਟਾਂ ਨਾਲ ਪਛਾੜਿਆ

## ਔਰਤਾਂ ਤੇ ਹਿਸਪੈਨਿਕਸ ਵੋਟਰਾਂ ਵਿੱਚ ਉੱਪ ਰਾਸ਼ਟਰਪਤੀ ਪ੍ਰਤੀ ਸਮਰਥਨ ਵਧਿਆ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਇੱਕ ਤਾਜ਼ਾ ਸਰਵੇ ਵਿੱਚ ਰਾਸ਼ਟਰਪਤੀ ਅਹੁਦੇ ਲਈ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਨੇ ਰਿਪਬਲੀਕਨ ਉਮੀਦਵਾਰ ਡੋਨਲਡ ਟਰੰਪ ਨੂੰ 4% ਵੋਟਾਂ ਨਾਲ ਪਛਾੜ ਦਿੱਤਾ ਹੈ। ਰਾਈਟਰ-ਇਪਸੋਸ ਵੱਲੋਂ ਪਿਛਲੇ 8 ਦਿਨਾਂ ਦੌਰਾਨ ਕੀਤੇ ਸਰਵੇ, ਜੋ 29 ਅਗਸਤ ਨੂੰ ਪ੍ਰਕਾਸ਼ਿਤ ਹੋਇਆ, ਅਨੁਸਾਰ ਹੈਰਿਸ ਨੂੰ 45% ਲੋਕਾਂ ਦਾ ਸਮਰਥਨ ਮਿਲਿਆ ਹੈ ਜਦ ਕਿ ਡੋਨਲਡ ਟਰੰਪ ਨੂੰ 41% ਲੋਕਾਂ ਨੇ ਸਮਰਥਨ ਦਿੱਤਾ ਹੈ।



ਸਰਵੇ ਅਨੁਸਾਰ ਹੈਰਿਸ ਵੋਟਰਾਂ ਵਿੱਚ ਨਵਾਂ ਜੋਸ਼ ਭਰਨ ਵਿਚ ਸਫਲ ਹੋਈ ਹੈ ਤੇ ਉਹ ਰਾਸ਼ਟਰਪਤੀ ਦੀ ਦੌੜ ਵਿੱਚ ਟਰੰਪ ਨਾਲੋਂ ਅੱਗੇ ਚੱਲ ਰਹੀ ਹੈ। ਪਿਛਲੇ ਮਹੀਨੇ

ਜੁਲਾਈ ਦੇ ਆਖਰ ਵਿੱਚ ਰਜਿਸਟਰਡ ਵੋਟਰਾਂ 'ਤੇ ਕੀਤੇ ਸਰਵੇ ਵਿੱਚ ਸਾਬਕਾ ਰਾਸ਼ਟਰਪਤੀ ਦੀ ਤੁਲਨਾ ਵਿੱਚ ਉੱਪ ਰਾਸ਼ਟਰਪਤੀ ਕੇਵਲ 1% ਵੋਟਾਂ ਨਾਲ ਅੱਗੇ ਸੀ। ਤਾਜ਼ਾ ਸਰਵੇ ਜੋ 28 ਅਗਸਤ ਨੂੰ ਮੁਕੰਮਲ ਹੋਇਆ ਹੈ, ਵਿੱਚ 2% ਅੰਕਾਂ ਦੀ ਗਲਤੀ ਦੀ ਸੰਭਾਵਨਾ ਰੱਖੀ ਗਈ ਹੈ। ਸਰਵੇ ਅਨੁਸਾਰ 49% ਔਰਤਾਂ ਤੇ ਹਿਸਪੈਨਿਕਸ ਵੋਟਰਾਂ ਨੇ ਹੈਰਿਸ ਨੂੰ ਸਮਰਥਨ ਦਿੱਤਾ ਹੈ ਜਦ ਕਿ 36% ਟਰੰਪ ਦੇ ਹੱਕ ਵਿੱਚ ਹਨ। ਜੁਲਾਈ ਦੇ ਸਰਵੇ ਵਿੱਚ ਔਰਤਾਂ ਵੋਟਰਾਂ ਵਿੱਚ ਹੈਰਿਸ 9% ਵੋਟਾਂ ਨਾਲ ਅੱਗੇ ਸੀ ਜਦ ਕਿ ਹਿਸਪੈਨਿਕਸ ਵੋਟਰਾਂ ਵਿੱਚ ਟਰੰਪ ਨਾਲੋਂ 6% ਵੋਟਾਂ ਨਾਲ ਅੱਗੇ ਸੀ। ਜੁਲਾਈ ਵਿੱਚ ਟਰੰਪ ਗੋਰੇ ਵੋਟਰਾਂ ਤੇ ਮਰਦ ਵੋਟਰਾਂ ਵਿੱਚ ਇਸ ਅੰਤਰ ਨਾਲ ਹੀ ਅੱਗੇ ਸੀ। ਤਾਜ਼ਾ ਸਰਵੇ ਵਿੱਚ ਬਿਨਾਂ ਕਾਲਜ ਡਿਗਰੀ ਵੋਟਰਾਂ ਵਿੱਚ ਟਰੰਪ ਦੀ ਬੜਤ 14% ਤੋਂ ਘੱਟ ਕੇ 7% ਰਹਿ ਗਈ ਹੈ। ਇੱਕ ਲਿਬਰਲ ਗਰੁੱਪ 39×39 ਦ ਪਿਊਪਲ 39×39 ਦੇ ਸੰਸਥਾਪਕ ਏਮੀ ਐਲੀਸਨ ਦਾ ਕਹਿਣਾ ਹੈ ਕਿ ਇਸ ਸਰਵੇ ਵਿੱਚ ਲੋਕ ਅਤੀਤ ਦੀ ਬਜਾਏ ਆਪਣੇ ਭਵਿੱਖ ਨੂੰ ਲੈ ਕੇ ਜ਼ਿਆਦਾ ਫਿਕਰਮੰਦ ਹਨ। ਉਹ ਕਮਲਾ ਹੈਰਿਸ ਵਿੱਚ ਆਪਣਾ ਭਵਿੱਖ ਵੇਖ ਰਹੇ ਹਨ ਜਦ ਕਿ ਰਿਪਬਲੀਕਨ ਇਨਾਂ ਚੋਣਾਂ ਵਿੱਚ ਕੇਵਲ ਟਰੰਪ ਤੱਕ ਸੀਮਿਤ ਹਨ। ਸਰਵੇ ਤਹਿਤ ਰਾਸ਼ਟਰ ਪੱਧਰ 'ਤੇ 3562 ਰਜਿਸਟਰਡ ਵੋਟਰਾਂ ਸਮੇਤ 4253 ਵੋਟਰਾਂ ਨੇ ਸਪੱਸ਼ਟ ਰੂਪ ਵਿੱਚ ਆਪਣੀ ਚੋਣ ਦੱਸੀ।

# ਟਰੰਪ ਦੀ 'ਡਾਂਸ' ਵੀਡੀਓ ਵਾਇਰਲ

## ਅਮਰੀਕਾ ਸਮੇਤ ਦੁਨੀਆਂ ਭਰ 'ਚ ਚਰਚਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਡਾਂਸ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਹ ਵੀਡੀਓ ਇਸ ਸਮੇਂ ਸੋਸ਼ਲ ਮੀਡੀਆ 'ਤੇ ਧੂਮ ਮਚਾ ਰਿਹਾ ਹੈ। ਇਸ ਵੀਡੀਓ ਨੇ ਅਮਰੀਕਾ ਹੀ ਨਹੀਂ ਸਗੋਂ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਅਮਰੀਕਾ ਵਿੱਚ ਰਾਸ਼ਟਰਪਤੀ ਦੀ ਚੋਣ ਨਵੰਬਰ ਵਿੱਚ ਹੋਣ ਜਾ ਰਹੀ ਹੈ। ਇਸ ਚੋਣ ਵਿੱਚ ਟਰੰਪ ਮੈਦਾਨ ਵਿੱਚ ਹਨ ਅਤੇ ਉਨ੍ਹਾਂ ਦੇ ਮੁਕਾਬਲੇ ਕਮਲਾ ਹੈਰਿਸ ਹਨ। ਅਜਿਹੇ 'ਚ ਟਰੰਪ ਦਾ ਡਾਂਸ ਵੀਡੀਓ ਲੋਕਾਂ ਨੂੰ ਕਾਫੀ ਆਕਰਸ਼ਿਤ ਕਰ ਰਿਹਾ ਹੈ।




ਵਾਸ਼ਿੰਗਟਨ ਡੀ.ਸੀ. ਵਿੱਚ ਆਯੋਜਿਤ ਇੱਕ ਜਨਤਕ ਸਮਾਗਮ ਵਿੱਚ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਡਾਂਸ ਮੂਵਜ਼ ਨੇ ਸੋਸ਼ਲ ਮੀਡੀਆ 'ਤੇ ਹਲਚਲ ਮਚਾ ਦਿੱਤੀ ਹੈ। ਟਰੰਪ (78) ਨੇ ਵਾਸ਼ਿੰਗਟਨ, ਡੀ.ਸੀ. ਵਿੱਚ ਸਾਲਾਨਾ ਮੋਮਜ਼ ਫਾਰ ਲਿਬਰਟੀ ਸਮਾਗਮ ਵਿੱਚ ਗਰੁੱਪ ਦੇ ਸਹਿ-ਸੰਸਥਾਪਕ ਨਾਲ ਸਟੇਜ 'ਤੇ ਡਾਂਸ ਕੀਤਾ। ਫਿਰ ਟਰੰਪ ਦੇ ਇੱਕ ਸਮਰਥਕ ਨੇ ਵੀਡੀਓ ਦੇ ਨਾਲ ਪੋਸਟ ਕੀਤਾ ਅਤੇ ਲਿਖਿਆ ਕਿ ਟਰੰਪ ਨੇ ਆਪਣੇ ਪ੍ਰਭਾਵਸ਼ਾਲੀ ਡਾਂਸ ਮੂਵ ਨਾਲ ਮੌਮਸ ਫਾਰ ਲਿਬਰਟੀ ਪ੍ਰੋਗਰਾਮ ਨੂੰ ਬੰਦ ਕਰ ਦਿੱਤਾ! ਮਾਵਾਂ ਡੋਨਾਲਡ ਟਰੰਪ ਨੂੰ ਬਹੁਤ ਪਿਆਰ ਕਰਦੀਆਂ ਹਨ! ਕਮਲਾ ਹੈਰਿਸ ਯਕੀਨੀ ਤੌਰ 'ਤੇ ਨਹੀਂ ਚਾਹੁੰਦੀ ਕਿ ਤੁਸੀਂ ਇਸ ਨੂੰ ਸਾਂਝਾ ਕਰੋ! ਹੁਣ ਇਸ ਵੀਡੀਓ 'ਤੇ ਯੂਜ਼ਰਸ ਨੂੰ ਮਿਲੀ-ਜੁਲੀ ਪ੍ਰਤੀਕਿਰਿਆ ਮਿਲ ਰਹੀ ਹੈ। ਕੁਝ ਲੋਕਾਂ ਨੇ ਇਸ ਉਮਰ 'ਚ ਟਰੰਪ ਦੇ ਡਾਂਸ ਦੀ ਤਾਰੀਫ ਵੀ ਕੀਤੀ ਤਾਂ ਕੁਝ ਹੋਰਾਂ ਨੇ ਇਸ ਨੂੰ ਮਜ਼ਾਕੀਆ ਵੀ ਦੱਸਿਆ।

# ਟਰੰਪ ਨੇ ਆਪਣੀ ਕਿਤਾਬ 'ਚ ਜ਼ੁਕਰਬਰਗ ਨੂੰ ਜੇਲ੍ਹ ਭੇਜਣ ਦੀ ਦਿੱਤੀ ਧਮਕੀ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਇੱਕ ਨਵੀਂ ਕਿਤਾਬ 'ਚ ਹੇਲਸਿੰਕੀ 'ਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ 2018 ਦੇ ਸਿਖਰ ਸੰਮੇਲਨ ਦਾ ਬਚਾਅ ਕਰਦਿਆਂ ਇਸਨੂੰ 'ਬਹੁਤ ਵਧੀਆ ਮੀਟਿੰਗ' ਦੱਸਿਆ। ਇਸ ਦੌਰਾਨ ਟਰੰਪ ਨੇ 3 ਸਤੰਬਰ ਨੂੰ ਪ੍ਰਕਾਸ਼ਿਤ ਹੋਣ ਵਾਲੀ ਆਪਣੀ ਕਿਤਾਬ 'ਸੇਵ ਅਮਰੀਕਾ' 'ਚ ਟਰੰਪ ਨੇ ਫੇਸਬੁੱਕ ਦੇ ਸੰਸਥਾਪਕ ਮਾਰਕ ਜ਼ੁਕਰਬਰਗ ਨੂੰ ਧਮਕੀ ਦਿੱਤੀ ਕਿ ਜੇਕਰ ਉਨ੍ਹਾਂ ਨੇ 2020 'ਚ ਸਥਾਨਕ ਚੋਣ ਦਫ਼ਤਰਾਂ ਨੂੰ 40 ਕਰੋੜ ਅਮਰੀਕੀ ਡਾਲਰ ਦਾਨ ਦੇਣ ਦਾ ਕੋਈ ਪ੍ਰਬੰਧ ਨਾ ਕੀਤਾ ਤਾਂ ਉਹ ਉਸ ਨੂੰ ਜੇਲ ਭੇਜ ਦੇਣਗੇ।



ਇਸ ਦੌਰਾਨ ਕਿਤਾਬ 'ਚ ਟਰੰਪ ਨੇ ਪੁਤਿਨ ਨਾਲ ਮੁਲਾਕਾਤ ਦਾ ਬਚਾਅ ਕੀਤਾ। ਟ੍ਰੰਪ ਅਤੇ ਪੁਤਿਨ ਦਰਮਿਆਨ ਇਸ ਮੁਲਾਕਾਤ ਦੀ ਕਾਫੀ ਆਲੋਚਨਾ ਕੀਤੀ ਗਈ ਸੀ। ਕਿਤਾਬ 'ਚ ਟ੍ਰੰਪ ਨੇ ਸੰਮੇਲਨ ਤੋਂ ਬਾਅਦ ਹੋਈ ਪ੍ਰੈੱਸ ਕਾਨਫਰੰਸ ਦੀ ਫੋਟੋ ਹੇਠਾਂ ਲਿਖਿਆ, "ਇਹ ਬਹੁਤ ਹੀ ਗੁੰਝਲਦਾਰ ਦਿਨ ਸੀ।...ਰੂਸ ਦੇ ਰਾਸ਼ਟਰਪਤੀ ਪੁਤਿਨ ਨਾਲ ਮੇਰੀ ਬਹੁਤ ਵਧੀਆ ਮੁਲਾਕਾਤ ਹੋਈ, ਜਿਸ ਦੀ ਹਰ ਕਿਸੇ ਨੇ ਸ਼ਲਾਘਾ ਕੀਤੀ। ਇਸ ਤੋਂ ਬਾਅਦ 'ਫੇਕ ਨਿਊਜ਼ ਆਰਗੇਨਾਈਜ਼ੇਸ਼ਨਜ਼' ਨੇ 'ਫਰਜ਼ੀ ਖ਼ਬਰਾਂ' ਫੈਲਾਉਣੀਆਂ ਸ਼ੁਰੂ ਕਰ ਦਿੱਤੀਆਂ।" ਟਰੰਪ ਨੇ ਆਪਣੀ ਪੁਸਤਕ 'ਚ 13 ਜੁਲਾਈ ਨੂੰ ਪੈਨਸਿਲਵੇਨੀਆ 'ਚ ਉਹਨਾਂ 'ਤੇ ਹੋਏ ਹਮਲੇ ਦੀ ਘਟਨਾ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਨੇ ਖੂਨ ਨਾਲ ਭਰੇ ਆਪਣੇ ਚਿਹਰੇ ਦੀ ਤਸਵੀਰ ਦੇ ਹੇਠਾਂ ਲਿਖਿਆ, ਹਰ ਪਾਸੇ ਖ਼ੂਨ ਵਹਿ ਰਿਹਾ ਸੀ, ਫਿਰ ਵੀ ਮੈਨੂੰ ਬਹੁਤ ਸੁਰੱਖਿਅਤ ਮਹਿਸੂਸ ਹੋਇਆ ਕਿਉਂਕਿ ਮੇਰਾ ਰੱਬ ਮੇਰੇ ਨਾਲ ਸੀ।"

# ਸੁਨੀਤਾ ਵਿਲੀਅਮਜ਼ ਦੇ ਸਟਾਰਲਾਈਨਰ 'ਚੋਂ ਆ ਰਹੀਆਂ 'ਅਜੀਬ ਆਵਾਜ਼ਾਂ', ਨਾਸਾ ਵੀ ਪਰੇਸ਼ਾਨ

ਵਾਸ਼ਿੰਗਟਨ/ਏ.ਟੀ.ਨਿਊਜ਼: ਬੋਇੰਗ ਦਾ ਸਟਾਰਲਾਈਨਰ ਕੈਪਸੂਲ ਤਕਨੀਕੀ ਖਰਾਬੀ ਕਾਰਨ ਜੂਨ ਤੋਂ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਚ ਫਸਿਆ ਹੋਇਆ ਹੈ। ਹੁਣ ਸਟਾਰਲਾਈਨਰ ਨੂੰ ਲੈ ਕੇ ਇੱਕ ਨਵੀਂ ਜਾਣਕਾਰੀ ਸਾਹਮਣੇ ਆ ਰਹੀ ਹੈ, ਜਿਸ ਨਾਲ ਕਿਤੇ ਨਾ ਕਿਤੇ ਚਿੰਤਾ ਵਧ ਸਕਦੀ ਹੈ। ਦਰਅਸਲ ਸਟਾਰਲਾਈਨਰ ਅਜੀਬ ਆਵਾਜ਼ਾਂ ਕੱਢ ਰਿਹਾ ਹੈ। ਨਾਸਾ ਦੇ ਪੁਲਾੜ ਯਾਤਰੀ ਅਤੇ ਸੁਨੀਤਾ ਵਿਲੀਅਮਸ ਦੇ ਸਾਥੀ ਬੁਚ ਵਿਲਮੋਰ ਨੇ ਇਹ ਅਜੀਬ ਆਵਾਜ਼ਾਂ ਸੁਣੀਆਂ। ਇਹ ਆਵਾਜ਼ਾਂ ਪੁਲਾੜ ਯਾਨ ਦੇ ਅੰਦਰਲੇ ਸਪੀਕਰ ਤੋਂ ਆ ਰਹੀਆਂ ਸਨ। ਭਾਰਤੀ ਮੂਲ ਦੀ ਸੁਨੀਤਾ ਅਤੇ ਵਿਲਮੋਰ ਲੰਬੇ ਕੈਪਸੂਲ ਵਿੱਚ ਫਸੇ ਹੋਏ ਹਨ।



ਫਸਟਪੋਸਟ ਦੀ ਰਿਪੋਰਟ ਮੁਤਾਬਕ ਵਿਲਮੋਰ ਨੇ ਹਿਊਸਟਨ 'ਚ ਮਿਸ਼ਨ ਕੰਟਰੋਲ ਨੂੰ ਕਿਹਾ, 'ਮੇਰੇ ਕੋਲ ਸਟਾਰਲਾਈਨਰ ਬਾਰੇ ਸਵਾਲ ਹੈ। ਇੱਥੇ ਸਪੀਕਰ ਤੋਂ ਅਜੀਬ ਜਿਹੀ ਆਵਾਜ਼ ਆ ਰਹੀ ਹੈ। ਮੈਨੂੰ ਸਮਝ ਨਹੀਂ ਆ ਰਹੀ ਕਿ ਇਹ ਆਵਾਜ਼ ਕਿਉਂ ਆ ਰਹੀ ਹੈ। ਗੱਲਬਾਤ ਤੋਂ ਬਾਅਦ, ਵਿਲਮੋਰ ਨੇ ਇਸ ਆਵਾਜ਼ ਨੂੰ ਸੁਣਨ ਲਈ ਮਿਸ਼ਨ ਕੰਟਰੋਲ ਨੂੰ ਤਿਆਰ ਕੀਤਾ। ਮਿਸ਼ਨ ਕੰਟਰੋਲ ਨੇ ਵੀ ਇਹ ਆਵਾਜ਼ ਦੁਬਾਰਾ ਸੁਣੀ ਜੋ ਕਿ ਇੱਕ ਤਰ੍ਹਾਂ ਦੀ ਵਾਈਬ੍ਰੇਟਰੀ ਆਵਾਜ਼ ਸੀ। ਇਸ ਆਵਾਜ਼ ਦੇ ਪਿੱਛੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ।

# ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਨੂੰ ਧਰਤੀ 'ਤੇ ਪਰਤਣ ਲਈ ਲੱਗਣਗੇ ਹੋਰ ਛੇ ਮਹੀਨੇ

ਵਾਸ਼ਿੰਗਟਨ/ਏ.ਟੀ.ਨਿਊਜ਼: ਸੁਨੀਤਾ ਵਿਲੀਅਮਜ਼ ਪੁਲਾੜ 'ਚ ਛੇ ਮਹੀਨੇ ਹੋਰ ਰਹੇਗੀ ਤੇ ਉਹ ਫਰਵਰੀ 'ਚ ਧਰਤੀ 'ਤੇ ਪਰਤੇਗੀ। ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਨੂੰ ਧਰਤੀ 'ਤੇ ਪਰਤਣ ਲਈ ਅਜੇ ਛੇ ਮਹੀਨੇ ਹੋਰ ਲੱਗਣਗੇ। ਇਸ ਸਬੰਧ 'ਚ ਨਾਸਾ ਨੇ ਇਕ ਅਹਿਮ ਐਲਾਨ ਕੀਤਾ। ਨਾਸਾ ਨੇ ਘੋਸ਼ਣਾ ਕੀਤੀ ਕਿ ਸੁਨੀਤਾ ਵਿਲੀਅਮਜ਼ ਅਤੇ ਇੱਕ ਹੋਰ ਪੁਲਾੜ ਯਾਤਰੀ ਬੈਰੀ ਵਿਲਮੋਰ ਨੂੰ ਫਰਵਰੀ ਵਿੱਚ ਵਾਪਸ ਲਿਆਂਦਾ ਜਾਵੇਗਾ ਅਤੇ ਉਦੋਂ ਤੱਕ ਉਹ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ



'ਤੇ ਸਵਾਰ ਰਹਿਣਗੇ। ਨਾਸਾ ਨੇ ਤੈਅ ਕੀਤਾ ਹੈ ਕਿ ਬੋਇੰਗ ਸਟਾਰਲਾਈਨਰ ਪੁਲਾੜ ਯਾਨ ਜਿਸ 'ਤੇ ਉਨ੍ਹਾਂ ਨੇ ਯਾਤਰਾ ਕੀਤੀ ਸੀ, ਤਕਨੀਕੀ ਸਮੱਸਿਆਵਾਂ ਦੇ ਕਾਰਨ ਅਸੁਰੱਖਿਅਤ ਹੈ। ਇਸ ਪਿਛੋਕੜ ਵਿੱਚ, ਇਸ ਨੂੰ ਪੁਲਾੜ ਯਾਤਰੀਆਂ ਤੋਂ ਬਿਨਾਂ ਆਟੋਪਾਇਲਟ 'ਤੇ ਧਰਤੀ 'ਤੇ ਵਾਪਸ ਲਿਆਉਣ ਦਾ ਫੈਸਲਾ ਕੀਤਾ ਗਿਆ ਸੀ। ਇਸ ਦੌਰਾਨ, ਸੁਨੀਤਾ ਅਤੇ ਵਿਲਮੋਰ ਅੱਠ ਦਿਨਾਂ ਦੇ ਮਿਸ਼ਨ ਦੇ ਹਿੱਸੇ ਵਜੋਂ 5 ਜੂਨ ਨੂੰ ਰਵਾਨਾ ਹੋਏ ਸਨ। ਜਦੋਂ ਉਹ ਜਾ ਰਹੇ ਸਨ, ਪੁਲਾੜ ਯਾਨ ਵਿੱਚ ਹੀਲੀਅਮ ਲੀਕ ਹੋ ਗਿਆ, ਜਿਸ ਨਾਲ ਪ੍ਰੋਪਲਸ਼ਨ ਪ੍ਰਣਾਲੀ ਵਿੱਚ ਨੁਕਸ ਅਤੇ ਵਾਲਵ ਸਮੱਸਿਆਵਾਂ ਪੈਦਾ ਹੋ ਗਈਆਂ। ਕਿਸੇ ਤਰ੍ਹਾਂ ਉਹ 6 ਜੂਨ ਨੂੰ ਸੁਰੱਖਿਅਤ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਪਹੁੰਚ ਗਏ।

(ਬਾਕੀ ਸਫ਼ਾ 31 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# 'ਫ਼ੈਸਟੀਵਲ ਆਫ਼ ਫ਼ੇਥਸ' ਵਿੱਚ ਸਿੱਖਾਂ ਨੇ ਕੀਤੀ ਸ਼ਮੂਲੀਅਤ

ਨਿਊਯਾਰਕ/ਏ.ਟੀ.ਨਿਊਜ਼ : ਬੀਤੇ ਦਿਨ ਅਮਰੀਕਾ ਦੇ ਸੂਬੇ ਓਹਾਈਓ ਦੇ ਸ਼ਹਿਰ ਸਿਨਸਿਨੈਟੀ ਦੀ ਜ਼ੇਵੀਅਰ ਯੂਨੀਵਰਸਿਟੀ ਵਿਖੇ ਸੱਤਵਾਂ ਸਲਾਨਾ 'ਸਿਨਸਨੈਟੀ ਫੈਸਟੀਵਲ ਆਫ ਫੇਥਸ' (ਵਿਸ਼ਵ ਧਰਮ ਸੰਮੇਲਨ) ਦਾ ਆਯੋਜਨ ਕੀਤਾ ਗਿਆ। 'ਇਕੁਏਜ਼ਨ' ਸੰਸਥਾ ਵੱਲੋਂ ਕਰਵਾਏ ਜਾਂਦੇ ਇਸ ਸੰਮੇਲਨ ਵਿੱਚ ਤਕਰੀਬਨ 13 ਪ੍ਰਮੁੱਖ ਵਿਸ਼ਵ ਧਰਮਾਂ ਦੇ ਲੋਕ ਅਤੇ 30 ਤੋਂ ਵੱਧ ਧਾਰਮਿਕ ਸੰਸਥਾਵਾਂ ਇੱਕ ਵਾਰ ਫਿਰ ਇਕਜੁੱਟ ਹੋਈਆਂ ਅਤੇ ਵੱਖ-ਵੱਖ ਧਰਮਾਂ, ਸਭਿਆਚਾਰਾਂ ਬਾਰੇ ਸਿੱਖਿਆ ਦੇਣ ਅਤੇ ਸਿੱਖਿਆ ਲੈਣ ਲਈ, ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਇਸ ਸਮਾਗਮ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਸਿੱਖ ਕਮਿਉਨਿਟੀ ਦੇ ਕਾਰਕੁੰਨ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਸਿਨਸਿਨੈਟੀ ਅਤੇ ਨੇੜਲੇ ਸ਼ਹਿਰ ਡੇਟਨ ਦੇ ਸਿੱਖਾਂ ਨੇ ਇਸ ਸਮਾਗਮ ਵਿੱਚ ਹਿੱਸਾ ਲਿਆ ਅਤੇ ਪਿਛਲੇ ਸਾਲ ਵਾਂਗ ਸਿੱਖ ਭਾਈਚਾਰੇ ਵੱਲੋਂ ਆਏ ਹੋਏ ਮਹਿਮਾਨਾਂ ਲਈ ਲੰਗਰ ਦੀ ਵੀ ਸੇਵਾ ਕੀਤੀ ਗਈ।

## ਮਹਿਮਾਨਾਂ ਦੇ ਸਜਾਈਆਂ ਗਈਆਂ ਦਸਤਾਰਾਂ




ਆਏ ਹੋਏ ਮਹਿਮਾਨਾਂ ਨੂੰ ਸਿੱਖ ਧਰਮ ਵਿੱਚ ਲੰਗਰ ਅਤੇ ਸੇਵਾ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਇਸ ਫੈਸਟੀਵਲ ਦਾ ਉਦਘਾਟਨ ਵੱਖ-ਵੱਖ ਧਰਮਾਂ ਦੀ ਅਰਦਾਸ ਦੇ ਨਾਲ ਸ਼ੁਰੂ ਹੋਇਆ। ਵੱਖ-ਵੱਖ ਧਰਮਾਂ ਦੇ ਨੁਮਾਇੰਦਿਆਂ ਨੇ ਆਪਣੇ ਧਰਮ ਦੇ ਅਕੀਦੇ ਮੁਤਾਬਕ ਪਰਮਾਤਮਾ ਦਾ ਗੁਣ ਗਾਇਨ ਕੀਤਾ। ਮਰਹੂਮ ਜੈਪਾਲ ਸਿੰਘ, ਜੋ ਕਿ ਇਸ ਸੰਮੇਲਨ ਦੇ ਮੁੱਖ ਸੰਸਥਾਪਕਾਂ ਵਿੱਚੋਂ ਸਨ। ਉਨ੍ਹਾਂ ਦੀ ਪਤਨੀ ਬੀਬੀ ਅਸੀਸ ਕੌਰ ਨੇ ਸਿੱਖ ਧਰਮ ਦੀਆਂ ਮੂਲ ਬੁਨਿਆਦੀ ਸਿੱਖਿਆਵਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ 'ਚ ਗੁਰੂ ਸਾਹਿਬ ਫੁਰਮਾਉਂਦੇ ਹਨ 'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿਆਈ' ਜਿਸ ਦਾ ਸੁਨੇਹਾ ਹੈ 'ਮੈਨੂੰ ਕੋਈ ਵੈਰੀ ਨਹੀਂ ਦਿੱਸਦਾ, ਕੋਈ ਬੈਗਾਨਾ ਨਹੀਂ ਦਿੱਸਦਾ, ਸਭਨਾਂ ਨਾਲ ਮੇਰਾ ਪਿਆਰ ਬਣਿਆ ਹੋਇਆ ਹੈ। ਇਸ ਮੌਕੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਪੰਜਾਬ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਸਿੱਖ ਭਾਈਚਾਰੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ 'ਆਪਣੀ ਕੌਮੀ ਹਾਜਰੀ ਲਵਾਉਣ ਵਾਸਤੇ, ਆਪਣੀ ਕੌਮੀ ਪਹਿਚਾਣ ਸੰਸਾਰ ਸਾਹਮਣੇ ਰੱਖਣ ਲਈ ਜਿਸ ਤਰ੍ਹਾਂ ਸਿੱਖ ਭਾਈਚਾਰਾ ਯਤਨਸ਼ੀਲ ਹੈ, ਮੈਂ ਇਨ੍ਹਾਂ ਦੀ ਭਾਵਨਾ ਨੂੰ ਨਮਸਕਾਰ ਕਰਦਾ ਹਾਂ। ਜੋ ਆਪਣੀ ਕਿਰਤ ਦੇ ਨਾਲ ਨਾਲ ਇਹ ਕੌਮ ਦਾ ਨਾਮ ਉੱਚਾ ਕਰ ਰਹੇ ਹਨ, ਗੁਰੂ ਸਾਹਿਬ ਜੀ ਇਨ੍ਹਾਂ ਨੂੰ ਚੜਦੀ ਕਲਾ ਬਖਸ਼ਣ।

ਹਜ਼ੂਰੀ ਰਾਗੀ ਭਾਈ ਬਿਕਰਮਜੀਤ ਸਿੰਘ, ਭਾਈ ਚਰਨਬੀਰ ਸਿੰਘ ਰਬਾਬੀ, ਭਾਈ ਪ੍ਰਭਜੋਤ ਸਿੰਘ ਦੇ ਜੱਥੇ ਨੇ ਸਿੱਖ ਸੰਗਤ ਸਣੇ ਸ਼ਬਦ ਕੀਰਤਨ ' ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ' ਗਾਇਨ ਕੀਤਾ। ਵੱਖ-ਵੱਖ ਧਰਮਾਂ ਦੇ ਸਿਮਰਨ ਦੇ ਸੈਸ਼ਨ 'ਚ ਸਿੱਖ ਭਾਈਚਾਰੇ ਵਲੋਂ ਬੀਬੀ ਮਿਹਰ ਕੌਰ ਨੇ ਦਿਲਰੁਬਾ ਨਾਲ ਮੂਲ-ਮੰਤਰ ਦਾ ਗਾਇਨ ਅਤੇ ਵਾਹਿਗੁਰੂ ਜੀ ਦਾ ਸਿਮਰਨ ਕੀਤਾ। ਇਸ ਮੌਕੇ ਸਿੱਖ ਪ੍ਰਦਰਸ਼ਨੀ ਵਿੱਚ ਪੁਸਤਕਾਂ ਤੋਂ ਇਲਾਵਾ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਕਕਾਰ ਵੀ ਰੱਖੇ ਗਏ।

ਆਏ ਹੋਏ ਮਹਿਮਾਨਾਂ ਨੂੰ ਦਸਤਾਰਾਂ ਬੰਨਣ ਤੇ ਉਸ ਦੀ ਮਹੱਤਤਾ ਬਾਰੇ ਜਾਣੂ ਕਰਾਉਣ ਲਈ ਸੈਸ਼ਨ ਦਾ ਪ੍ਰਬੰਧ ਕੀਤਾ ਗਿਆ। ਦਸਤਾਰ ਸਜਾ ਕੇ ਬੱਚੇ, ਵੱਡੇ, ਬਜ਼ੁਰਗ ਬਹੁਤ ਹੀ ਉਤਸ਼ਾਹਿਤ ਦੇ ਨਾਲ ਤਸਵੀਰਾਂ ਲੈਂਦੇ ਅਤੇ ਮਾਣ ਨਾਲ ਸੰਮੇਲਨ ਵਿੱਚ ਨਜ਼ਰ ਆਏ। ਇਸ ਮੌਕੇ ਸਿਨਸਿਨੈਟੀ ਦੇ ਮੇਅਰ ਆਫਤਾਬ ਪੁਰੇਵਾਲ ਨੇ ਕਿਹਾ, ਅੱਜ ਕਈ ਧਰਮਾਂ ਤੋਂ ਲੋਕ ਇਸ ਸਮਾਗਮ 'ਚ ਸ਼ਾਂਤੀ, ਆਪਸੀ ਪਿਆਰ ਅਤੇ ਜਾਣਕਾਰੀ ਵਧਾਉਣ ਲਈ ਇਕੱਠੇ ਹੋਏ ਹਨ। ਮੈਨੂੰ ਇਸ ਤੱਥ 'ਤੇ ਮਾਣ ਹੈ ਕਿ ਮੇਰੇ ਪਿਤਾ ਜੀ ਵੀ ਇੱਕ ਸਿੱਖ ਹਨ। ਸਿਨਸਿਨੈਟੀ, ਡੇਟਨ ਅਤੇ ਓਹਾਇਓ ਦੇ ਹੋਰਨਾਂ ਸ਼ਹਿਰਾਂ ਤੋਂ ਸਾਰੇ ਸਿੱਖ ਆਪਣੇ ਧਰਮ ਬਾਰੇ ਜਾਣਕਾਰੀ ਦੇਣ ਅਤੇ ਲੰਗਰ ਦੀ ਪ੍ਰਥਾ ਨੂੰ ਸਾਂਝਾ ਕਰਨ ਲਈ ਪਹੁੰਚੇ ਹੋਏ ਸਨ। ਜਿਸ ਵਿੱਚ ਲੰਗਰ ਸਿੱਖ ਧਰਮ ਵਿੱਚ ਜੋ ਇਕ ਐਸੀ ਪਰੰਪਰਾ ਹੈ ਜੋ ਦੱਸਦੀ ਹੈ ਕਿ ਹਰ ਕੋਈ ਰੱਬ ਦੀ ਨਜ਼ਰ ਵਿੱਚ ਬਰਾਬਰ ਹੈ। ਤੁਸੀਂ ਦੁਨੀਆਂ ਭਰ ਦੇ ਕਿਸੇ ਵੀ ਗੁਰਦੁਆਰੇ ਵਿੱਚ ਜਾ ਸਕਦੇ ਹੋ ਅਤੇ ਲੰਗਰ ਛੱਕ ਸਕਦੇ ਹੋ। ਮੈਨੂੰ ਸਿੱਖ ਭਾਈਚਾਰੇ 'ਤੇ ਬਹੁਤ ਮਾਣ ਹੈ। ਇਸ ਮੌਕੇ ਸਿੱਖ ਭਾਈਚਾਰੇ ਵੱਲੋਂ ਫੈਸਟੀਵਲ ਦੇ ਸੰਸਥਾਪਕਾਂ ਵਿੱਚੋਂ ਮਰਹੂਮ ਜੈਪਾਲ ਸਿੰਘ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਸਮਾਗਮ ਨਾਲ ਸਿਨਸਿਨਾਟੀ ਦੇ ਵੱਖ-ਵੱਖ ਭਾਈਚਾਰਿਆਂ ਵਿੱਚ ਆਪਸੀ ਸਿੱਖਿਆ, ਸੰਬੰਧ, ਹਮਦਰਦੀ, ਸਮਝ ਅਤੇ ਪਿਆਰ ਪੈਦਾ ਹੋ ਰਿਹਾ ਹੈ।

# ਅਮਰੀਕਾ ਨੇ ਨਿਯਮਾਂ 'ਚ ਕੀਤਾ ਬਦਲਾਅ, ਭਾਰਤੀ ਵਿਦਿਆਰਥੀਆਂ ਨੂੰ ਹੋਵੇਗਾ ਫ਼ਾਇਦਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਪੜ੍ਹਾਈ ਕਰ ਰਹੇ ਜਾਂ ਪੜ੍ਹਨ ਦੇ ਚਾਹਵਾਨ ਵਿਦਿਆਰਥੀਆਂ ਲਈ ਚੰਗੀ ਖ਼ਬਰ ਹੈ। ਯੂ.ਐਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐਸ.ਸੀ.ਆਈ.ਐਸ) ਨੇ ਆਪਣੇ ਨਿਯਮਾਂ ਵਿੱਚ ਕੁਝ ਬਦਲਾਅ ਕੀਤੇ ਹਨ, ਜਿਸ ਨਾਲ ਭਾਰਤੀ ਵਿਦਿਆਰਥੀਆਂ ਨੂੰ ਫ਼ਾਇਦਾ ਹੋਵੇਗਾ। ਇਹ ਤਬਦੀਲੀਆਂ ਖਾਸ ਤੌਰ 'ਤੇ ਉਨ੍ਹਾਂ ਵਿਦਿਆਰਥੀਆਂ ਲਈ ਹਨ ਜੋ ਗਣਿਤ ਜਾਂ ਸਟੀਮ ਵਿਸ਼ੇ ਵਿੱਚੋਂ ਕਿਸੇ ਦੀ ਵੀ ਪੜ੍ਹਾਈ ਕਰ ਰਹੇ ਹਨ।



**ਓ.ਪੀ.ਟੀ. ਦੇ ਬਦਲੇ ਨਿਯਮ**

ਇਕਨਾਮਿਕ ਟਾਈਮਜ਼ ਅਨੁਸਾਰ ਪਹਿਲਾਂ ਅਮਰੀਕਾ ਵਿੱਚ, ਵਿਦੇਸ਼ੀ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵਿਕਲਪਿਕ ਪ੍ਰੈਕਟੀਕਲ ਟ੍ਰੇਨਿੰਗ ਯਾਨੀ ਓ.ਪੀ.ਟੀ ਦੇ ਤਹਿਤ ਇੱਕ ਸਾਲ ਲਈ ਕੰਮ ਕਰਨ ਦਾ ਮੌਕਾ ਮਿਲਦਾ ਸੀ। ਪਰ, ਸਟੀਮ ਵਿਸ਼ੇ ਵਾਲੇ ਵਿਦਿਆਰਥੀਆਂ ਕੋਲ ਹੁਣ ਦੋ ਸਾਲ ਦਾ ਵਾਧੂ ਸਮਾਂ ਮਿਲੇਗਾ। ਇਸ ਦਾ ਮਤਲਬ ਹੈ ਕਿ ਹੁਣ ਉਨ੍ਹਾਂ ਨੂੰ ਕੁੱਲ ਤਿੰਨ ਸਾਲ ਅਮਰੀਕਾ 'ਚ ਕੰਮ ਕਰਨ ਦਾ ਮੌਕਾ ਮਿਲੇਗਾ।

ਓ.ਪੀ.ਟੀ. ਪੂਰਾ ਹੋਣ ਤੋਂ ਬਾਅਦ ਵਿਦਿਆਰਥੀਆਂ ਨੂੰ 60 ਦਿਨਾਂ ਦਾ ਗ੍ਰੇਸ ਟਾਈਮ ਵੀ ਮਿਲਦਾ ਹੈ। ਇਸ ਸਮੇਂ ਦੌਰਾਨ ਉਹ ਆਪਣੇ ਸਿੱਖਿਆ ਪੱਧਰ ਨੂੰ ਬਦਲ ਸਕਦੇ ਹਨ, ਕਿਸੇ ਹੋਰ ਵਿਦਿਆਰਥੀ ਅਤੇ ਐਕਸਚੇਂਜ ਵਿਜ਼ਟਰ ਨੂੰ ਤਬਦੀਲ ਕਰ ਸਕਦੇ ਹਨ, ਜਾਂ ਗੈਰ-ਪ੍ਰਵਾਸੀ ਜਾਂ ਪ੍ਰਵਾਸੀ ਸਥਿਤੀ ਵਿੱਚ ਕਿਸੇ ਹੋਰ ਤਬਦੀਲੀ ਲਈ ਯੂ.ਐਸ.ਸੀ.ਆਈ.ਐਸ. ਨੂੰ ਅਪੀਲ ਕਰ ਸਕਦੇ ਹਨ। ਯੂ.ਐਸ.ਸੀ.ਆਈ.ਐਸ. ਇਹ ਵੀ ਦੱਸਦਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀ ਕਿਸੇ ਐਸੋਸੀਏਟ, ਬੈਚਲਰ, ਮਾਸਟਰ, ਜਾਂ ਡਾਕਟੋਰਲ ਡਿਗਰੀ ਪ੍ਰੋਗਰਾਮ ਨੂੰ ਪੂਰਾ ਕਰਨ ਤੋਂ ਬਾਅਦ ਪੋਸਟ-ਕੰਪਲੀਸ਼ਨ ਓ.ਪੀ.ਟੀ. ਲਈ ਯੋਗ ਹੋ ਸਕਦੇ ਹਨ।

# ਕੈਨੇਡਾ ਨਹੀਂ ਸਗੋਂ ਜਰਮਨੀ ਬਣਿਆ ਪੰਜਾਬੀਆਂ ਦੀ ਪਹਿਲੀ ਪਸੰਦ



ਬਰਲਿਨ/ਏ.ਟੀ.ਨਿਊਜ਼: ਕਈ ਸਾਲਾਂ ਤੋਂ ਉੱਚ ਸਿੱਖਿਆ ਲਈ ਕੈਨੇਡਾ ਭਾਰਤੀ ਵਿਦਿਆਰਥੀਆਂ ਖਾਸ ਕਰਕੇ ਪੰਜਾਬ ਦੇ ਵਿਦਿਆਰਥੀਆਂ ਦੀ ਪਹਿਲੀ ਪਸੰਦ ਰਿਹਾ ਹੈ। ਹਾਲਾਂਕਿ ਤਾਜ਼ਾ ਰੁਝਾਨ ਦੱਸਦੇ ਹਨ ਕਿ ਲੋਕ ਹੁਣ ਕੈਨੇਡਾ ਦੀ ਬਜਾਏ ਜਰਮਨੀ ਜਾਣ ਨੂੰ ਤਰਜੀਹ ਦੇ ਰਹੇ ਹਨ। ਪੰਜਾਬ ਦੇ ਵਿਦਿਆਰਥੀਆਂ ਲਈ ਜਰਮਨੀ ਨੂੰ ਸਿੱਖਿਆ ਦੇ ਸਥਾਨ ਵਜੋਂ ਉਤਸ਼ਾਹਿਤ ਕਰਨ ਲਈ ਕਈ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਇਨ੍ਹਾਂ ਪ੍ਰੋਗਰਾਮਾਂ ਵਿੱਚ ਜਰਮਨੀ ਦੀਆਂ ਸਿੱਖਿਆ ਸੰਸਥਾਵਾਂ ਨਾਲ ਜੁੜੇ ਲੋਕ ਭਾਗ ਲੈ ਰਹੇ ਹਨ। ਇੱਥੇ ਉਨ੍ਹਾਂ ਨੇ ਮੈਰਿਟ ਦੇ ਆਧਾਰ 'ਤੇ ਵਿਦਿਆਰਥੀਆਂ ਨੂੰ ਵਜ਼ੀਫੇ ਬਾਰੇ ਜਾਣਕਾਰੀ ਦਿੱਤੀ। ਇਸ ਦੇ ਇਲਾਵਾ ਇਹ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੜ੍ਹਾਈ ਦੌਰਾਨ ਅਤੇ ਬਾਅਦ ਵਿੱਚ ਵਰਕ ਪਰਮਿਟ ਦੇ ਮੌਕਿਆਂ ਬਾਰੇ ਵੀ ਸੂਚਿਤ ਕਰਦਾ ਹੈ।

ਮਿਆਰੀ ਸਿੱਖਿਆ, ਕਿਫਾਇਤੀ ਰਹਿਣ-ਸਹਿਣ ਅਤੇ ਕੈਰੀਅਰ ਦੀਆਂ ਸੰਭਾਵਨਾਵਾਂ ਦੀ ਤਲਾਸ਼ ਕਰਨ ਵਾਲੇ ਵਿਦਿਆਰਥੀਆਂ ਲਈ ਜਰਮਨੀ ਇੱਕ ਖਿੱਚ ਦਾ ਕੇਂਦਰ ਹੈ। ਸਿੱਖਿਆ ਸਲਾਹਕਾਰ, ਜੋ ਪਹਿਲਾਂ ਕੈਨੇਡਾ 'ਤੇ ਧਿਆਨ ਕੇਂਦਰਤ ਕਰਦੇ ਸਨ, ਹੁਣ ਜਰਮਨੀ ਨੂੰ ਉਤਸ਼ਾਹਿਤ ਕਰ ਰਹੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਨਾਲ ਸਬੰਧਿਤ ਨੀਤੀ ਵਿੱਚ ਲਗਾਤਾਰ ਤਬਦੀਲੀਆਂ ਕਾਰਨ ਵਿਦਿਆਰਥੀ ਜਰਮਨੀ ਵੱਲ ਰੁਖ ਕਰ ਰਹੇ ਹਨ। ਜਰਮਨੀ ਵਿੱਚ ਟਿਊਸ਼ਨ ਫੀਸਾਂ ਦਾ ਭੁਗਤਾਨ ਕੀਤੇ ਬਿਨਾਂ ਕਿਸੇ ਪਬਲਿਕ ਯੂਨੀਵਰਸਿਟੀ ਵਿੱਚ ਪੜ੍ਹਨ ਦਾ ਮੌਕਾ ਮਿਲਦਾ ਹੈ।

**ਜਰਮਨੀ ਵਿੱਚ ਫੀਸਾਂ ਇੱਕ ਬੋਝ ਨਹੀਂ**

ਕੈਨੇਡਾ ਵਿੱਚ ਟਿਊਸ਼ਨ ਫੀਸ ਇੱਕ ਵੱਡਾ ਬੋਝ ਬਣ ਸਕਦੀ ਹੈ। ਜਦੋਂ ਕਿ ਜਰਮਨੀ ਸਾਰੇ ਜਨਤਕ ਅਦਾਰਿਆਂ ਵਿੱਚ ਮੁਫ਼ਤ ਸਿੱਖਿਆ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ, ਜਰਮਨੀ ਨੂੰ ਇੰਟਰਨੈਸ਼ਨਲ ਇੰਗਲਿਸ਼ ਲੈਂਗੂਏਜ ਟੈਸਟਿੰਗ ਸਿਸਟਮ ਦੀ ਲੋੜ ਨਹੀਂ ਹੈ, ਜਿਸ ਨਾਲ ਉਨ੍ਹਾਂ ਵਿਦਿਆਰਥੀਆਂ ਲਈ ਐਪਲੀਕੇਸ਼ਨ ਪ੍ਰਕਿਰਿਆ ਨੂੰ ਸਰਲ ਬਣਾਇਆ ਜਾ ਸਕਦਾ ਹੈ ਜਿਨ੍ਹਾਂ ਨੂੰ ਭਾਸ਼ਾ ਦੇ ਟੈਸਟਾਂ ਵਿੱਚ ਮੁਸ਼ਕਿਲ ਆ ਸਕਦੀ ਹੈ। ਇਹੀ ਕਾਰਨ ਹੈ ਕਿ ਜਰਮਨੀ ਪੜ੍ਹਨ ਲਈ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

**ਜਰਮਨੀ ਵਿੱਚ ਕਿੰਨੇ ਵਿਦਿਆਰਥੀ**

ਇੱਕ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ ਵਿਦਿਆਰਥੀਆਂ ਨੂੰ ਭੇਜਣ ਦੇ ਇੱਕ ਮਾਹਿਰ ਨੇ ਦੱਸਿਆ, 'ਭਾਰਤੀ ਵਿਦਿਆਰਥੀਆਂ ਵਿੱਚ ਜਰਮਨੀ ਦੀ ਵੱਧ ਰਹੀ ਪ੍ਰਸਿੱਧੀ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਹਾਲ ਹੀ ਵਿੱਚ ਜਰਮਨੀ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਵਰਤਮਾਨ ਵਿੱਚ, ਜਰਮਨੀ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਲਗਭਗ 43,000 ਭਾਰਤੀ ਵਿਦਿਆਰਥੀ ਹਨ, ਜੋ ਕਿ 2019 ਵਿੱਚ 20,000 ਤੋਂ ਵੱਧ ਦਾ ਵਾਧਾ ਹੈ।

# ਵਰਜੀਨੀਆ ਦਾ ਮੇਲਾ ਪੰਜਾਬਣਾਂ ਦਾ 2024 ਬੜੀ ਧੂਮ ਧਾਮ ਨਾਲ ਸੰਪੰਨ ਹੋਇਆ







ਵਰਜੀਨੀਆ/ਏ.ਟੀ.ਨਿਊਜ਼: ਹਰ ਸਾਲ ਸਾਵਣ ਦੇ ਮਹੀਨੇ ਵਰਜੀਨੀਆ ਵਿਖੇ 'ਪੰਜਾਬਣਾਂ ਦਾ ਮੇਲਾ' ਬਹੁਤ ਹੀ ਉਤਸ਼ਾਹ ਅਤੇ ਚਾਵਾਂ ਨਾਲ ਮਨਾਇਆ ਜਾਂਦਾ ਹੈ। ਇਸ ਸਾਲ ਵੀ ਮੇਲਾ ਪੰਜਾਬਣਾਂ ਦਾ -2024 ਦਾ ਆਯੋਜਨ ਮੈਰੀਲੈਂਡ ਵਿਖੇ ਕੀਤਾ ਗਿਆ, ਜੋ ਬਹੁਤ ਹੀ ਸ਼ਲਾਘਾਯੋਗ ਢੰਗ ਦੇ ਨਾਲ ਕੀਤਾ ਬੜੀ ਧੂਮ ਧਾਮ ਨਾਲ ਸੰਪੰਨ ਹੋਇਆ। ਜਿਸਦੀਆਂ ਧੂੰਮਾਂ ਵਰਜੀਨੀਆ, ਮੈਰੀਲੈਂਡ ਅਤੇ ਵਾਸ਼ਿੰਗਟਨ ਡੀ.ਵੀ. ਤੱਕ ਵੀ ਸੁਣਨ ਨੂੰ ਮਿਲੀਆਂ। 'ਮੇਲਾ ਪੰਜਾਬਣਾਂ ਦਾ-2024' ਪਹਿਲਾਂ ਨਾਲੋਂ ਵੀ ਵੱਧ ਕਾਮਯਾਬ ਹੋ ਕੇ ਨਿਬੜਿਆ ਅਤੇ ਬਾਕੀ ਮੇਲਿਆਂ ਦੇ ਨਾਲੋਂ ਵੱਖਰਾ ਅਤੇ ਬੀਬੀਆਂ ਦਾ ਭਰਵਾਂ ਇਕੱਠ ਰਿਹਾ। ਇਸ ਮੇਲੇ ਦੇ ਦੌਰਾਨ ਛੋਟੀਆਂ-ਛੋਟੀਆਂ ਬੱਚੀਆਂ, ਜਵਾਨ ਅਤੇ ਬਜ਼ੁਰਗ ਔਰਤਾਂ ਪੰਜਾਬੀ ਪਹਿਰਾਵੇ ਵਿੱਚ ਦਿਖਾਈ ਦਿੱਤੀਆਂ। ਇਸ ਮੇਲੇ ਦੇ ਦੌਰਾਨ ਇਸ ਤਰ੍ਹਾਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਪੰਜਾਬ ਦੇ ਸੱਭਿਆਚਾਰਚਾਰ ਨੂੰ ਅਮਰੀਕਾ ਵਿਖੇ ਮੁੜ ਸੁਰਜੀਤ ਕਰ ਦਿੱਤਾ ਗਿਆ ਹੈ। ਮੇਲੇ ਦੌਰਾਨ ਪੰਜਾਬੀ ਸੱਭਿਆਚਾਰ ਦੇ ਨਾਲ ਜੋੜਨ ਵਾਲੀਆਂ ਪੁਰਾਤਨ ਵਸਤਾਂ ਨੌਜਵਾਨ ਬੱਚੀਆਂ ਨੂੰ ਦੱਸੀਆਂ ਗਈਆਂ, ਜੋ ਚੀਜ਼ਾਂ ਪੰਜਾਬ ਅਤੇ ਦੇਸ਼ਾਂ ਵਿਦੇਸ਼ਾਂ ਵਿੱਚ ਅਲੋਪ ਹੋ ਗਈਆਂ ਹਨ, ਜਿਸ ਵਿੱਚ ਚਰਖਾ, ਮਧਾਣੀ, ਪੀੜ੍ਹੀ, ਸੱਗੀ ਫੁੱਲ, ਗਾਗਰਾਂ, ਛੱਜ, ਡੋਲੂ, ਬਾਲਟੀਆਂ, ਛੰਨੇ, ਕੜੇ ਵਾਲੇ ਗਲਾਸ, ਪੱਖੀਆਂ ਬਾਰੇ ਬੱਚੀਆਂ ਨੂੰ ਪ੍ਰਤਖ ਰੂਪ ਵਿੱਚ ਜਾਣਕਾਰੀ ਮਿਲੀ।

ਇਸ ਮੇਲੇ ਦੇ ਆਰਗੇਨਾਈਜ਼ਰ ਅਮੇਜ਼ਿੰਗ ਟੀ.ਵੀ.ਦੀ ਜਸਵੀਰ ਕੌਰ ਨੇ ਮੇਲੇ ਵਿੱਚ ਆਈਆਂ ਸਾਰੀਆਂ ਭੈਣਾਂ ਦਾ ਧੰਨਵਾਦ ਕੀਤਾ ਅਤੇ ਡਾ.ਗਗਨਦੀਪ ਕੌਰ ਨੇ ਸਟੇਜ ਸੈਕ੍ਰਟਰੀ ਦੀ ਸੇਵਾ ਸੰਭਾਲੀ। ਇਸ ਮੇਲੇ ਦੇ ਸਪਾਂਸਰ ਅਤੇ ਸਪੋਰਟਰ ਸਿੱਖਸ ਆਫ ਅਮਰੀਕਾ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ, ਜੋ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਜੋੜਨ ਲਈ ਹਮੇਸ਼ਾ ਉਪਰਾਲੇ ਕਰਦਾ ਰਹਿੰਦਾ ਹੈ। ਡਾਇਰੈਕਟਰ ਵਰਿੰਦਰ ਸਿਘ ਨੇ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਅੱਗੇ ਤੋਂ ਵੀ ਅਸੀ ਇਸੇ ਤਰ੍ਹਾਂ ਅਸੀਂ ਪੰਜਾਬ ਦੇ ਸੱਭਿਆਚਾਰ ਨੂੰ ਦਰਸਾਉਂਦੇ ਮੇਲੇ ਕਰਵਾਉਂਦੇ ਰਹਾਂਗੇ ਤਾਂ ਜੋ ਸਾਡੀ ਪੀੜ੍ਹੀ ਆਪਣੇ ਮਹਾਨ ਸੱਭਿਆਚਾਰ ਦੀ ਵਿਰਾਸਤ ਨੂੰ ਜਾਣ ਸਕੇ। ਉਹਨਾਂ ਨੇ ਨਸ਼ੇ ਰਹਿਤ ਰਹਿ ਕੇ ਆਪਣੀ ਕਮਿਊਨਿਟੀ ਨੂੰ ਆਪਸ ਵਿੱਚ ਜੋੜੀ ਰੱਖਣ ਦਾ ਸੰਦੇਸ਼ ਦਿੱਤਾ।

# ਪੱਛਮੀ ਬੰਗਾਲ ਅਸੈਂਬਲੀ ਵੱਲੋਂ ਜਬਰ-ਜਨਾਹ ਵਿਰੋਧੀ ਬਿੱਲ ਪਾਸ

## ਮਮਤਾ ਵੱਲੋਂ ਮੋਦੀ, ਸ਼ਾਹ ਤੇ ਭਾਜਪਾ ਸ਼ਾਸਿਤ ਰਾਜਾਂ ਦੇ ਮੁੱਖ ਮੰਤਰੀਆਂ ਦੇ ਅਸਤੀਫ਼ੇ ਦੀ ਮੰਗ

ਕੋਲਕਾਤਾ ਪੱਛਮੀ ਬੰਗਾਲ ਅਸੈਂਬਲੀ ਨੇ ਦੋ ਰੋਜ਼ਾ ਵਿਸ਼ੇਸ਼ ਇਜਲਾਸ ਦੇ ਆਖਰੀ ਦਿਨ ਅੱਜ ਜਬਰ-ਜਨਾਹ ਵਿਰੋਧੀ ਬਿੱਲ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਵਿਰੋਧੀ ਧਿਰਾਂ ਨੇ ਵੀ ਬਿੱਲ ਦੀ ਪੂਰੀ ਹਮਾਇਤ ਕੀਤੀ। ਹਾਲਾਂਕਿ ਵਿਰੋਧੀ ਧਿਰ ਦੇ ਨੇਤਾ ਸੁਵੇਂਦੂ ਅਧਿਕਾਰੀ ਵੱਲੋਂ ਰੱਖੀਆਂ ਤਜਵੀਜ਼ਤ ਸੋਧਾਂ ਨੂੰ ਸਦਨ ਨੇ ਰੱਦ ਕਰ ਦਿੱਤਾ। ਵਿਰੋਧੀ ਧਿਰਾਂ ਨੇ ਬਿੱਲ ਨੂੰ ਮਹਿਜ਼ 'ਢਕੌਂਸਲਾ' ਕਰਾਰ ਦਿੱਤਾ। ਬਿੱਲ ਦੇ ਖਰੜੇ ਮੁਤਾਬਕ ਜਬਰ-ਜਨਾਹ ਪੀੜਤਾ ਦੀ ਮੌਤ ਹੋਣ ਜਾਂ ਉਸ ਦੇ ਪੱਕੇ ਤੌਰ 'ਤੇ ਬੇਹੋਸ਼ੀ ਦੀ ਹਾਲਤ ਵਿਚ ਚਲੇ ਜਾਣ ਦੀ ਸੂਰਤ ਵਿਚ ਮੁਲਜ਼ਮ ਨੂੰ ਦੋਸ਼ੀ ਪਾਏ ਜਾਣ ਉਤੇ ਸਜ਼ਾ-ਏ-ਮੌਤ ਦਿੱਤੀ ਜਾ ਸਕਦੀ ਹੈ। ਬਿੱਲ ਵਿਚ ਬਲਾਤਕਾਰ ਦੇ ਦੋਸ਼ੀਆਂ ਲਈ ਬਿਨਾਂ ਪੈਰੋਲ ਤੋਂ ਉਮਰ ਕੈਦ ਦੀ ਸਜ਼ਾ ਦਾ ਵੀ ਪ੍ਰਬੰਧ ਹੈ। ਬਿੱਲ ਮੁਤਾਬਕ ਕੇਸ ਦਰਜ ਹੋਣ ਦੇ 21 ਦਿਨਾਂ ਅੰਦਰ ਜਾਂਚ ਮੁਕੰਮਲ ਕਰਨੀ ਹੋਵੇਗੀ। 'ਅਪਰਾਜਿਤਾ ਵੋਮੈਨ ਤੇ ਚਾਈਲਡ ਬਿੱਲ (ਪੱਛਮੀ ਬੰਗਾਲ ਫੌਜਦਾਰੀ ਕਾਨੂੰਨ ਤੇ ਸੋਧ) ਬਿੱਲ 2024 ਸਿਰਲੇਖ ਵਾਲੇ ਇਸ ਬਿੱਲ ਦਾ ਮੁੱਖ ਮੰਤਵ ਮਹਿਲਾਵਾਂ ਤੇ ਬੱਚਿਆਂ ਲਈ ਸੁਰੱਖਿਆ ਘੇਰੇ ਨੂੰ ਹੋਰ ਮਜ਼ਬੂਤ ਕਰਨਾ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਅੱਜ ਸਦਨ ਵਿਚ ਬਿੱਲ 'ਤੇ ਚਰਚਾ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਭਾਜਪਾ ਸ਼ਾਸਿਤ ਰਾਜਾਂ ਦੇ ਮੁੱਖ



ਮੰਤਰੀਆਂ ਦੇ ਅਸਤੀਫ਼ੇ ਦੀ ਮੰਗ ਕੀਤੀ, ਜੋ ਮਹਿਲਾਵਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਅਜੇ ਤੱਕ ਅਸਰਦਾਰ ਕਾਨੂੰਨ ਲਾਗੂ ਨਹੀਂ ਕਰ ਸਕੇ। ਬੈਨਰਜੀ ਨੇ ਕਿਹਾ ਕਿ ਤਜਵੀਜ਼ਤ ਕਾਨੂੰਨ ਦਾ ਟੀਚਾ ਫੌਰੀ ਜਾਂਚ ਸ਼ੁਰੂ ਕਰਨਾ, ਛੇਤੀ ਨਿਆਂ ਯਕੀਨੀ ਬਣਾਉਣਾ ਤੇ ਦੋਸ਼ੀਆਂ ਲਈ ਵੱਡੀ ਸਜ਼ਾ ਯਕੀਨੀ ਬਣਾਉਣਾ ਹੈ। ਆਰਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਜੂਨੀਅਰ ਮਹਿਲਾ ਡਾਕਟਰ ਬਲਾਤਕਾਰ ਤੇ ਕਤਲ ਕੇਸ ਦੇ ਹਵਾਲੇ ਨਾਲ ਮੁੱਖ ਮੰਤਰੀ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਭਾਜਪਾ ਵਿਧਾਇਕਾਂ ਵੱਲੋਂ ਸਦਨ ਵਿਚ ਕੀਤੀ ਨਾਅਰੇਬਾਜ਼ੀ ਦਰਮਿਆਨ ਬੈਨਰਜੀ ਨੇ ਬਿੱਲ 'ਚ ਅੜਿੱਕਾ ਡਾਹੁਣ ਲਈ ਵਿਰੋਧੀ ਧਿਰ ਦੇ ਨੇਤਾ ਸੁਵੇਂਦੂ ਅਧਿਕਾਰੀ ਦੇ ਅਸਤੀਫ਼ੇ ਦੀ ਮੰਗ ਕੀਤੀ। ਮੁੱਖ ਮੰਤਰੀ ਨੇ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਕੇਂਦਰ ਸਰਕਾਰ ਮੌਜੂਦਾ ਕਾਨੂੰਨਾਂ ਵਿਚ ਸੋਧ ਕਰਕੇ ਸਖ਼ਤ ਧਾਰਾਵਾਂ ਸ਼ਾਮਲ ਕਰੇ ਤਾਂ ਦੋਸ਼ੀਆਂ ਲਈ ਮਿਸਾਲੀ ਸਜ਼ਾ ਤੇ ਪੀੜਤਾਂ ਲਈ ਛੇਤੀ ਇਨਸਾਫ਼ ਯਕੀਨੀ ਬਣੇ। ਉਨ੍ਹਾਂ ਨੇ ਕੋਈ ਉਤਸ਼ਾਹ ਨਹੀਂ ਦਿਖਾਇਆ, ਜਿਸ ਕਰਕੇ ਅਸੀਂ ਪਹਿਲਾ ਕਦਮ ਪੁੱਟਿਆ ਹੈ। ਇਹ ਬਿੱਲ, ਇਕ ਵਾਰ ਲਾਗੂ ਹੋ ਗਿਆ ਤਾਂ ਇਹ ਪੂਰੇ ਦੇਸ਼ ਲਈ ਆਦਰਸ਼ ਬਣੇਗਾ।" ਬੈਨਰਜੀ ਨੇ ਇਸ ਮੌਕੇ ਸਦਨ ਵਿਚ ਦੋ ਪੱਤਰ ਵੀ ਰੱਖੇ, ਜੋ ਉਨ੍ਹਾਂ ਪਿੱਛੇ ਜਿਹੇ ਪ੍ਰਧਾਨ ਮੰਤਰੀ ਨੂੰ ਲਿਖੇ ਸਨ। (ਬਾਕੀ ਸਫ਼ਾ 30 'ਤੇ)

# ਬਲਾਤਕਾਰ ਮਾਮਲੇ ਵਿੱਚ ਭਾਜਪਾ ਨੂੰ ਬੰਗਾਲ ਬੰਦ ਦਾ ਹੁੰਗਾਰਾ ਕਿਉਂ ਨਹੀਂ ਮਿਲਿਆ ?

## ਭਾਜਪਾ ਆਗੂ ਬਲਾਤਕਾਰੀਆਂ ਦੇ ਹੱਕ ਵਿੱਚ ਭੁਗਤਦੇ ਰਹੇ ਨੇ, ਕਿਉਂ ?

ਪਿਛਲੇ ਦਿਨੀਂ ਕੋਲਕਾਤਾ ਦੇ ਇੱਕ ਹਸਪਤਾਲ ਵਿੱਚ ਇੱਕ ਟਰੇਨੀ ਡਾਕਟਰ ਨਾਲ ਹੋਏ ਬਲਾਤਕਾਰ ਤੇ ਹੱਤਿਆ ਦਾ ਮਾਮਲਾ ਦੇਸ਼ ਭਰ ਦੇ ਲੋਕਾਂ ਲਈ ਗੁੱਸੇ ਤੇ ਚਿੰਤਾ ਦਾ ਕਾਰਨ ਬਣਿਆ ਰਿਹਾ ਸੀ। ਪੱਛਮੀ ਬੰਗਾਲ ਵਿੱਚ ਇਸ ਮਾਮਲੇ ਨੂੰ ਲੈ ਕੇ ਵਿਦਿਆਰਥੀ ਤੇ ਡਾਕਟਰ ਸੜਕਾਂ ਉੱਤੇ ਨਿਕਲ ਆਏ ਸਨ। ਉਹ ਇਸ ਕੇਸ ਦੀ ਜਾਂਚ ਸੀ. ਬੀ. ਆਈ. ਹਵਾਲੇ ਕਰਨ ਦੀ ਮੰਗ ਕਰ ਰਹੇ ਸਨ। ਹਾਈ ਕੋਰਟ ਦੇ ਦਖ਼ਲ ਬਾਅਦ ਜਲਦੀ ਹੀ ਇਹ ਮਾਮਲਾ ਸੀ. ਬੀ. ਆਈ. ਹਵਾਲੇ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਭਾਜਪਾ ਨੇ ਇਸ ਮਾਮਲੇ ਨੂੰ ਲੈ ਕੇ ਸਿਆਸੀ ਲਾਹਾ ਲੈਣ ਲਈ ਪਹਿਲਾਂ ਸਕੱਤਰੇਤ ਤੱਕ ਰੋਸ ਮਾਰਚ ਕਢ ਕੇ ਤੇ ਫਿਰ ਬੰਗਾਲ ਬੰਦ ਦਾ ਸੱਦਾ ਦੇ ਕੇ ਮਹਿਲਾ ਸੁਰੱਖਿਆ ਦੀ ਚੈਂਪੀਅਨ ਬਣਨ ਦੀ ਕੋਸ਼ਿਸ਼ ਕੀਤੀ, ਪਰ ਲੋਕਾਂ ਨੇ ਸਾਥ ਨਹੀਂ ਦਿੱਤਾ।

ਸੱਚਾਈ ਇਹ ਹੈ ਕਿ ਕੇਂਦਰ ਵਿੱਚ ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਹਰ ਮੌਕੇ ਉੱਤੇ ਭਾਜਪਾ ਆਗੂ ਬਲਾਤਕਾਰੀਆਂ ਦੇ ਹੱਕ ਵਿੱਚ ਭੁਗਤਦੇ ਰਹੇ ਹਨ। ਜੰਮੂ ਦੇ ਕਠੂਆ ਵਿੱਚ ਇੱਕ 8 ਸਾਲਾ ਬੱਚੀ ਦੀ ਇੱਕ ਮੰਦਰ ਵਿੱਚ ਬਲਾਤਕਾਰ ਤੋਂ ਬਾਅਦ ਹੱਤਿਆ ਕਰ ਦਿੱਤੀ ਗਈ ਸੀ ਤਾਂ ਦੋਸ਼ੀਆਂ ਨੂੰ ਬਚਾਉਣ ਲਈ ਸਥਾਨਕ ਭਾਜਪਾ ਆਗੂਆਂ ਨੇ ਤਿਰੰਗਾ ਯਾਤਰਾ ਕੱਢੀ ਸੀ। ਇਹੋ ਨਹੀਂ ਉਨਾਵ ਤੋਂ ਹਾਥਰਸ ਤੱਕ ਬਲਾਤਕਾਰ ਦੇ ਹਰ ਕੇਸ ਵਿੱਚ




ਭਾਜਪਾ ਦੀ ਭੂਮਿਕਾ ਬਲਾਤਕਾਰੀਆਂ ਨੂੰ ਬਚਾਉਣ ਵਾਲੀ ਰਹੀ ਹੈ। ਬਿਲਕਿਸ ਬਾਨੋ ਕੇਸ ਦੇ ਗੁਨਾਹਗਾਰਾਂ ਨੂੰ ਜੇਲ੍ਹ ਵਿਚੋਂ ਕੱਢ ਕੇ ਉਨ੍ਹਾਂ ਦਾ ਮਹਿਮਾਮੰਡਨ ਕਰਨ ਦਾ ਤਗਮਾ ਵੀ ਭਾਜਪਾ ਨੂੰ ਹੀ ਹਾਸਲ ਹੈ। ਸੌਦਾ ਸਾਧ ਵਰਗੇ ਬਲਾਤਕਾਰੀਆਂ ਨੂੰ ਵਾਰ-ਵਾਰ ਜ਼ਮਾਨਤ ਤੇ ਫਰਲੋ ਮਿਲਣੀ ਭਾਜਪਾ ਦੇ ਰਾਜ ਵਿੱਚ ਹੀ ਸੰਭਵ ਹੋ ਸਕਦੀ ਹੈ।

ਹੁਣ ਤਾਜ਼ਾ ਮਾਮਲਾ ਬਨਾਰਸ ਹਿੰਦੂ ਯੂਨੀਵਰਸਿਟੀ ਵਿੱਚ ਹੋਏ ਬਹੁ-ਚਰਚਿਤ ਗੈਂਗਰੇਪ ਦੇ ਦੋ ਮੁਲਜ਼ਮਾਂ ਦਾ ਹੈ, ਜਿਨ੍ਹਾਂ ਨੂੰ ਹਾਈ ਕੋਰਟ ਤੋਂ ਜ਼ਮਾਨਤ ਮਿਲ ਗਈ ਹੈ। ਜੇਲ੍ਹ ਤੋਂ ਬਾਹਰ ਆਉਣ ਸਮੇਂ ਇਨ੍ਹਾਂ ਦਾ ਪੁਰਜ਼ੋਰ ਸਵਾਗਤ ਹੋਇਆ, ਜਿਵੇਂ ਉਹ ਉਲੰਪਿਕ ਵਿਚੋਂ ਮੈਡਲ ਜਿੱਤ ਕੇ ਆਏ ਹੋਣ। ਮਾਮਲੇ ਵਿੱਚ ਤਿੰਨੇ ਮੁਲਜ਼ਮ ਭਾਜਪਾ ਆਈ. ਟੀ. ਸੈੱਲ ਦੇ ਅਹੁਦੇਦਾਰ ਸਨ।

ਆਈ. ਆਈ. ਟੀ. ਬਨਾਰਸ ਹਿੰਦੂ ਯੂਨੀਵਰਸਿਟੀ ਦੀ 20 ਸਾਲਾ ਵਿਦਿਆਰਥਣ 1 ਨਵੰਬਰ 2023 ਨੂੰ ਦੀ ਰਾਤ ਜਦੋਂ ਆਪਣੇ ਹੋਸਟਲ ਨੂੰ ਜਾ ਰਹੀ ਸੀ ਤਾਂ ਬਾਈਕ ਸਵਾਰ 3 ਮੁੰਡਿਆਂ ਨੇ ਉਸ ਨੂੰ ਬੰਧਕ ਬਣਾ ਕੇ ਬਲਾਤਕਾਰ ਕੀਤਾ ਸੀ। ਇਸ ਘਟਨਾ ਵਿਰੁੱਧ ਅਗਲੇ ਦਿਨ ਯੂਨੀਵਰਸਿਟੀ ਦੇ ਵਿਦਿਆਰਥੀ ਉਠ ਖੜ੍ਹੇ ਹੋਏ ਸਨ। ਯੋਗੀ ਦੀ ਪੁਲਿਸ ਨੇ ਅੰਦੋਲਨਕਾਰੀਆਂ ਉੱਤੇ ਬੇਕਿਰਕੀ ਨਾਲ ਜਬਰ ਕੀਤਾ, ਪਰ ਵਿਦਿਆਰਥੀ ਇਨਸਾਫ਼ ਦੀ ਮੰਗ ਉੱਤੇ ਅੜੇ ਰਹੇ। ਆਖਰ ਦੋ ਮਹੀਨੇ ਬਾਅਦ ਪੁਲਿਸ ਇਨ੍ਹਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਮਜਬੂਰ ਹੋਈ। ਇਨ੍ਹਾਂ ਤਿੰਨਾਂ ਦੇ ਨਾਂਅ ਕੁਨਾਲ ਪਾਂਡੇ, ਸਕਸ਼ਮ ਪਟੇਲ ਤੇ ਅਭਿਸ਼ੇਕ ਚੌਹਾਨ ਹਨ।

ਗੈਂਗਰੇਪ ਤੋਂ ਬਾਅਦ ਇਹ ਤਿੰਨੇ ਮੁਲਜ਼ਮ ਮੱਧ ਪ੍ਰਦੇਸ਼ ਵਿਧਾਨ ਸਭਾ ਦੀਆਂ ਚੋਣਾਂ ਵਿੱਚ 'ਮੋਦੀ ਦੀ ਗਰੰਟੀ' ਵਾਲੇ ਪੈਂਫਲਟ ਵੰਡਦੇ ਰਹੇ ਸਨ। ਇਨ੍ਹਾਂ ਤਿੰਨਾਂ ਦੀਆਂ ਤਸਵੀਰਾਂ ਮੋਦੀ, ਯੋਗੀ ਤੇ ਨੱਢਾ ਵਰਗੇ ਉੱਚ ਭਾਜਪਾ ਆਗੂਆਂ ਨਾਲ ਹਨ। ਇਸ ਲਈ ਬਨਾਰਸ ਪੁਲਿਸ ਉਨ੍ਹਾਂ ਦੇ ਮੱਧ ਪ੍ਰਦੇਸ਼ ਵਿੱਚ ਚੋਣ ਪ੍ਰਚਾਰ ਤੋਂ ਵਾਪਸੀ ਦਾ ਇੰਤਜ਼ਾਰ ਕਰਦੀ ਰਹੀ। ਇਨ੍ਹਾਂ ਦਾ ਭਾਜਪਾ ਵਿੱਚ ਉੱਚਾ ਕੱਦ ਸੀ, ਇਸ ਲਈ ਬੁਲਡੋਜ਼ਰ ਸਟਾਰਟ ਨਹੀਂ ਹੋ ਸਕਿਆ।

ਇਨ੍ਹਾਂ ਤਿੰਨਾਂ ਵਿੱਚੋਂ ਦੋ ਮੁਲਜ਼ਮਾਂ ਕੁਨਾਲ ਪਾਂਡੇ ਤੇ ਅਭਿਸ਼ੇਕ ਚੌਹਾਨ ਨੂੰ ਇਲਾਹਾਬਾਦ ਹਾਈ ਕੋਰਟ ਨੇ ਜ਼ਮਾਨਤ ਦੇ ਦਿੱਤੀ ਹੈ। (ਬਾਕੀ ਸਫ਼ਾ 30 'ਤੇ)

# ਭਾਰਤ 'ਚ ਹਰ ਸਾਲ 13 ਹਜ਼ਾਰ ਤੋਂ ਵੱਧ ਵਿਦਿਆਰਥੀ ਕਰਦੇ ਨੇ ਖ਼ੁਦਕੁਸ਼ੀਆਂ

ਹੁਣੇ-ਹੁਣੇ ਇੱਕ ਰਿਪੋਰਟ ਆਈ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਭਾਰਤ ਅੰਦਰ ਵਿਦਿਆਰਥੀਆਂ ਵਿੱਚ ਖੁਦਕੁਸ਼ੀਆਂ ਦਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ। ਇਹ ਰਿਪੋਰਟ ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਦੇ ਅਧਾਰ ਉੱਤੇ ਤਿਆਰ ਕੀਤੀ ਗਈ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਭਾਰਤ ਵਿੱਚ ਖੁਦਕੁਸ਼ੀਆਂ ਦੀ ਦਰ ਵਿੱਚ ਸਾਲਾਨਾ 2 ਫ਼ੀਸਦੀ ਵਾਧਾ ਹੋ ਰਿਹਾ ਹੈ, ਜਦੋਂ ਕਿ ਵਿਦਿਆਰਥੀਆਂ ਵਿੱਚ ਇਹ 4 ਫ਼ੀਸਦੀ ਦੀ ਨਾਲ ਵਧੀ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਹ ਅੰਕੜੇ ਵੱਧ ਹੋ ਸਕਦੇ ਹਨ, ਕਿਉਂਕਿ ਸਾਰੇ ਮਾਮਲੇ ਦਰਜ ਨਹੀਂ ਹੁੰਦੇ। ਪੀ. ਟੀ. ਆਈ. ਦੇ ਅਨੁਸਾਰ ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਦੋ ਦਹਾਕਿਆਂ ਵਿੱਚ ਵਿਦਿਆਰਥੀਆਂ ਦੀਆਂ ਖੁਦਕੁਸ਼ੀਆਂ ਦੀ ਸਾਲਾਨਾ ਦਰ ਵਿੱਚ ਭਾਰੀ ਵਾਧਾ ਹੋਇਆ ਹੈ ਤੇ ਇਹ ਕੌਮੀ ਦਰ ਨਾਲੋਂ ਦੁੱਗਣੀ ਹੋ ਗਈ ਹੈ। 2022 ਵਿੱਚ ਖੁਦਕੁਸ਼ੀਆਂ ਕਰਨ ਵਾਲੇ ਕੁੱਲ ਵਿਦਿਆਰਥੀਆਂ ਵਿੱਚ 53 ਪ੍ਰਤੀਸ਼ਤ ਲੜਕੇ ਸਨ। ਇਹ ਰਿਪੋਰਟ 'ਵਿਦਿਆਰਥੀ ਖੁਦਕੁਸ਼ੀਆਂ ਭਾਰਤ ਵਿੱਚ ਫੈਲ ਰਹੀ ਮਹਾਂਮਾਰੀ' ਦੇ ਸਿਰਲੇਖ ਹੇਠ ਤਿਆਰ ਕੀਤੀ ਗਈ ਹੈ। ਇਹ ਰਿਪੋਰਟ ਸਾਲਾਨਾ ਆਈ ਸੀ-3 ਸੰਮੇਲਨ ਤੇ ਐਕਸਪੋ-2024 ਦੌਰਾਨ ਜਾਰੀ ਕੀਤੀ ਗਈ ਸੀ।

**2022 'ਚ ਖ਼ੁਦਕੁਸ਼ੀਆਂ ਕਰਨ ਵਾਲੇ ਕੁਲ ਵਿਦਿਆਰਥੀਆਂ ਵਿੱਚ 53 ਪ੍ਰਤੀਸ਼ਤ ਲੜਕੇ**

ਆਈ ਸੀ-3 ਇੱਕ ਸਵੈਸੇਵੀ ਸੰਸਥਾ ਹੈ, ਜੋ ਦੁਨੀਆਂ ਭਰ ਦੀਆਂ ਉੱਚ ਸਿੱਖਿਆ ਸੰਸਥਾਵਾਂ ਦਾ ਮਾਰਗ ਦਰਸ਼ਨ ਕਰਦੀ ਹੈ ਤੇ ਟ੍ਰੇਨਿੰਗ ਦੇ ਸਾਧਨ ਮੁਹੱਈਆ ਕਰਵਾਉਂਦੀਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਦਿਆਰਥੀਆਂ ਦੀ ਖੁਦਕੁਸ਼ੀ ਦਰ ਆਬਾਦੀ ਦੀ ਵਾਧਾ ਦਰ ਨਾਲੋਂ ਵੀ ਅੱਗੇ ਨਿਕਲ ਚੁੱਕੀ ਹੈ। ਇੰਡੀਆ ਟੂਡੇ ਦੀ ਰਿਪੋਰਟ ਅਨੁਸਾਰ ਪਿਛਲੇ ਦਹਾਕੇ ਵਿੱਚ 24 ਸਾਲ ਤੱਕ ਦੇ ਵਿਅਕਤੀਆਂ ਦੀ ਜਨਸੰਖਿਆ 58 ਕਰੋੜ 20 ਲੱਖ ਸੀ, ਜੋ ਘਟ ਕੇ 58 ਕਰੋੜ 10 ਲੱਖ ਹੋ ਗਈ ਹੈ। ਇਸ ਅਰਸੇ ਦੌਰਾਨ ਵਿਦਿਆਰਥੀ ਖੁਦਕੁਸ਼ੀਆਂ 6654 ਤੋਂ ਵਧ ਕੇ 13044 ਹੋ ਗਈਆਂ ਹਨ। ਯੂਨੀਸੈਫ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ 15 ਤੋਂ 24 ਸਾਲ ਉਮਰ ਵਾਲੇ 9 ਵਿੱਚੋਂ 1 ਵਿਅਕਤੀ ਮਾਨਸਿਕ ਸਿਹਤ ਸਮੱਸਿਆ ਨਾਲ ਜੂਝ ਰਿਹਾ ਹੈ, ਜਿਨ੍ਹਾਂ ਵਿੱਚ ਉਦਾਸੀ ਤੇ ਨਿਰਾਸ਼ਤਾ ਦੇ ਲੱਛਣ ਸ਼ਾਮਲ ਹਨ। (ਬਾਕੀ ਸਫ਼ਾ 30 'ਤੇ)

# 'ਆਪ' ਸਰਕਾਰ ਨੇ ਗਰੀਨ ਟੈਕਸ ਪੰਜਾਬ ਵਿੱਚ ਲਾਗੂ ਕਰਕੇ ਪੰਜਾਬੀਆਂ 'ਤੇ ਪਾਇਆ ਆਰਥਿਕ ਬੋਝ

## ਕੀ 100 ਕਰੋੜ ਦੇ ਗਰੀਨ ਟੈਕਸ ਨਾਲ ਪੰਜਾਬ ਪ੍ਰਦੂਸ਼ਣ ਮੁਕਤ ਹੋ ਸਕੇਗਾ ?

ਪੰਜਾਬ ਸਰਕਾਰ ਨੇ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਦੇ ਨਾਂਅ 'ਤੇ ਸੂਬੇ ਵਿਚ ਪੁਰਾਣੀਆਂ ਗੱਡੀਆਂ ਦੀ ਫ਼ੀਸ ਮਹਿੰਗੀ ਕਰਕੇ ਕਰੀਬ 100 ਕਰੋੜ ਦੀ ਸਾਲਾਨਾ ਆਮਦਨ ਵਾਲਾ ਗਰੀਨ ਟੈਕਸ ਪੰਜਾਬ ਵਿੱਚ ਇੱਕ ਸਤੰਬਰ ਤੋਂ ਲਾਗੂ ਤਾਂ ਕਰ ਦਿੱਤਾ ਹੈ ਤੇ ਇਸ ਬਾਰੇ ਹੁਣ ਇਹ ਵੀ ਸਵਾਲ ਉੱਠ ਰਹੇ ਹਨ ਕਿ ਸੂਬਾ ਸਰਕਾਰ ਨੂੰ ਗਰੀਨ ਟੈਕਸ ਲਾਗੂ ਕਰਕੇ ਜਿਹੜੀ 100 ਕਰੋੜ ਦੀ ਰਕਮ ਆਏਗੀ ਕੀ ਉਹ ਪੰਜਾਬ ਦੇ ਵਾਤਾਵਰਣ ਨੂੰ ਸਾਫ਼ ਕਰਨ ਵਿੱਚ ਵਰਤੋਂ ਕੀਤੀ ਜਾਵੇਗੀ ਜਿਸ ਨਾਲ ਸੂਬੇ ਦਾ ਲਗਾਤਾਰ ਖ਼ਰਾਬ ਹੋ ਰਿਹਾ ਵਾਤਾਵਰਣ ਠੀਕ ਹੋ ਸਕੇ। ਇਸ ਦੇ ਖ਼ਰਚਣ ਨੂੰ ਲੈ ਕੇ ਇਸ ਬਾਰੇ ਵੀ ਸਵਾਲ ਖੜ੍ਹੇ ਹੋ ਰਹੇ ਹਨ ਕਿ ਪਹਿਲਾਂ ਹੀ ਸੂਬੇ ਵਿੱਚ ਪੈਟਰੋਲ, ਡੀਜ਼ਲ, ਬਿਜਲੀ ਬਿੱਲ, ਸੀਮੈਂਟ, ਸਕੂਟਰ, ਕਾਰ ਦੀ ਵਿੱਕਰੀ 'ਤੇ ਲੋਕਾਂ ਤੋਂ ਕਰੋੜਾਂ ਰੁਪਏ ਗਊ ਟੈਕਸ ਤਾਂ ਵਸੂਲ ਕੀਤਾ ਜਾ ਰਿਹਾ ਹੈ ਪਰ ਗਊ ਟੈਕਸ ਵਸੂਲਣ ਦੇ ਬਾਵਜੂਦ ਰਾਜ ਵਿੱਚ ਹਜ਼ਾਰਾਂ ਆਵਾਰਾ ਪਸ਼ੂ ਆਮ ਘੁੰਮਦੇ ਦੇਖੇ ਜਾ ਸਕਦੇ ਹਨ ਜਿਨ੍ਹਾਂ ਬਾਰੇ ਕਈ ਲੋਕ ਇਹੋ ਸਵਾਲ ਪੁੱਛਦੇ ਰਹੇ ਹਨ ਕਿ ਜੇਕਰ ਸਰਕਾਰੀ ਵਿਭਾਗਾਂ ਵਲੋਂ ਅਲੱਗ-ਅਲੱਗ ਸਾਮਾਨ ਵਿੱਕਰੀ 'ਤੇ ਲੋਕਾਂ ਤੋਂ ਹਰ ਸਾਲ ਕਰੋੜਾਂ ਰੁਪਏ ਗਊ ਟੈਕਸ ਦੀ ਵਸੂਲੀ ਕੀਤੀ ਜਾਂਦੀ ਹੈ ਤਾਂ ਫਿਰ ਸੜਕਾਂ 'ਤੇ ਆਵਾਰਾ ਪਸ਼ੂ, ਜਿਨ੍ਹਾਂ ਵਿੱਚ ਕਾਫ਼ੀ ਗਿਣਤੀ ਵਿੱਚ ਗਊਆਂ ਹੁੰਦੀਆਂ ਹਨ, ਉਨ੍ਹਾਂ ਦੀ ਸੰਭਾਲ ਕਿਉਂ ਨਹੀਂ ਕੀਤੀ ਜਾ ਰਹੀ। ਇਸ ਤਰ੍ਹਾਂ ਨਾਲ ਹੁਣ ਸੂਬਾ ਸਰਕਾਰ ਵੱਲੋਂ ਰਾਜ ਦੇ ਲੋਕਾਂ 'ਤੇ ਗਰੀਨ ਟੈਕਸ ਦੇ ਨਾਂਅ 'ਤੇ 100




ਕਰੋੜ ਰੁਪਏ ਦਾ ਤਾਜ਼ਾ ਭਾਰ ਪਾਇਆ ਗਿਆ ਹੈ। ਹਰ ਸਾਲ ਸਰਕਾਰ ਵੱਲੋਂ ਗਰੀਨ ਟੈਕਸ ਤੋਂ ਕਰੀਬ 100 ਕਰੋੜ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾ ਹੈ। ਇਸ ਟੈਕਸ ਨੂੰ ਵਾਤਾਵਰਣ ਨੂੰ ਸਾਫ਼ ਰੱਖਣ ਲਈ ਕਿਸ ਤਰ੍ਹਾਂ ਨਾਲ ਵਰਤੋਂ ਕੀਤੀ ਜਾਵੇਗੀ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਉੱਧਰ ਰਾਜ ਵਿੱਚ ਕੂੜੇ ਅਤੇ ਗੰਦੇ ਪਾਣੀ ਨੂੰ ਸਾਫ਼ ਕਰਨ ਦੇ ਮਾਮਲੇ ਵਿੱਚ ਸਮੱਸਿਆ ਹੱਲ ਕਰਨ ਵਿੱਚ ਫ਼ੇਲ੍ਹ ਰਹਿਣ "ਤੇ ਪੰਜਾਬ ਸਰਕਾਰ ਨੂੰ 1000 ਕਰੋੜ ਦਾ ਜੁਰਮਾਨਾ ਲਗਾਇਆ ਗਿਆ ਸੀ ਜਦਕਿ ਸੂਬੇ ਦੇ ਲੋਕਾਂ ਵੱਲੋਂ ਨਗਰ ਨਿਗਮਾਂ, ਕਮੇਟੀਆਂ ਨੂੰ ਕਰੋੜਾਂ ਰੁਪਏ ਦੀ ਭਾਰੀ ਟੈਕਸਾਂ ਦੀ ਅਦਾਇਗੀ ਕੀਤੀ ਜਾਂਦੀ ਹੈ ਪਰ ਸਥਾਨਕ ਸਰਕਾਰਾਂ ਵਿਭਾਗ ਕੂੜਾ ਸਮੱਸਿਆ ਅਤੇ ਗੰਦੇ ਪਾਣੀ ਨੂੰ ਸਾਫ਼ ਕਰਨ ਵਿੱਚ ਦਿਲਚਸਪੀ ਨਹੀਂ ਲੈਂਦਾ, ਜਿਸ ਕਰਕੇ ਸਮੱਸਿਆ ਹੱਲ ਕਰਨ ਵਿੱਚ ਫ਼ੇਲ੍ਹ ਰਹਿਣ ਕਰਕੇ ਹੀ ਐਨ.ਜੀ.ਟੀ. (ਨੈਸ਼ਨਲ ਗਰੀਨ ਟ੍ਰਿਬਿਊਨਲ) ਵੱਲੋਂ ਪੰਜਾਬ ਸਰਕਾਰ ਨੂੰ 1000 ਕਰੋੜ ਰੁਪਏ ਦਾ ਜੁਰਮਾਨਾ ਕਰਨਾ ਪਿਆ ਹੈ।

ਉਂਝ ਪੰਜਾਬ ਦੇ ਵਾਤਾਵਰਣ ਨੂੰ ਸਾਫ਼ ਰੱਖਣ ਲਈ ਪਹਿਲਾਂ ਹੀ ਸਖ਼ਤ ਹਦਾਇਤਾਂ ਦਿੱਤੀਆਂ ਹੋਈਆਂ ਹਨ ਤੇ ਉਨ੍ਹਾਂ ਦੀ ਪਾਲਣਾ ਤਾਂ ਕਿਧਰੇ ਵੀ ਕੀਤੀ ਨਜ਼ਰ ਨਹੀਂ ਆਉਂਦੀ। ਵਾਤਾਵਰਣ ਮੰਤਰਾਲੇ ਵਲੋਂ ਵਾਤਾਵਰਣ ਨੂੰ ਸਾਫ਼ ਰੱਖਣ ਦੀਆਂ ਵੀ ਹਦਾਇਤਾਂ ਸਮੇਂ-ਸਮੇਂ ਸਿਰ ਦਿੱਤੀਆਂ ਜਾਂਦੀਆਂ ਹਨ ਜਦਕਿ ਇਸ ਤੋਂ ਇਲਾਵਾ ਕੂੜਾ ਚੁੱਕਣ ਵਾਲੀਆਂ ਗੱਡੀਆਂ ਤਿਰਪਾਲਾਂ ਨਾਲ ਢੱਕ ਕੇ ਲੈ ਜਾਣ ਦੀਆਂ ਵੀ ਹਦਾਇਤਾਂ ਹਨ ਪਰ ਇਹ ਹਦਾਇਤਾਂ ਲਾਗੂ ਹੋਈਆਂ ਦੇਖਣ ਨੂੰ ਕਿਧਰੇ ਨਹੀਂ ਮਿਲਦੀਆਂ ਜਦਕਿ ਸਥਾਨਕ ਸਰਕਾਰਾਂ ਵਿਭਾਗ ਨਾਲ ਜੁੜੀਆਂ ਨਿਗਮਾਂ, ਕਮੇਟੀਆਂ ਲੋਕਾਂ ਤੋਂ ਟੈਕਸ ਵਸੂਲਣ ਦੇ ਬਾਵਜੂਦ ਲੋਕਾਂ ਨੂੰ ਪ੍ਰਦੂਸ਼ਣ ਤੋਂ ਮੁਕਤ ਕਰਾਉਣ ਲਈ ਕੂੜਾ ਢੱਕਣ ਲਈ ਤਿਰਪਾਲਾਂ ਤੱਕ ਨਹੀਂ ਦਿੰਦੀਆਂ ਤਾਂ ਲੋਕਾਂ ਨੂੰ ਇਹ ਵੀ ਆਸ ਨਹੀਂ ਹੈ ਕਿ (ਬਾਕੀ ਸਫ਼ਾ 30 'ਤੇ)

# ਜਥੇਦਾਰ ਜੀ ਹੁਣ ਫ਼ੈਸਲਾ ਤੁਹਾਡਾ ਹੈ ਚਾਹੇ ਗੁਨਾਹਗਾਰ ਲੀਡਰਸ਼ਿਪ ਨੂੰ ਬਚਾ ਲਵੋ ਜਾਂ ਅਕਾਲ ਤਖ਼ਤ ਦੀ ਮਾਣ ਮਰਿਯਾਦਾ ਨੂੰ

## ਬਾਬਾ ਸਾਹਿਬ ਸਿੰਘ ਬੇਦੀ ਤੇ ਅਕਾਲੀ ਫ਼ੂਲਾ ਸਿੰਘ ਦੀਆਂ ਇਤਿਹਾਸਕ ਪਰੰਪਰਾਵਾਂ ਨੂੰ ਜਿਉਂਦਾ ਰਖਿਆ ਜਾਵੇ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਿਤ ਵਿਚਾਰੇ ਜਾ ਰਹੇ ਮਾਮਲੇ ਦੇ ਸੰਬੰਧ ਵਿਚ ਵੱਖ-ਵੱਖ ਅਕਾਲੀ ਆਗੂਆਂ ਵਲੋਂ ਇੱਕ-ਦੂਜੇ ਖ਼ਿਲਾਫ਼ ਕੀਤੀ ਜਾ ਰਹੀ ਬਿਆਨਬਾਜ਼ੀ ਦਾ ਸਖ਼ਤ ਨੋਟਿਸ ਲੈਂਦਿਆਂ ਤੇ ਇਸ ਨੂੰ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਦੇ ਵਿਰੁੱਧ ਕਰਾਰ ਦਿੰਦਿਆਂ ਅਜਿਹਾ ਕਰਨ ਵਾਲੇ ਅਕਾਲੀ ਆਗੂਆਂ ਨੂੰ ਸਖ਼ਤ ਤਾੜਨਾ ਕੀਤੀ ਹੈ । ਅਕਾਲ ਤਖ਼ਤ ਸਕੱਤਰੇਤ ਦੇ ਮੀਡੀਆ ਸਲਾਹਕਾਰ ਤਲਵਿੰਦਰ ਸਿੰਘ ਬੁੱਟਰ ਵਲੋਂ ਜਾਰੀ ਬਿਆਨ ਅਨੁਸਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇਹ ਵਰਤਾਰਾ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਯਾਦਾ ਅਤੇ ਸਰਬਉੱਚਤਾ ਦੇ ਵਿਰੁੱਧ ਹੈ, ਕਿਉਂਕਿ ਜਦੋਂ ਤੱਕ ਇਹ ਮਾਮਲਾ ਵਿਚਾਰ ਅਧੀਨ ਹੈ ਤਦ ਤੱਕ ਇਸ 'ਤੇ ਕਿਸੇ ਤਰ੍ਹਾਂ ਦੀਆਂ ਵੀ ਟਿੱਪਣੀਆਂ ਉਚਿਤ ਨਹੀਂ ਹਨ ।ਉਨ੍ਹਾਂ ਸਿੱਖ ਸਿਆਸਤ ਨਾਲ ਜੁੜੇ ਆਗੂਆਂ ਨੂੰ ਸਖ਼ਤ ਹਦਾਇਤ ਕਰਦਿਆਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ, ਸਤਿਕਾਰ, ਸਿਧਾਂਤ ਅਤੇ ਪਰੰਪਰਾ ਨੂੰ ਧਿਆਨ ਵਿਚ ਰੱਖਦਿਆਂ ਇੱਕ-ਦੂਜੇ ਵਿਰੁੱਧ ਬਿਆਨਬਾਜ਼ੀ ਤੁਰੰਤ ਬੰਦ ਕੀਤੀ ਜਾਵੇ । ਜੇਕਰ ਸਿੱਖ ਸਿਆਸੀ ਆਗੂ ਬਾਜ਼ ਨਾ ਆਏ ਤਾਂ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਦੀ ਉਲੰਘਣਾ ਕਰਨ ਵਾਲੇ ਆਗੂਆਂ ਦੇ ਖ਼ਿਲਾਫ਼ ਪੰਥਕ ਰਹੁ-ਰੀਤਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਇਸ ਬਿਆਨ ਉਪਰ ਕੋਈ ਟਿੱਪਣੀ ਨਹੀਂ ਹੋ ਸਕਦੀ,ਕਿਉਂਕਿ ਅਜੇ ਇਸ ਬਾਰੇ ਫ਼ੈਸਲਾ ਆਉਣਾ ਹੈ।ਪਰ ਸਿੰਘ ਸਾਹਿਬਾਨ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇ ਗੁਰੂ ਪੰਥ ਨੂੰ ਸਰਵਉਚ ਦਰਜਾ ਦਿੱਤਾ ਹੈ,ਹੋਰ ਕਿਸੇ ਨੂੰ ਨਹੀਂ।ਅਠਾਰਵੀਂ ਸਦੀ ਵਿਚ ਸਿਖ ਮਿਸਲਦਾਰਾਂ ਦੇ ਯੁਗ ਵਿਚ ਅਕਾਲ ਤਖ਼ਤ ਤੋਂ ਵੀ ਫ਼ੈਸਲੇ ਹੋਏ ,ਜੰਗਲਾਂ ਵਿਚ ਵੀ ਗੁਰੂ ਪੰਥ ਨੇ ਆਪਣੇ ਵਿਚੋਂ ਪੰਜ ਪਿਆਰਿਆਂ ਦੀ ਚੋਣ ਕਰਕੇ ਮੀਰੀ ਪੀਰੀ ਸਿਧਾਂਤ ਅਨੁਸਾਰ ਫ਼ੈਸਲੇ ਕੀਤੇ।ਇਸ ਬਾਰੇ ਖਾਲਸਾ ਪੰਥ ਦੀ ਸਹਿਮਤੀ ਸੀ।ਅਕਾਲ ਤਖ਼ਤ ਸਾਹਿਬ ਗੁਰੂ ਗ੍ਰੰਥ ਤੇ ਗੁਰੂ ਪੰਥ ਦਾ ਰਾਜਨੀਤਕ ਤਖ਼ਤ ਹੈ ਇਥੋਂ ਫ਼ੈਸਲੇ ਉਹੀ ਮਨਜ਼ੂਰ ਹੁੰਦੇ ਨੇ ਜੋ ਖਾਲਸਾ ਪੰਥ ਤੇ ਗੁਰੂ ਸਿਧਾਂਤ ਮੁਤਾਬਕ ਹੁੰਦੇ ਹਨ।ਇਸ ਲਈ ਸਿਖ ਪੰਥ ਤੁਹਾਡੇ ਕੋਲੋਂ ਇਹੀ ਇੱਛਾ ਰਖਦਾ ਹੈ ਕਿ ਤੁਸੀਂ ਪੰਥ ਦੀ ਸਹਿਮਤੀ ਅਨੁਸਾਰ ਇਸ ਬਾਰੇ ਫ਼ੈਸਲਾ ਲਵੋ ਤਾਂ ਜੋ ਅਕਾਲ ਤਖ਼ਤ ਸਾਹਿਬ ਦੀ ਇਤਿਹਾਸਕ ਪਰੰਪਰਾ ਰੋਸ਼ਨ ਰਹੇ। ਗੁਰੂ ਕਾ ਖਾਲਸਾ ਹਮੇਸ਼ਾ ਅਕਾਲ ਤਖ਼ਤ ਸਾਹਿਬ ਦੀਆਂ ਪਰੰਪਰਾਵਾਂ ਪ੍ਰਤੀ ਸੁਚੇਤ ਰਿਹਾ ਹੈ।ਇਹੀ ਕਾਰਣ ਹੈ ਕਿ ਕੂੜ ਫ਼ੈਸਲਿਆਂ ਕਾਰਣ ਗਿਆਨੀ ਗੁਰਬਚਨ ਸਿੰਘ ਨੂੰ ਸੌਦਾ ਸਾਧ ਨੂੰ ਮਾਫ਼ ਕਰਨ ਦਾ ਹੁਕਮਨਾਮਾ ਵਾਪਸ ਲੈਣਾ ਪਿਆ। ਸੰਗਤ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ।ਇਸੇ ਕਾਰਣ ਅਕਾਲੀ ਦਲ ਨੀਵਾਣਾਂ ਵਲ ਆਇਆ।

ਇਹ ਗਲ ਹੁਣ ਸੱਚ ਹੈ ਕਿ ਸਿਖ ਪੰਥ ਨੂੰ ,ਗੁਨਾਹਗਾਰ ਲੀਡਰਸ਼ਿਪ ਮਨਜ਼ੂਰ ਨਹੀਂ।ਉਸ ਵਿਰੁੱਧ ਰੋਸਾ ਤੇ ਵਿਰੋਧ ਜਾਰੀ ਰਹੇਗਾ।

* ਸਿਖ ਸੰਗਤ ਦੀ ਮੰਗ ਹੈ ਕਿ ਗਿਆਨੀ ਗੁਰਬਚਨ ਸਿੰਘ, ਗਿਆਨੀ ਗੁਰਮੁਖ ਸਿੰਘ, ਗਿਆਨੀ ਇਕਬਾਲ ਸਿੰਘ ਆਦਿ ਨੂੰ ਗੁਨਾਹਗਾਰ ਮੰਨ ਕੇ ਇਨ੍ਹਾਂ ਨੂੰ ਤਲਬ ਕੀਤਾ ਜਾਵੇ ਤਾਂ ਜੋ ਉਸ ਸਮੇਂ ਦਾ ਸਾਰਾ ਸੱਚ ਸਾਹਮਣੇ ਆ ਸਕੇ।

ਸਿਖ ਪੰਥ ਇਹ ਵੀ ਚਾਹੁੰਦਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਦਾ ਅਕਾਲ ਤਖ਼ਤ ਤੋਂ ਦਿੱਤਾ ਖਿਤਾਬ ਫ਼ਖਰੇ ਕੌਮ ਵਾਪਸ ਲਿਆ ਜਾਵੇ ,ਕਿਉਂ ਸਿਖ ਪੰਥ ਵਲੋਂ ਗੁਨਾਹਗਾਰ ਕਰਾਰ ਦਿੱਤੇ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲ ਤਖ਼ਤ ਸਾਹਿਬ ਤੋਂ ਮਹਾਨਤਾ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ।

ਸੰਨ 2015 ਵਿੱਚ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਹੋਰ ਸਹਿਯੋਗੀਆਂ ਰਾਹੀਂ ਸੌਦਾ ਸਾਧ ਨੂੰ ਮਾਫ਼ ਕਰਵਾਉਣ ਵਾਲਾ ਕੋਝਾ ਕੰਮ ਕਰਵਾਉਣ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭੂਮਿਕਾ ਨੇ ਸੰਸਥਾਵਾਂ ਦਾ ਮਿਆਰ ਡੇਗਣ ਤੋਂ ਇਲਾਵਾ ਸਿਖ ਪੰਥ ਨੂੰ ਨੀਵਾਂ ਦਿਖਾਇਆ ਉਹ ਇਤਿਹਾਸ ਵਿਚ ਦਰਜ ਹੋ ਚੁਕਾ ਹੈ।ਇਹ ਗੁਨਾਹ ਮਾਫ਼ ਨਹੀਂ ਹੋਣੇ ਚਾਹੀਦੇ। ਇਸ ਸਾਰੀ ਖੇਡ ਦਾ ਕਪਤਾਨ ਬਾਦਲ ਪਰਿਵਾਰ ਹੈ। ਗੁਰੂ ਦੀ ਗੋਲਕ 'ਚੋਂ 94 ਲੱਖ ਰੁਪਏ ਤੋਂ ਵੱਧ; ਇਸ (ਸੌਦਾ ਸਾਧ) ਕੁਫ਼ਰ ਨੂੰ ਸਹੀ ਸਿੱਧ ਕਰਨ ਲਈ ਅਖ਼ਬਾਰੀ ਇਸ਼ਤਿਹਾਰੀ 'ਤੇ ਖ਼ਰਚ ਕਰ ਦਿੱਤਾ ਗਿਆ।ਉਸ ਦਾ ਹਿਸਾਬ ਲੈਣਾ ਚਾਹੀਦਾ ਹੈ।ਗੁਰੂ ਦੀ ਗੋਲਕ ਦੀ ਭਰਪਾਈ ਕਰਾਉਣੀ ਚਾਹੀਦੀ ਹੈ।

ਸੋ ਫ਼ੈਸਲਾ ਤੁਹਾਡਾ ਹੈ ਕਿ ਤੁਸੀਂ ਅਕਾਲੀ ਦਲ ਜਿਉਂਦਾ ਰਖਣਾ ਹੈ ਜਾਂ ਗੁਨਾਹਗਾਰ ਲੀਡਰਸ਼ਿਪ ਨੂੰ।

ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਅਕਾਲ ਤਖ਼ਤ ਸਾਹਿਬ ਦੀਆਂ ਮਹਾਨ ਪਰੰਪਰਾਵਾਂ ਨੂੰ ਉਸ ਸਮੇਂ ਦੇ ਜਥੇਦਾਰਾਂ ਬਾਬਾ ਸਾਹਿਬ ਸਿੰਘ ਬੇਦੀ ਤੇ ਅਕਾਲੀ ਫ਼ੂਲਾ ਸਿੰਘ ਨੇ ਬਚਾਈਆਂ।ਕਿਸੇ ਸ਼ਾਸਕ ਦੀ ਦਖਲਅੰਦਾਜ਼ੀ ਨਹੀਂ ਹੋਣ ਦਿੱਤੀ।ਨਾ ਈਨ ਮੰਨੀ।ਫ਼ੈਸਲੇ ਅਕਾਲ ਤਖ਼ਤ ਸਾਹਿਬ ਤੋਂ ਉਹੀ ਪ੍ਰਵਾਨ ਚੜ੍ਹੇ ਜੋ ਸਿਖ ਪੰਥ ਨੂੰ ਮਨਜ਼ੂਰ ਸਨ ਤੇ ਮੀਰੀ ਪੀਰੀ ਸਿਧਾਂਤ ਅਨੁਸਾਰ ਸਨ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.



Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਰਾਧਾ ਸਵਾਮੀਆਂ ਦੀ ਗੁਰਗੱਦੀ ਪਿੱਛੇ ਭੰਬਲਭੂਸਾ ਕਿਉਂ ? ਡੇਰੇ 'ਚ ਵਿਵਾਦ ਕਿਉਂ ?

## ਫ਼ਿਲਹਾਲ ਨਹੀਂ ਸੌਂਪੀ ਜਾਵੇਗੀ ਗੁਰਗੱਦੀ ਡਾ. ਜਸਦੀਪ ਸਿੰਘ ਗਿੱਲ ਨੂੰ, ਫੈਸਲਾ ਬਦਲਿਆ

ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਸੋਮਵਾਰ ਨੂੰ 45 ਸਾਲਾ ਡਾ. ਜਸਦੀਪ ਸਿੰਘ ਗਿੱਲ ਨੂੰ ਆਪਣਾ ਜਾਂਨਸ਼ੀਨ ਐਲਾਨ ਦਿੱਤਾ। ਡੇਰਾ ਬਿਆਸ ਵੱਲੋਂ ਅਚਾਨਕ ਲਏ ਗਏ ਇਸ ਫ਼ੈਸਲੇ ਨਾਲ ਦੇਸ਼-ਦੁਨੀਆ ਵਿੱਚ ਬੈਠੀ ਡੇਰੇ ਦੇ ਪ੍ਰੇਮੀ ਹੈਰਾਨ ਤੇ ਨਿਰਾਸ਼ ਹੋ ਗਏ। ਹਾਲਾਂਕਿ ਬਾਅਦ 'ਚ ਡੇਰੇ ਵੱਲੋਂ ਸਪਸ਼ਟ ਕੀਤਾ ਗਿਆ ਕਿ ਬਾਬਾ ਗੁਰਿੰਦਰ ਸਿੰਘ ਢਿੱਲੋਂ ਗੁਰਤਾਗੱਦੀ 'ਤੇ ਬਣੇ ਰਹਿਣਗੇ। ਇਹ ਪਹਿਲੀ ਵਾਰ ਹੈ ਕਿ ਰਾਧਾ ਸਵਾਮੀ ਪਰੰਪਰਾ ਵਿੱਚ ਗੱਦੀ ਬਾਰੇ ਵਿਵਾਦ ਛਿੜਿਆ ਹੋਵੇ ?



ਡੇਰਾ ਬਿਆਸ ਵੱਲੋਂ ਬੀਤੇ ਸੋਮਵਾਰ ਨੂੰ ਆਪਣੇ ਸਾਰੇ ਸੇਵਾਦਾਰ ਇੰਚਾਰਜਾਂ ਤੇ ਸੈਂਟਰਾਂ ਨੂੰ ਇਕ ਪੱਤਰ ਜਾਰੀ ਕਰ ਕੇ ਦੱਸਿਆ ਗਿਆ ਕਿ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਸਰਪ੍ਰਸਤ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਸੁਖਦੇਵ ਸਿੰਘ ਗਿੱਲ ਦੇ ਸਪੁੱਤਰ ਡਾ. ਜਸਦੀਪ ਸਿੰਘ ਗਿੱਲ ਨੂੰ ਰਾਧਾ ਸੁਆਮੀ ਸਤਿਸੰਗ ਬਿਆਸ ਸੁਸਾਇਟੀ ਦਾ ਸਰਪ੍ਰਸਤ ਨਾਮਜ਼ਦ ਕੀਤਾ ਹੈ। ਪੱਤਰ ਮੁਤਾਬਕ ਉਨ੍ਹਾਂ ਨੂੰ ਨਾਮ ਦਾਨ ਦੇਣ ਦਾ ਅਧਿਕਾਰ ਵੀ ਹੋਵੇਗਾ। ਪੱਤਰ ਵਿੱਚ ਬਾਬਾ ਗੁਰਿੰਦਰ ਢਿੱਲੋਂ ਨੇ ਕਿਹਾ ਕਿ ਜਿਸ ਤਰ੍ਹਾਂ ਹਜ਼ੂਰ ਮਹਾਰਾਜ (ਚਰਨ ਸਿੰਘ) ਜੀ ਤੋਂ ਬਾਅਦ ਉਨ੍ਹਾਂ ਨੂੰ ਸੰਗਤ ਦਾ ਅਥਾਹ ਸਹਿਯੋਗ ਤੇ ਪਿਆਰ ਮਿਲਿਆ, ਉਨ੍ਹਾਂ ਦੀ ਇੱਛਾ ਤੇ ਅਪੀਲ ਹੈ ਕਿ ਸੰਗਤ ਉਹੀ ਪਿਆਰ ਤੇ ਸਹਿਯੋਗ ਡਾ. ਜਸਦੀਪ ਸਿੰਘ ਗਿੱਲ ਨੂੰ ਵੀ ਦੇਵੇ।

ਇਸ ਪੱਤਰ ਤੇ ਖ਼ਬਰ ਦੇ ਜਨਤਕ ਹੁੰਦੇ ਹੀ ਦੇਸ਼-ਦੁਨੀਆਂ ਵਿੱਚ ਡੇਰਾ ਬਿਆਸ ਦੀ ਸੰਗਤ 'ਚ ਨਿਰਾਸ਼ਾ ਫੈਲ ਗਈ। ਡੇਰੇ ਵਿੱਚ ਸਤਿਸੰਗ ਦੇ ਤੈਅ ਪ੍ਰੋਗਰਾਮ ਤੋਂ ਠੀਕ ਚਾਰ-ਪੰਜ ਦਿਨ ਪਹਿਲਾਂ ਇਸ ਤਰ੍ਹਾਂ ਦੇ ਐਲਾਨ ਮਗਰੋਂ ਇੰਟਰਨੈੱਟ ਮੀਡੀਆ ਜ਼ਰੀਏ ਬਾਬਾ ਗੁਰਿੰਦਰ ਸਿੰਘ ਦੀ ਸਿਹਤ ਸਬੰਧੀ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਤੇ ਭਰਮਾਊ ਜਾਣਕਾਰੀਆਂ ਫੈਲਣ ਲੱਗੀਆਂ। ਵੱਡੀ ਗਿਣਤੀ ਵਿੱਚ ਸੰਗਤ ਡੇਰੇ ਲਈ ਰਵਾਨਾ ਹੋ ਪਈ।

ਇਸ ਦੇ ਮੱਦੇਨਜ਼ਰ ਸ਼ਾਮ ਨੂੰ ਡੇਰੇ ਵੱਲੋਂ ਸੰਦੇਸ਼ ਜਾਰੀ ਕਰ ਕੇ ਦੱਸਿਆ ਕਿ ਸੰਦੇਸ਼ ਮੁਤਾਬਕ ਬਾਬਾ ਗੁਰਿੰਦਰ ਸਿੰਘ ਤੰਦਰੁਸਤ ਹਨ ਤੇ ਰਾਧਾ ਸੁਆਮੀ ਬਿਆਸ ਦੇ ਗੁਰੂ ਬਣੇ ਰਹਿਣਗੇ। ਗੁਰੂ ਗੱਦੀ ਤਬਦੀਲ ਕਰਨ ਤੇ ਦਸਤਾਰਬੰਦੀ ਵਰਗਾ ਕੋਈ ਪ੍ਰੋਗਰਾਮ ਨਹੀਂ। ਡਾ. ਜਸਦੀਪ ਸਿੰਘ ਗਿੱਲ ਉਨ੍ਹਾਂ ਦੇ ਡਿਪਟੀ ਵਜੋਂ ਉਨ੍ਹਾਂ ਨਾਲ ਬੈਠਣਗੇ ਤੇ ਬਾਬਾ ਗੁਰਿੰਦਰ ਸਿੰਘ ਦੀ ਨਿਗਰਾਨੀ ਹੇਠ ਰਹਿਣਗੇ।

ਹਾਲਾਂਕਿ ਸਾਰੇ ਵਿਦੇਸ਼ੀ ਸਤਿਸੰਗ ਨਵੇਂ ਮਹਾਰਾਜ ਵੱਲੋਂ ਕੀਤੇ ਜਾਣਗੇ। ਸੰਦੇਸ਼ 'ਚ ਸੰਗਤ ਨੂੰ ਕਿਹਾ ਗਿਆ ਹੈ ਕਿ ਕਾਹਲੀ ਵਿੱਚ ਡੇਰਾ ਬਿਆਸ ਆਉਣ ਦੀ ਕੋਈ ਜ਼ਰੂਰਤ ਨਹੀਂ ਹੈ। ਬਾਬਾ ਗੁਰਿੰਦਰ ਸਿੰਘ ਤੇ ਉਨ੍ਹਾਂ ਦੇ ਜਾਨਸ਼ੀਨ ਇਕੱਠੇ ਸਤਿਸੰਗ ਕੇਂਦਰਾਂ ਦਾ ਦੌਰਾ ਕਰਨਗੇ। ਸੰਗਤ ਨੂੰ ਅਪੀਲ ਕੀਤੀ ਗਈ ਕਿ ਉਹ ਕਿਸੇ ਵੀ ਅਫ਼ਵਾਹ 'ਤੇ ਯਕੀਨ ਨਾ ਕਰਨ ਤੇ ਡੇਰੇ ਵੱਲ ਨਾ ਭੱਜਣ।

ਜ਼ਿਕਰਯੋਗ ਹੈ ਕਿ ਬਾਬਾ ਗੁਰਿੰਦਰ ਸਿੰਘ ਢਿੱਲੋਂ ਕੈਂਸਰ ਤੇ ਦਿਲ ਦੇ ਰੋਗ ਤੋਂ ਪੀੜਤ ਹਨ। ਕੁਝ ਸਾਲ ਪਹਿਲਾਂ ਲੰਬਾ ਸਮਾਂ ਉਨ੍ਹਾਂ ਦਾ ਕੈਂਸਰ ਇਲਾਜ ਚੱਲਿਆ ਸੀ ਹਾਲਾਂਕਿ ਉਹ ਬਾਅਦ ਵਿਚ ਠੀਕ ਹੋ ਕੇ ਪਹਿਲਾਂ ਵਾਂਗ ਹੀ ਡੇਰੇ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ ਲੱਗ ਪਏ ਸਨ।

**ਕੌਣ ਹਨ ਡਾ. ਜਸਦੀਪ ਸਿੰਘ ਗਿੱਲ**

ਡੇਰਾ ਬਿਆਸ ਦੇ ਨਵੇਂ ਚੁਣੇ ਗਏ ਜਾਂਨਸ਼ੀਨ ਡਾ. ਜਸਦੀਪ ਸਿੰਘ ਗਿੱਲ ਦੇ ਪਿਤਾ ਸੁਖਦੇਵ ਸਿੰਘ ਗਿੱਲ ਮੁੰਬਈ ਵਿੱਚ ਡੇਰੇ ਦੀਆਂ ਬ੍ਰਾਂਚਾਂ ਦੇ ਸਕੱਤਰ ਗੁਰਵਿੰਦਰ ਸਿੰਘ ਦੇ ਜਵਾਈ ਤੇ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੇ ਭੂਆ ਦੇ ਪੁੱਤਰ ਹਨ। ਉਹ ਕੈਮੀਕਲ ਇੰਜੀਨੀਅਰ ਹਨ। ਉਨ੍ਹਾਂ ਨੇ ਕੈਂਬ੍ਰਿਜ ਯੂਨੀਵਰਿਸਟੀ ਤੋਂ ਕੈਮੀਕਲ ਇੰਜੀਨੀਅਰਿੰਗ ਵਿੱਚ ਪੀ.ਐੱਚ.ਡੀ. ਤੇ ਮੈਸਾਚੁਸੇਟਸ ਇੰਸਟੀਚਿਊਟ ਆਫ ਟੈਕਨਾਲੋਜੀ ਤੋਂ ਕੈਮੀਕਲ ਇੰਜੀਨੀਅਰਿੰਗ ਵਿੱਚ ਮਾਸਟਰ ਡਿਗਰੀ ਹਾਸਲ ਕੀਤੀ ਹੈ। ਉਨ੍ਹਾਂ ਨੇ ਆਈ.ਆਈ.ਟੀ. ਦਿੱਲੀ ਤੋਂ ਬੀਟੈਕ ਤੇ ਐਮਟੈਕ ਦੀ ਡਿਗਰੀ ਹਾਸਲ ਕੀਤੀ ਸੀ। ਡਾ. ਜਸਦੀਪ ਸਿੰਘ ਗਿੱਲ ਸਿਪਲਾ ਕੰਪਨੀ ਵਿੱਚ ਚੀਫ ਸਟ੍ਰੈਟਜੀ ਅਫਸਰ ਤੇ ਸੀਈਓ ਵਜੋਂ ਕੰਮ ਕਰ ਚੁੱਕੇ ਹਨ। ਉਨ੍ਹਾਂ ਨੇ 31 ਮਈ 2024 ਨੂੰ ਇਹ ਅਹੁਦਾ ਛੱਡਿਆ ਸੀ। ਉਹ ਬੋਰਡ ਆਬਜ਼ਰਵਰ ਦੇ ਰੂਪ ਵਿੱਚ ਏਥ੍ਰਿਸ ਐਂਡ ਅਚਿਰਾ ਲੈਬਸ ਪ੍ਰਾਈਵੇਟ ਲਿਮਟਡ ਨਾਲ ਵੀ ਜੁੜੇ ਰਹੇ। ਮਾਰਚ 2024 ਤੱਕ ਉਹ ਹੈਲਦੀ ਥੈਰੇਪਿਊਟਿਕਸ ਦੇ ਬੋਰਡ ਮੈਂਬਰ ਰਹੇ। ਇਸ ਤੋਂ ਪਹਿਲਾਂ ਉਨ੍ਹਾਂ ਨੇ ਰੈਨਬੈਕਸੀ ਵਿੱਚ ਸੀ.ਈ.ਓ. ਦੇ ਕਾਰਜਕਾਰੀ ਸਹਾਇਕ ਦੇ ਰੂਪ ਵਿੱਚ ਵੀ ਕੰਮ ਕੀਤਾ ਹੈ।

ਕੀ ਇਸ ਪਿਛੇ ਸਰਕਾਰ ਦੀ ਜਾਂ ਸੰਘ ਪਰਿਵਾਰ ਦੀ ਦਖਲਅੰਦਾਜ਼ੀ ਹੈ ?

### ਡੇਰੇ ਵਿੱਚ ਸਿਆਸੀ ਆਗੂ ਭਰਦੇ ਨੇ ਹਾਜ਼ਰੀ

ਡੇਰਾ ਰਾਧਾ ਸਵਾਮੀ ਸਤਿਸੰਗ ਬਿਆਸ ਦਾ ਵਿਆਪਕ ਪ੍ਰਭਾਵ ਹੈ। ਡੇਰਾ ਬਿਆਸ ਦਾ ਦਾਅਵਾ ਹੈ ਕਿ ਇਹ ਗੈਰ-ਸਿਆਸੀ ਹੈ, ਪਰ ਦੇਸ਼ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ, ਮੰਤਰੀ ਆਦਿ ਡੇਰੇ ਵਿੱਚ ਆਪਣੀ ਹਾਜ਼ਰੀ ਲਗਵਾਉਣ ਆਉਂਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਲੈ ਕੇ ਸੋਨੀਆ ਗਾਂਧੀ, ਲਾਲ ਕ੍ਰਿਸ਼ਨ ਅਡਵਾਨੀ, ਰਾਹੁਲ ਗਾਂਧੀ, ਨਿਤਨ ਗਡਕਰੀ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਰਾਸ਼ਟਰੀ ਸਵੈ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਆਦਿ ਹਾਜਰੀ ਭਰ ਚੁੱਕੇ ਹਨ। ਹਰ ਸਾਲ ਵੱਡੀ ਗਿਣਤੀ ਵਿੱਚ ਧਾਰਮਿਕ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਪਹੁੰਚਦੇ ਆ ਰਹੇ ਹਨ।

ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਚੰਡੀਗੜ੍ਹ ਲਿਖਦੇ ਹਨ ਕਿ ਰਾਧਾ ਸਵਾਮੀ ਡੇਰੇ ਅੰਦਰ ਰੱਫੜ ਖੜਾ ਹੋ ਗਿਆ। ਕਿਤੇ ਇਹ ਕਾਰਪੋਰੇਟ ਕਲਚਰ ਵਾਲੇ ਬਾਬੇ ਦੀ ਨਿਯੁਕਤੀ ਰਾਧਾ ਸੁਆਮੀਆਂ ਦੇ ਅਧਿਆਤਮਕਤਾ ਦੇ ਜੁਗਾੜੀ ਪੱਖ ਨੂੰ ਚੌਪਟ ਤਾਂ ਨਹੀਂ ਕਰ ਦੇਵੇਗੀ। ਇਸ ਸੰਭਾਵਤ ਡਰ ਕਾਰਨ ਡੇਰੇ ਦੇ ਸਕੱਤਰ ਦਵਿੰਦਰ ਕੁਮਾਰ ਸਿਕਰੀ ਦਾ ਬਿਆਨ ਆ ਗਿਆ ਕਿ ਸਵੇਰ ਵਾਲਾ ਐਲਾਨ ਭੁਲੇਖੇ ਕਾਰਨ ਦਿੱਤਾ ਗਿਆ ਸੀ ।

(ਬਾਕੀ ਸਫ਼ਾ 30 'ਤੇ)

### ਕੀ ਹੈ ਡੇਰੇ ਦਾ ਇਤਿਹਾਸ



ਰਾਧਾ ਸੁਆਮੀ ਸਤਿਸੰਗ ਬਿਆਸ ਡੇਰਾ 1891 ਵਿੱਚ ਸਥਾਪਿਤ ਕੀਤਾ ਗਿਆ ਸੀ। ਜਿਸ ਦਾ ਉਦੇਸ਼ ਲੋਕਾਂ ਨੂੰ ਧਾਰਮਿਕ ਸੰਦੇਸ਼ ਦੇਣਾ ਹੈ। ਇਹ ਸੰਸਥਾ ਦੁਨੀਆਂ ਦੇ 90 ਦੇਸ਼ਾਂ ਵਿੱਚ ਫੈਲੀ ਹੋਈ ਹੈ, ਜਿਸ ਵਿੱਚ ਅਮਰੀਕਾ, ਸਪੇਨ, ਨਿਊਜ਼ੀਲੈਂਡ, ਆਸਟ੍ਰੇਲੀਆ, ਜਾਪਾਨ, ਅਫ਼ਰੀਕਾ ਅਤੇ ਹੋਰ ਕਈ ਦੇਸ਼ ਸ਼ਾਮਲ ਹਨ। ਡੇਰੇ ਕੋਲ 4 ਹਜ਼ਾਰ ਏਕੜ ਤੋਂ ਵੱਧ ਜ਼ਮੀਨ ਹੈ। ਬਿਆਸ ਵਿੱਚ ਇਸ ਦਾ ਮੁੱਖ ਦਫਤਰ 3,000 ਏਕੜ ਵਿਚ ਫੈਲਿਆ ਹੋਇਆ ਹੈ ਅਤੇ ਆਪਣੇ ਆਪ ਵਿੱਚ ਇੱਕ ਛੋਟਾ ਜਿਹਾ ਸ਼ਹਿਰ ਹੈ। ਜਿਸ ਵਿੱਚ ਇਕ ਵਿਸ਼ਾਲ ਸਤਿਸੰਗ ਭਵਨ, ਰਿਹਾਇਸ਼ੀ ਖੇਤਰ, ਇੱਕ ਸਕੂਲ ਅਤੇ ਇੱਕ ਹਸਪਤਾਲ ਹੈ। ਡੇਰੇ ਦੇ ਲੱਖਾਂ ਪੈਰੋਕਾਰ ਹਨ।

ਬਾਬਾ ਸ਼ਿਵ ਦਿਆਲ ਸਿੰਘ ਨੂੰ ਰਾਧਾਸੁਆਮੀ ਲਹਿਰ ਦਾ ਮੋਢੀ ਮੰਨਿਆ ਜਾਂਦਾ ਹੈ, ਜੋ ਇੱਕ ਅਧਿਆਤਮਿਕ ਆਗੂ ਸਨ। ਬਾਬਾ ਜੈਮਲ ਸਿੰਘ 1878-1903 ਦੇ ਸੇਵਕ ਬਾਬਾ ਸਾਵਨ ਸਿੰਘ ਉਸ ਤੋਂ ਬਾਅਦ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਅਗਲੇ ਮੁਖੀ ਬਣੇ। ਉਹ 1903 ਤੋਂ 1948 ਤੱਕ ਮੁਖੀ ਰਹੇ। ਬਾਬਾ ਸਾਵਨ ਸਿੰਘ ਦੇ ਸੇਵਕ ਬਾਬਾ ਸਰਦਾਰ ਬਹਾਦਰ ਜਗਤ ਸਿੰਘ 1948 ਤੋਂ 1951 ਤੱਕ ਮੁਖੀ ਬਣੇ। ਬਾਬਾ ਸਾਵਨ ਸਿੰਘ ਦੇ ਪੈਰੋਕਾਰ ਬਾਬਾ ਚਰਨ ਸਿੰਘ ਨੇ ਬਾਬਾ ਸਰਦਾਰ ਬਹਾਦਰ ਜਗਤ ਸਿੰਘ ਤੋਂ ਬਾਅਦ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਵਜੋਂ ਅਹੁਦਾ ਸੰਭਾਲਿਆ। ਉਨ੍ਹਾਂ 1951 ਤੋਂ 1990 ਤੱਕ ਡੇਰੇ ਦੇ ਮੁੱਖੀ ਰਹੇ। ਜਿਸ ਤੋਂ ਬਾਅਦ ਬਾਬਾ ਚਰਨ ਸਿੰਘ ਦੇ ਉਤਰਅਧਿਕਾਰੀ ਬਾਬਾ ਗੁਰਿੰਦਰ ਸਿੰਘ ਨੇ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਵਜੋਂ ਅਹੁਦਾ ਸੰਭਾਲਿਆ

## ਸੁਖਰਾਜ ਸਿੰਘ ਨਿਆਮੀਵਾਲਾ ਗਿੱਦੜਬਾਹਾ ਤੋਂ ਲੜਨਗੇ ਜ਼ਿਮਨੀ ਚੋਣ

### ਸੁਖਬੀਰ ਬਾਦਲ ਦੀਆਂ ਮੁਸ਼ਕਿਲਾਂ ਵਿੱਚ ਫਿਰ ਹੋਇਆ ਵਾਧਾ



ਮੋਗਾ/ਏ.ਟੀ.ਨਿਊਜ਼ : ਸੁਖਬੀਰ ਬਾਦਲ ਦੀਆਂ ਮੁਸ਼ਕਿਲਾਂ ਵਿੱਚ ਫਿਰ ਹੋਇਆ ਵਾਧਾਬੀਤੇ ਦਿਨੀਂ ਬਹਿਬਲ ਕਲਾਂ ਗੋਲੀਕਾਂਡ ਵਿੱਚ ਸ਼ਹੀਦ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨਿਆਮੀਵਾਲਾ ਪ੍ਰੈੱਸ ਕਾਨਫਰੰਸ ਕਰਕੇ ਗਿੱਦੜਬਾਹਾ ਤੋਂ ਜ਼ਿਮਨੀ ਚੋਣ ਲੜਨ ਦਾ ਐਲਾਨ ਕਰ ਚੁੱਕੇ ਹਨ। ਜੇਕਰ ਉਹ ਮੈਦਾਨ ਵਿੱਚ ਉੱਤਰਦੇ ਹਨ ਤਾਂ ਇਥੇ ਬਾਦਲ ਅਕਾਲੀ ਦਲ ਲਈ ਵੱਡੀ ਚੁਣੌਤੀ ਹੋਵੇਗੀ। ਸੰਭਾਵਨਾ ਇਹ ਵੀ ਹੈ ਕਿ ਬਾਗੀ ਅਕਾਲੀ ਸੁਖਰਾਜ ਦੀ ਹਮਾਇਤ ਕਰ ਸਕਦੇ ਹਨ। ਉਨ੍ਹਾਂ ਆਪਣਾ ਉਮੀਦਵਾਰ ਨਾ ਖੜ੍ਹਾ ਕਰਨ ਦਾ ਐਲਾਨ ਕੀਤਾ ਹੈ। ਇਥੇ ਪਹਿਲਾਂ ਸੁਖਬੀਰ ਬਾਦਲ ਦਾ ਮਨ ਖੁਦ ਚੋਣ ਲੜਨ ਦਾ ਸੀ, ਪਰ ਹਰਦੀਪ ਸਿੰਘ ਡਿੰਪੀ ਢਿੱਲੋਂ ਵੱਲੋਂ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕਰਨ ਬਾਅਦ ਇਹ ਵਿਚਾਰ ਤਿਆਗ ਦਿੱਤਾ ਹੈ। ਇਸ ਕਾਰਨ ਅਕਾਲੀ ਦਲ ਨੂੰ ਵੱਡਾ ਝਟਕਾ ਲਗਾ ਸੀ। ਹੁਣ ਬਾਦਲ ਅਕਾਲੀ ਦਲ ਵੱਲੋਂ ਕਿਸੇ ਹੋਰ ਉਮੀਦਵਾਰ ਦੇ ਚੋਣ ਲੜਨ ਦੀ ਸੰਭਾਵਨਾ ਹੈ, ਪਰ ਸੁਖਰਾਜ ਦੇ ਇਸ ਐਲਾਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੂੰ ਵੱਡੀ ਚੁਣੌਤੀ ਮਿਲੀ ਹੈ। ਸੁਖਰਾਜ ਨੇ ਕਿਹਾ ਸੀ ਕਿ ਉਹ ਆਜ਼ਾਦ ਚੋਣ ਪੰਥਕ ਉਮੀਦਵਾਰ ਵਜੋਂ ਲੜਨਗੇ। ਸੁਖਰਾਜ ਸਿੰਘ ਨੇ ਇਲਾਕਾ ਨਿਵਾਸੀਆਂ ਨੂੰ ਸਾਥ ਦੇਣ ਦੀ ਅਪੀਲ (ਬਾਕੀ ਸਫ਼ਾ 31 'ਤੇ)

## ਚੰਨੀ ਵੱਲੋਂ ਹਿਮਾਚਲ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਮਾਨਤਾ ਦੇਣ ਦੀ ਮੰਗ



ਜਲੰਧਰ/ਏ.ਟੀ.ਨਿਊਜ਼: ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਲੋਕ ਸਭਾ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਹਿਮਾਚਲ ਪ੍ਰਦੇਸ਼ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਮਾਨਤਾ ਦੇਣ ਦੀ ਮੰਗ ਕੀਤੀ। ਉਨ੍ਹਾਂ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨਾਲ ਸ਼ਿਮਲਾ ਵਿੱਚ ਕੀਤੀ ਮੀਟਿੰਗ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਨ੍ਹਾਂ ਇਸ ਗੱਲ ਨੂੰ ਬਾਖੂਬੀ ਉਭਾਰਿਆ ਹੈ ਕਿ ਹਿਮਾਚਲ ਪ੍ਰਦੇਸ਼ ਵਿੱਚ ਵੱਡੀ ਪੱਧਰ 'ਤੇ ਲੋਕ ਪੰਜਾਬੀ ਬੋਲਦੇ ਹਨ, ਇਸ ਲਈ ਪੰਜਾਬੀ ਨੂੰ ਬਣਦਾ ਮਾਣ ਦਿੱਤਾ ਜਾਵੇ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਸ ਮੀਟਿੰਗ ਸਬੰਧੀ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਪੋਸਟ ਸ਼ੇਅਰ ਕੀਤੀ ਹੈ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਅਤੇ ਭਰੋਸਾ ਦਿੱਤਾ ਕਿ ਉਹ ਇਸ ਨੂੰ ਲਾਗੂ ਕਰਨ ਵਿੱਚ ਯਤਨਸ਼ੀਲ ਰਹਿਣਗੇ। ਦੋਵਾਂ ਆਗੂਆਂ ਨੇ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ 'ਤੇ ਕਰੀਬ ਡੇਢ ਘੰਟੇ ਤੱਕ ਗੱਲਬਾਤ ਕੀਤੀ। ਇਸ ਦੌਰਾਨ ਦੋਵਾਂ ਵਿਚਾਲੇ ਹਿਮਾਚਲ ਅਤੇ ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ ਬਾਰੇ ਵੀ ਗੱਲਬਾਤ ਹੋਈ।

## ਪਰਬਤਾਰੋਹੀ ਅਮਰਦੀਪ ਸਿੰਘ ਨੇ ਮੈਂਟੋਕ ਕਾਂਗੜੀ 2 ਦੀ ਚੋਟੀ 'ਤੇ ਲਹਿਰਾਇਆ ਤਿਰੰਗਾ



43 ਸਾਲਾ ਬੈਂਕਰ ਅਤੇ ਨੂਰਪੁਰ (ਜਲੰਧਰ) ਦੇ ਵਸਨੀਕ ਅਮਰਦੀਪ ਸਿੰਘ ਨੇ ਅਪਣੀ ਅਥਾਹ ਇੱਛਾ ਸ਼ਕਤੀ ਅਤੇ ਹਿੰਮਤ ਨਾਲ ਪਰਬਤਾਰੋਹੀ ਦੀ ਦੁਨੀਆਂ ਵਿੱਚ ਇੱਕ ਹੋਰ ਰਿਕਾਰਡ ਕਾਇਮ ਕੀਤਾ ਹੈ। ਅਪਣੀ ਪੇਸ਼ੇਵਰ ਜ਼ਿੰਦਗੀ ਦੇ ਨਾਲ-ਨਾਲ ਅਪਣੇ ਜਨੂੰਨ ਨੂੰ ਜੀਉਂਦੇ ਹੋਏ, ਅਮਰਦੀਪ ਸਿੰਘ ਨੇ ਪਿਛਲੇ ਦਿਨੀਂ ਲੱਦਾਖ਼ ਵਿੱਚ 6180 ਮੀਟਰ ਉੱਚੀ ਮਾਊਂਟ ਮੈਂਟੋਕ ਕਾਂਗੜੀ 2 ਦੀ ਚੋਟੀ 'ਤੇ ਸਫ਼ਲਤਾਪੂਰਵਕ ਚੜ੍ਹ ਕੇ ਤਿਰੰਗਾ ਝੰਡਾ ਲਹਿਰਾਇਆ।

ਇਸ ਤੋਂ ਪਹਿਲਾਂ ਇਸ ਸਾਲ ਮਈ ਵਿੱਚ ਅਮਰਦੀਪ ਨੇ ਨੇਪਾਲ ਵਿੱਚ 6091 ਮੀਟਰ ਉੱਚੀ ਮਾਊਂਟ ਲਾਬੋਚੇ ਈਸਟ ਦੀ ਚੁਣੌਤੀਪੂਰਨ ਚੋਟੀ ਵੀ ਸਰ ਕੀਤੀ ਸੀ। ਅਮਰਦੀਪ ਸਿੰਘ ਇੱਕ ਤਜਰਬੇਕਾਰ ਮੌਸਮੀ ਪਰਬਤਾਰੋਹੀ ਹੈ ਅਤੇ ਉਸ ਨੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਕਈ ਵੱਡੀਆਂ ਮੁਹਿੰਮਾਂ ਵਿਚ ਹਿੱਸਾ ਲੈ ਕੇ ਆਪਣੀ ਯੋਗਤਾ ਦਾ ਪ੍ਰਦਰਸ਼ਨ ਕੀਤਾ ਹੈ।

ਅਮਰਦੀਪ ਸਿੰਘ ਦੀਆਂ ਇਹ ਪ੍ਰਾਪਤੀਆਂ ਨਾ ਸਿਰਫ਼ ਪਰਬਤਾਰੋਹੀ ਪ੍ਰਤੀ ਉਸ ਦੇ ਲਗਨ ਅਤੇ ਜਨੂੰਨ ਨੂੰ ਦਰਸਾਉਂਦੀਆਂ ਹਨ, ਸਗੋਂ ਇਹ ਵੀ ਸਾਬਤ ਕਰਦੀਆਂ ਹਨ ਕਿ ਮਜ਼ਬੂਤ ਇਰਾਦੇ ਅਤੇ ਸਖ਼ਤ ਮਿਹਨਤ ਨਾਲ ਕੋਈ ਵੀ ਉਚਾਈ ਹਾਸਲ ਕੀਤੀ ਜਾ ਸਕਦੀ ਹੈ। ਉਸ ਨੇ ਅਪਣੀ ਹਿੰਮਤ ਅਤੇ ਦ੍ਰਿੜ੍ਹ ਇਰਾਦੇ ਨਾਲ ਇਹ ਸੰਦੇਸ਼ ਦਿੱਤਾ ਹੈ ਕਿ ਉਮਰ ਅਤੇ ਪੇਸ਼ਾ ਸਿਰਫ਼ ਇੱਕ ਗਿਣਤੀ ਹੈ।

ਦਰਪਣ ਝੂਠ ਨਹੀਂ ਬੋਲਦਾ

# ਭਾਜਪਾ ਦਾ ਨਵਾਂ ਕੰਗਨਾ ਵਾਲਾ ਫ਼ਿਰਕੂ ਪੱਤਾ, ਸਿੱਖ ਪੰਥ ਤੇ ਕਿਸਾਨਾਂ ਵਿਰੁੱਧ ਬੁਰੀ ਤਰ੍ਹਾਂ ਹੋਇਆ ਫ਼ੇਲ੍ਹ

## ਅਦਾਲਤ ਵੱਲੋਂ ਹਾਲ ਦੀ ਘੜੀ ਐਮਰਜੈਂਸੀ ਫ਼ਿਲਮ ਉੱਪਰ ਰੋਕ

## ਕਿਸਾਨਾਂ ਤੇ ਸਿੱਖ ਪੰਥ ਵਿੱਚ ਭਾਜਪਾ ਪ੍ਰਤੀ ਸਖ਼ਤ ਰੋਸ

ਭਾਰਤੀ ਜਨਤਾ ਪਾਰਟੀ ਵਿੱਚ ਇਹ ਇੱਕ ਰਣਨੀਤੀ ਹੈ ਕਿ ਇਸਦੇ ਕੱਟੜਪੰਥੀ ਨੇਤਾਵਾਂ ਦੇ ਉਦਾਰਵਾਦੀ ਬਣਨ ਅਤੇ ਫਿਰ ਨਵੇਂ ਕੱਟੜਪੰਥੀ ਨੇਤਾਵਾਂ ਦੇ ਉਭਰਨ ਦਾ ਸਿਲਸਿਲਾ ਚਲਦਾ ਰਹਿੰਦਾ ਹੈ। ਜਿਵੇਂ ਅਟਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ ਵਰਗੇ ਆਗੂ ਸਨ। ਇਨ੍ਹਾਂ ਵਿੱਚੋਂ ਵਾਜਪਾਈ ਉਦਾਰਵਾਦੀ ਅਤੇ ਅਡਵਾਨੀ ਕੱਟੜਪੰਥੀ ਬਣ ਗਏ। ਫਿਰ ਜਦੋਂ ਨਰਿੰਦਰ ਮੋਦੀ ਆਇਆ ਤਾਂ ਮੋਦੀ ਕੱਟੜਪੰਥੀ ਬਣ ਗਿਆ ਅਤੇ ਅਡਵਾਨੀ ਉਦਾਰਵਾਦੀ ਹੋ ਗਿਆ। ਮੋਦੀ ਅਤੇ ਅਮਿਤ ਸ਼ਾਹ ਬਾਰੇ ਭਵਿੱਖ ਵਿੱਚ ਇਹ ਸੰਭਵ ਹੈ ਕਿ ਮੋਦੀ ਉਦਾਰਵਾਦੀ ਬਣ ਸਕਦੇ ਹਨ ਅਤੇ ਸ਼ਾਹ ਕੱਟੜਪੰਥੀ ਬਣ ਸਕਦੇ ਹਨ ਅਤੇ ਫਿਰ ਸ਼ਾਹ ਉਦਾਰਵਾਦੀ ਹੋ ਸਕਦੇ ਹਨ ਅਤੇ ਯੋਗੀ ਆਦਿਤਿਆਨਾਥ ਕੱਟੜਪੰਥੀ ਨੇਤਾ ਬਣ ਸਕਦੇ ਹਨ। ਇਹ ਸਿਲਸਿਲਾ ਮਹਿਲਾ ਆਗੂਆਂ ਵਿੱਚ ਵੀ ਜਾਰੀ ਹੈ। ਸੁਸ਼ਮਾ ਸਵਰਾਜ ਇੱਕ ਉਦਾਰਵਾਦੀ ਚਿਹਰਾ ਸੀ ਜਦੋਂ ਕਿ ਉਮਾ ਭਾਰਤੀ ਇੱਕ ਕੱਟੜਪੰਥੀ ਸੀ। ਫਿਰ ਉਮਾ ਭਾਰਤੀ ਉਦਾਰਵਾਦੀ ਹੋ ਗਈ ਜਾਂ ਰਾਜਨੀਤੀ ਤੋਂ ਬਾਹਰ ਹੋ ਗਈ ਅਤੇ ਉਨ੍ਹਾਂ ਦੀ ਥਾਂ ਸਮ੍ਰਿਤੀ ਇਰਾਨੀ ਨੇ ਲੈ ਲਈ। ਹੁਣ ਲੋਕ ਸਭਾ ਚੋਣਾਂ ਹਾਰਨ ਤੋਂ ਬਾਅਦ ਸਮ੍ਰਿਤੀ ਇਰਾਨੀ ਉਦਾਰਵਾਦੀ ਹੋ ਗਈ ਹੈ ਅਤੇ ਉਸ ਦੀ ਜਗ੍ਹਾ ਕੰਗਨਾ ਰਣੌਤ ਨੇ ਲੈ ਲਈ ਹੈ।




ਲੋਕ ਸਭਾ ਚੋਣਾਂ ਹਾਰਨ ਤੋਂ ਬਾਅਦ ਸਮ੍ਰਿਤੀ ਇਰਾਨੀ ਨੇ ਪਹਿਲੀ ਵਾਰ ਇੱਕ ਲੰਮਾ ਇੰਟਰਵਿਊ ਦਿੱਤਾ, ਜਿਸ ਵਿੱਚ ਉਹ ਰਾਹੁਲ ਗਾਂਧੀ ਦੀ ਰਾਜਨੀਤੀ ਦਾ ਵਿਸ਼ਲੇਸ਼ਣ ਕਰ ਰਹੀ ਹੈ। ਉਸ ਤੋਂ ਜਾਪਦਾ ਸੀ ਕਿ ਉਸ ਦੇ ਸ਼ਬਦਾਂ ਵਿੱਚ ਰਾਹੁਲ ਗਾਂਧੀ ਪ੍ਰਤੀ ਕੋਈ ਨਫ਼ਰਤ ਨਹੀਂ ਸੀ। ਪਰ ਉਸ ਦੀ ਜਗ੍ਹਾ ਲੈ ਰਹੀ ਕੰਗਨਾ ਰਣੌਤ ਨੇ ਉਦੋਂ ਹੀ ਨਫ਼ਰਤ ਦਿਖਾਈ ਹੈ ਜਦੋਂ ਉਸਨੇ ਹਾਲ ਹੀ ਵਿੱਚ ਆਪਣੀ ਫਿਲਮ ਐਮਰਜੈਂਸੀ ਦੇ ਪ੍ਰਮੋਸ਼ਨ ਲਈ ਕਈ ਇੰਟਰਵਿਊ ਦਿੱਤੇ ਤੇ ਸਿੱਖ ਪੰਥ ਵਿਰੁੱਧ ਤਿਖੀਆਂ ਟਿੱਪਣੀਆਂ ਕੀਤੀਆਂ ਸਨ। ਕੰਗਨਾ ਨੇ ਸਭ ਤੋਂ ਪਹਿਲਾਂ ਕਿਸਾਨਾਂ ਪ੍ਰਤੀ ਨਫ਼ਰਤ ਦਾ ਪ੍ਰਗਟਾਵਾ ਕਰਦਿਆਂ ਕਿਹਾ ਸੀ ਕਿ ਕਿਸਾਨ ਅੰਦੋਲਨ ਵਿੱਚ ਬਲਾਤਕਾਰ ਹੋ ਰਹੇ ਹਨ, ਲਾਸ਼ਾਂ ਲਟਕ ਰਹੀਆਂ ਸਨ ਅਤੇ ਜੇਕਰ ਸਰਕਾਰ ਮਜ਼ਬੂਤ ਨਾ ਹੁੰਦੀ ਤਾਂ ਬੰਗਲਾਦੇਸ਼ ਬਣ ਜਾਣਾ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਇੰਦਰਾ ਗਾਂਧੀ ਪ੍ਰਤੀ ਨਫਰਤ ਜ਼ਾਹਿਰ ਕਰਦਿਆਂ ਕਿਹਾ ਸੀ ਕਿ ਜਦੋਂ ਬੰਗਲਾਦੇਸ਼ ਦੀ ਵੰਡ ਹੋਈ ਤਾਂ ਇੰਦਰਾ ਗਾਂਧੀ ਵੀ ਦੇਸ਼ ਨੂੰ ਵੰਡਣਾ ਚਾਹੁੰਦੀ ਸੀ। ਰਾਹੁਲ ਗਾਂਧੀ ਪ੍ਰਤੀ ਨਫ਼ਰਤ ਜ਼ਾਹਰ ਕਰਦੇ ਹੋਏ ਕੰਗਨਾ ਨੇ ਇੱਕ ਨਿਊਜ਼ ਚੈਨਲ ਦੀ ਐਂਕਰ ਨੂੰ ਪੁੱਛਿਆ ਕਿ ਰਾਹੁਲ ਨੇ ਵਿਰੋਧੀ ਧਿਰ ਦਾ ਨੇਤਾ ਬਣਨ ਲਈ ਅਜਿਹਾ ਕੀ ਕੀਤਾ ਹੈ? ਜਦੋਂ ਐਂਕਰ ਨੇ 99 ਸੀਟਾਂ ਦਾ ਜ਼ਿਕਰ ਕੀਤਾ ਤਾਂ ਕੰਗਨਾ ਐਂਕਰ ਤੋਂ ਗੁੱਸੇ ਵਿੱਚ ਆ ਗਈ। ਉਸਨੇ ਨੇ ਜਾਤੀ ਗਣਨਾ ਬਾਰੇ ਵੀ ਆਪਣੀ ਰਾਏ ਦਿੱਤੀ ਕਿ ਇਹ ਨਹੀਂ ਹੋਣੀ ਚਾਹੀਦੀ। ਅਜਿਹਾ ਕਹਿਕੇ ਉਸਨੇ ਦਲਿਤ ਸਮਾਜ ਨੂੰ ਵੀ ਨਰਾਜ਼ ਕਰ ਲਿਆ। ਪਹਿਲਾਂ ਸਮ੍ਰਿਤੀ ਇਰਾਨੀ ਅਜਿਹੀਆਂ ਗੱਲਾਂ ਕਰਦੀ ਸੀ। ਹੁਣ ਇਹ ਕਹਿਣ ਦੀ ਜ਼ਿੰਮੇਵਾਰੀ ਕੰਗਨਾ ਰਣੌਤ ਦੀ ਹੈ।

ਕੰਗਨਾ ਰਣੌਤ ਨੇ ਕਿਸਾਨਾਂ ਵਿਰੁੱਧ ਜ਼ਹਿਰੀਲਾ ਹਮਲਾ ਬੋਲਣ ਉਪਰੰਤ ਸਿੱਖ ਪੰਥ ਨੂੰ ਆਪਣੀ ਫਿਲਮ ਐਮਰਜੈਂਸੀ ਰਾਹੀਂ ਨਿਸ਼ਾਨਾ ਬਣਾਇਆ ਹੈ। ਇਸ ਫਿਲਮ ਵਿੱਚ ਸਿੱਖਾਂ ਨੂੰ ਹਿੰਦੂਆਂ ਦੇ ਕਾਤਲ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ।

ਇਸ ਫਿਲਮ 'ਤੇ ਇਤਰਾਜ਼ ਜਤਾਉਂਦੇ ਹੋਏ ਕੁਝ ਸਿੱਖਾਂ ਨੇ ਪੰਜਾਬ-ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਇਸ ਦੇ ਸਕ੍ਰੀਨਿੰਗ ਸਰਟੀਫਿਕੇਟ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ।

ਕੰਗਨਾ ਰਣੌਤ ਦੀ ਫ਼ਿਲਮ 'ਐਮਰਜੈਂਸੀ' 'ਤੇ ਰੋਕ ਲਗਾਉਣ ਦੀ ਮੰਗ ਵਾਲੀ ਪਟੀਸ਼ਨ 'ਤੇ ਕੇਂਦਰ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਸੀ ਕਿ ਫ਼ਿਲਮ 'ਐਮਰਜੈਂਸੀ' ਨੂੰ ਸੈਂਸਰ ਬੋਰਡ ਨੇ ਸਰਟੀਫਿਕੇਟ ਜਾਰੀ ਨਹੀਂ ਕੀਤਾ। ਕੇਂਦਰ ਦੇ ਇਸ ਜਵਾਬ 'ਤੇ ਹਾਈ ਕੋਰਟ ਨੇ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਪਟੀਸ਼ਨਕਰਤਾ ਨੂੰ ਸੈਂਸਰ ਬੋਰਡ ਦੀ ਕਮੇਟੀ ਦੇ ਸਾਹਮਣੇ ਆਪਣੀ ਮੰਗ ਰੱਖਣ ਤੇ ਦੁਬਾਰਾ ਪਟੀਸ਼ਨ ਦਾਇਰ ਕਰਨ ਦੀ ਛੋਟ ਦੇ ਦਿੱਤੀ ਹੈ। ਭਾਰਤ ਦੇ ਐਡੀਸ਼ਨਲ ਐਡਵੋਕੇਟ ਜਨਰਲ ਸਤਿਆ ਪਾਲ ਜੈਨ ਨੇ ਸੀ.ਬੀ.ਐਫ.ਸੀ. ਵੱਲੋਂ ਅਦਾਲਤ ਵਿੱਚ ਪੇਸ਼ ਹੋਏ ਕਿਹਾ ਸੀ ਕਿ ਫਿਲਮ 'ਐਮਰਜੈਂਸੀ' ਨੂੰ ਅਜੇ ਤੱਕ ਜਨਤਕ ਸਕ੍ਰੀਨਿੰਗ ਲਈ ਮਨਜ਼ੂਰੀ ਨਹੀਂ ਦਿੱਤੀ ਗਈ ਹੈ। ਇਸ ਫਿਲਮ ਦੇ ਸਰਟੀਫਿਕੇਸ਼ਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਪਰ ਇਹ ਸਥਾਪਿਤ ਨਿਯਮਾਂ ਅਨੁਸਾਰ ਹੀ ਹੋਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਸ਼ਿਕਾਇਤ ਹੈ ਤਾਂ ਉਹ ਬੋਰਡ ਨੂੰ ਭੇਜ ਸਕਦੇ ਹਨ। ਇਸ 'ਤੇ ਗੰਭੀਰਤਾ ਨਾਲ ਵਿਚਾਰ ਕਰਕੇ ਕੋਈ ਫੈਸਲਾ ਲਿਆ ਜਾਵੇਗਾ।

ਜੈਨ ਨੇ ਕਿਹਾ ਸੀ ਕਿ ਬੋਰਡ ਕਿਸੇ ਵੀ ਫਿਲਮ ਨੂੰ ਪ੍ਰਮਾਣਿਤ ਕਰਨ ਤੋਂ ਪਹਿਲਾਂ ਕਈ ਪਹਿਲੂਆਂ ਨੂੰ ਧਿਆਨ ਵਿੱਚ ਰੱਖਦਾ ਹੈ। ਉਹ ਇਹ ਵੀ ਯਕੀਨੀ ਬਣਾਉਂਦਾ ਹੈ ਕਿ ਕਿਸੇ ਵੀ ਧਾਰਮਿਕ ਜਾਂ ਕਿਸੇ ਹੋਰ ਸਮੂਹ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ। ਬੋਰਡ ਦੇ ਵਕੀਲ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਅਨਿਲ ਖੇਤਰਪਾਲ ਨੇ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ। ਤੁਹਾਨੂੰ ਦੱਸ ਦੇਈਏ ਕਿ ਆਪਣੇ ਮੋਹਾਲੀ ਦੇ ਗੁਰਿੰਦਰ ਸਿੰਘ ਅਤੇ ਜਗਮੋਹਨ ਸਿੰਘ ਨੇ ਪੰਜਾਬ-ਹਰਿਆਣਾ ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ। ਉਨ੍ਹਾਂ ਨੇ ਸੀ.ਬੀ.ਐਫ.ਸੀ. ਵੱਲੋਂ ਫ਼ਿਲਮ ਨੂੰ ਦਿੱਤੇ ਕਥਿਤ ਸਰਟੀਫਿਕੇਟ ਨੂੰ ਰੱਦ ਕਰਨ ਅਤੇ ਇਸ ਨੂੰ ਰਿਲੀਜ਼ ਕਰਨ ਤੋਂ ਪਹਿਲਾਂ ਪ੍ਰਸਿੱਧ ਸਿੱਖ ਸ਼ਖਸੀਅਤਾਂ ਤੋਂ ਸਮੀਖਿਆ ਕਰਨ ਦੀ ਇਜਾਜ਼ਤ ਦੇਣ ਦੀ ਮੰਗ ਕੀਤੀ ਸੀ।

# ਵਿਰਸਾ ਸਿੰਘ ਵਲਟੋਹਾ ਮਹਾਰਾਜਾ ਰਣਜੀਤ ਸਿੰਘ ਦੀ ਤੁਲਨਾ ਸੁਖਬੀਰ ਬਾਦਲ ਨਾਲ ਕਿਉਂ ਕਰ ਰਹੇ ਹਨ ?

## ਸੁਖਬੀਰ ਨੇ ਸਿੱਖਾਂ ਉੱਪਰ ਗੋਲੀਆਂ ਚਲਾਈਆਂ, ਪਰ ਸ਼ੇਰੇ ਪੰਜਾਬ ਆਪਣੀ ਮੌਤ ਤੋਂ ਬਾਅਦ ਸਿੱਖ ਜਗਤ ਦੇ ਨਾਇਕ ਹਨ

### ਹੁਣ ਜ਼ਿਮਨੀ ਚੋਣਾਂ ਬਾਦਲ ਅਕਾਲੀ ਦਲ ਲਈ ਲੜਨੀਆਂ ਸੌਖੀਆਂ ਨਹੀਂ

### ਸੁਖਬੀਰ ਨੂੰ ਅਕਾਲੀ ਦਲ ਵਿਚੋਂ ਖਾਰਜ ਕਰਨ ਬਾਰੇ ਸਿਖਾਂ ਦੀਆਂ ਸ਼ਿਕਾਇਤਾਂ ਪੁੱਜਣ ਲਗੀਆਂ

ਸਾਬਕਾ ਖਾੜਕੂ ਤੇ ਅਕਾਲੀ ਦਲ ਦੇ ਸਾਬਕਾ ਵਿਧਾਇਕ ਵਿਰਸਾ ਸਿੰਘ ਦੀ ਸਿੱਖ ਪੰਥ ਪ੍ਰਤੀ ਨਿਸ਼ਠਾ ਰੱਖਣ ਤੇ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਬਚਾਉਣ ਦੀ ਥਾਂ ਸੁਖਬੀਰ ਸਿੰਘ ਬਾਦਲ ਦਾ ਡੁਬਦਾ ਸਿਆਸੀ ਬੇੜਾ ਕਿਉਂ ਬਚਾਉਣਾ ਚਾਹੁੰਦੇ ਹਨ, ਜਿਸਨੂੰ ਅਕਾਲ ਤਖ਼ਤ ਸਾਹਿਬ ਨੇ ਗੁਨਾਹਗਾਰਾਂ ਦੇ ਕਟਹਿਰੇ ਵਿੱਚ ਖੜਾ ਕਰ ਦਿੱਤਾ?

ਹੁਣੇ ਜਿਹੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦੇਣ ਦੇ ਫੈਸਲੇ 'ਤੇ ਸਾਬਕਾ ਵਿਧਾਇਕ ਤੇ ਸਾਬਕਾ ਖਾੜਕੂ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਸੀ ਕਿ ਸੁਖਬੀਰ ਸਿੰਘ ਅਕਾਲ ਤਖਤ ਸਾਹਿਬ 'ਤੇ ਜਾ ਕੇ ਪੇਸ਼ ਹੋਣਗੇ ਅਤੇ ਜੋ ਵੀ ਸਜ਼ਾ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤੀ ਜਾਵੇਗੀ, ਉਸ ਨੂੰ ਪ੍ਰਵਾਨ ਕੀਤਾ ਜਾਵੇਗਾ। ਸਜ਼ਾ ਭੁਗਤਣ ਤੋਂ ਬਾਅਦ ਅਕਾਲ ਤਖਤ ਸਾਹਿਬ ਤੋਂ ਹੀ ਉਨ੍ਹਾਂ ਨੂੰ ਦੋਸ਼ ਮੁਕਤ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਅਕਾਲੀ ਬਾਬਾ ਫੂਲਾ ਸਿੰਘ ਨੇ ਪੇਸ਼ ਹੋਣ ਲਈ ਕਿਹਾ ਸੀ ਤਾਂ ਉਸ ਸਮੇਂ ਮਹਰਾਜਾ ਰਣਜੀਤ ਸਿੰਘ ਮਹਾਰਾਜਾ ਦੀ ਉਪਾਧੀ ਛੱਡ ਕੇ ਪੇਸ਼ ਨਹੀਂ ਹੋਏ ਸੀ। ਉਸ ਵਕਤ ਮਹਾਰਾਜਾ ਦਾ ਅਹੁਦਾ ਉਨ੍ਹਾਂ ਦੇ ਕੋਲ ਸੀ। ਸੁਖਬੀਰ ਫਿਰ ਅਹੁਦਾ ਕਿਉਂ ਛੱਡਣ?



ਸੁਆਲ ਤਾਂ ਇਹ ਹੈ ਕੀ ਸ਼ੇਰੇ ਪੰਜਾਬ ਦੀ ਤੁਲਨਾ ਸੁਖਬੀਰ ਵਰਗੇ ਗੁਨਾਹਗਾਰ ਨਾਲ ਹੋ ਸਕਦੀ ਹੈ?

ਵਲਟੋਹਾ ਜੁਆਬ ਦੇਣ ਕਿ ਮਹਾਰਾਜਾ ਰਣਜੀਤ ਸਿੰਘ ਦੀ ਪੇਸ਼ੀ ਅਕਾਲ ਤਖਤ ਉਪਰ ਪੇਸ਼ੀ ਕਦੋਂ ਹੋਈ ਕਿਹੜੇ ਦੋਸ਼ ਕਾਰਨ ਹੋਈ। ਇਹ ਗੱਪ ਮਿਥਕ ਇਤਿਹਾਸ ਬਣਾਕੇ ਅੰਗਰੇਜ਼ ਲੇਖਕਾਂ ਨੇ ਖ਼ਾਲਸਾ ਰਾਜ ਦੇ ਖ਼ਾਤਮੇ ਬਾਅਦ ਢਾਡੀਆਂ ਵੱਲੋਂ ਪੇਸ਼ ਕੀਤੀ ਗਈ ਜਿਸ ਦਾ ਕੋਈ ਇਤਿਹਾਸਕ ਆਧਾਰ 'ਤੇ ਸਮਕਾਲੀਨ ਦਸਤਾਵੇਜ਼ ਨਹੀਂ ਹੈ। ਦੂਸਰਾ ਮਹਾਰਾਜਾ ਰਣਜੀਤ ਸਿੰਘ ਉੱਪਰ ਅਜਿਹਾ ਕੋਈ ਦੋਸ਼ ਨਹੀਂ ਕਿ ਉਸਨੇ ਸਿੱਖ ਪੰਥ ਵਿਰੁੱਧ ਗੁਨਾਹ ਕੀਤੇ। ਮਹਾਰਾਜਾ ਰਣਜੀਤ ਸਿੰਘ ਹਮੇਸਾ ਪੰਥ ਅੱਗੇ ਝੁਕਿਆ। ਸਿੱਖ ਪੰਥ ਉਸ ਦੀ ਮੌਤ ਤੋਂ ਬਾਅਦ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਜਰਨੈਲ ਮੰਨਕੇ ਖ਼ਾਲਸਾ ਰਾਜ ਲਈ ਜੰਗਾਂ ਲੜਿਆ। ਖ਼ਾਲਸਾ ਪੰਥ ਆਖਰੀ ਜੰਗ ਗੁਜਰਾਤ ਵਾਲੀ ਜੰਗ ਅੰਗਰੇਜ਼ਾਂ ਖ਼ਿਲਾਫ਼ ਹਾਰਿਆ ਤਾਂ ਮਹਾਰਾਜਾ ਰਣਜੀਤ ਸਿੰਘ ਦਾ ਨਾਮ ਲੈਕੇ ਰੋਇਆ ਕਿ ਅੱਜ ਮਹਾਰਾਜਾ ਰਣਜੀਤ ਸਿੰਘ ਮਰਿਆ ਹੈ। ਇਹ ਇਤਿਹਾਸ ਹੈ ਖ਼ਾਲਸਾ ਪੰਥ ਸ਼ੇਰੇ ਪੰਜਾਬ ਦੀ ਰੂਹ ਵਿੱਚ ਜੀਉਂਦਾ ਸੀ ਤੇ ਸ਼ੇਰੇ ਪੰਜਾਬ ਖ਼ਾਲਸਾ ਪੰਥ ਵਿੱਚ। ਇਹ ਅਟੁੱਟ ਬੰਧਨ ਸੀ। ਅੱਜ ਵੀ ਖ਼ਾਲਸਾ ਪੰਥ ਦੀ ਰੂਹ ਵਿੱਚ ਸ਼ੇਰੇ ਪੰਜਾਬ ਜਿਉਂਦਾ ਹੈ। ਕੀ ਸੁਖਬੀਰ ਬਾਦਲ ਖ਼ਾਲਸਾ ਪੰਥ ਦੀ ਰੂਹ ਵਿੱਚ ਜਿਉਂਦਾ ਹੈ? ਸੁਆਲ ਇਹ ਹੈ ਵਲਟੋਹਾ ਸੁਖਬੀਰ ਸਿੰਘ ਬਾਦਲ ਦੇ ਗੁਨਾਹਾਂ (ਬਾਕੀ ਸਫ਼ਾ 31 'ਤੇ)

# ਪੰਜਾਬ ਵਿਧਾਨ ਸਭਾ 'ਚ ਸੱਤਾ ਪੱਖੀ ਤੇ ਵਿਰੋਧੀ ਧਿਰਾਂ ਵਿਚਾਲੇ ਖੜਕਾ ਦੜਕਾ ਪਹਿਲਾਂ ਵਾਂਗ ਜਾਰੀ

ਪਿਛਲੇ ਲੰਬੇ ਸਮੇਂ ਤੋਂ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਸੁੰਗੜਦੇ ਜਾ ਰਹੇ ਹਨ ਤੇ ਇਹ ਪੰਜਾਬ ਦੇ ਮਸਲਿਆਂ ਦਾ ਹੱਲ ਕਰਨ ਵਿਚ ਅਸਮਰਥ ਰਹੇ ਹਨ। ਸ਼ਾਇਦ ਸਰਕਾਰਾਂ, ਸਿਆਸੀ ਪਾਰਟੀਆਂ ਅਤੇ ਪੰਜਾਬ ਦੇ ਸਤਾਧਾਰੀ ਨੇਤਾਵਾਂ ਨੇ ਆਲੋਚਨਾ ਤੋਂ ਬਚਣ ਦਾ ਰਾਹ ਲੱਭ ਲਿਆ ਹੈ ਤੇ ਸਰਕਾਰ ਜਵਾਬਦੇਹੀ ਤੋਂ ਬਚਣ ਲਈ ਸਾਲ ਵਿਚ ਤਿੰਨ ਵਾਰ ਸੰਖੇਪ ਸੈਸ਼ਨ ਸੱਦ ਕੇ ਕਾਰਵਾਈ ਪੂਰੀ ਕਰਨ ਦੇ ਰਾਹ ਤੁਰ ਪਈ ਹੈ।

ਇਸ ਪੱਖ ਤੋਂ ਆਮ ਆਦਮੀ ਪਾਰਟੀ ਪਿਛਲੀਆਂ ਸਾਰੀਆਂ ਸਰਕਾਰਾਂ ਦੇ ਰਿਕਾਰਡ ਤੋੜਨ ਲੱਗੀ ਹੋਈ ਹੈ। ਪੰਜਾਬ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੀ ਗੱਲ ਕਰੀਏ ਤਾਂ

## 'ਆਪ' ਨੇ ਇਜਲਾਸ ਦੇ ਦਿਨ ਘਟਾ ਕੇ ਪ੍ਰਕਿਰਿਆ ਦੇ ਨਿਯਮਾਂ ਦੀ ਉਲੰਘਣਾ ਕੀਤੀ: ਬਾਜਵਾ

ਇਹ ਕੇਵਲ ਤਿੰਨ ਦਿਨਾਂ ਲਈ ਬੁਲਾਇਆ ਗਿਆ ਸੀ। ਸਰਕਾਰ ਵਲੋਂ ਦੋ ਤੋਂ ਚਾਰ ਸਤੰਬਰ ਤੱਕ ਸੈਸ਼ਨ ਸੱਦਿਆ ਗਿਆ ਸੀ। ਸੈਸ਼ਨ ਦੇ ਪਹਿਲੇ ਦਿਨ ਪਦਮਸ਼੍ਰੀ ਪ੍ਰਸਿੱਧ ਕਵੀ ਸੁਰਜੀਤ ਪਾਤਰ ਸਮੇਤ ਕਈ ਸਾਬਕਾ ਵਿਧਾਇਕਾਂ ਤੇ ਆਜ਼ਾਦੀ ਘੁਲਾਟੀਆਂ ਨੂੰ ਸ਼ਰਧਾਂਜਲੀਆਂ ਭੇਟ ਕਰਕੇ ਸਦਨ ਉਠਾ ਦਿੱਤਾ ਗਿਆ ਸੀ। ਆਖਰੀ ਦਿਨ ਆਮ ਕਰਕੇ ਬਿੱਲਾਂ ਨੂੰ ਪ੍ਰਵਾਨਗੀ ਦੇਣ ਵਿਚ ਲੰਘ ਗਿਆ।

ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ 'ਤੇ ਮਾਨਸੂਨ ਵਿਧਾਨ ਸਭਾ ਸੈਸ਼ਨ ਦੇ ਦਿਨਾਂ ਨੂੰ ਘਟਾ ਕੇ ਵਿਧਾਨ ਸਭਾ ਨਿਯਮਾਂ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਸੀ। ਧਾਰਾ 14ਏ ਤਹਿਤ ਵਿਧਾਨ ਸਭਾ ਦੇ ਨਿਯਮਾਂ ਦਾ ਹਵਾਲਾ ਦਿੰਦੇ ਹੋਏ ਬਾਜਵਾ ਨੇ ਕਿਹਾ ਸੀ ਕਿ ਸਾਲ ਵਿਚ ਘੱਟੋ-ਘੱਟ 40 ਬੈਠਕਾਂ ਹੋਣੀਆਂ ਚਾਹੀਦੀਆਂ ਹਨ। ਸਰਕਾਰ ਮਾਰਚ 2025 ਵਿਚ ਆਪਣਾ ਤਿੰਨ ਸਾਲ ਦਾ ਕਾਰਜਕਾਲ ਪੂਰਾ ਕਰਨ ਜਾ ਰਹੀ ਹੈ। ਹੁਣ ਤੱਕ 'ਆਪ' ਸਰਕਾਰ ਨੇ ਵਿਧਾਨ ਸਭਾ ਦੀਆਂ ਬੈਠਕਾਂ ਸਿਰਫ਼ 39 ਦਿਨਾਂ ਲਈ ਕੀਤੀਆਂ ਹਨ। ਕੀ ਇਹ ਮਾਰਚ 2025 ਤੱਕ 120 ਬੈਠਕ ਦੇ ਦਿਨ ਆਯੋਜਿਤ ਕਰਨ ਦੇ ਯੋਗ ਹੋਵੇਗੀ? ਉਨ੍ਹਾਂ ਕਿਹਾ ਸੀ ਕਿ ਪੰਜਾਬ 'ਚ ਸੱਤਾ ਸੰਭਾਲਣ ਤੋਂ ਪਹਿਲਾਂ 'ਆਪ' ਲੀਡਰਸ਼ਿਪ ਕਹਿੰਦੀ ਸੀ ਕਿ ਉਹ ਇੱਕ ਸਾਲ 'ਚ 120 ਬੈਠਕਾਂ ਕਰੇਗੀ। ਬਾਜਵਾ ਨੇ ਕਿਹਾ ਕਿ ਬਿਜ਼ਨਸ ਐਡਵਾਈਜ਼ਰੀ ਕਮੇਟੀ (ਬੀ.ਏ.ਸੀ.) ਦੀ ਮੀਟਿੰਗ ਵਿਚ ਮੈਂ ਇਹ ਮਾਮਲਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਕੋਲ ਉਠਾਇਆ ਪਰ ਕੋਈ ਨਤੀਜਾ ਨਹੀਂ ਨਿਕਲਿਆ।

ਸੀਨੀਅਰ ਕਾਂਗਰਸੀ ਆਗੂ ਬਾਜਵਾ ਨੇ ਕਿਹਾ ਕਿ ਅਮਨ-ਕਾਨੂੰਨ ਦੀ ਸਥਿਤੀ ਵਿਗੜਦੀ ਜਾ ਰਹੀ ਹੈ, ਨਸ਼ਿਆਂ ਦੀ ਸਮੱਸਿਆ ਹੈ, ਕਾਰੋਬਾਰੀਆਂ ਨੂੰ ਫਿਰੌਤੀ ਦੇ ਫ਼ੋਨ ਆ ਰਹੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਇਨਸਾਫ਼ ਅਜੇ ਵੀ ਬਕਾਇਆ ਹੈ, ਬੇਰੁਜ਼ਗਾਰੀ ਕਾਰਨ ਨੌਜਵਾਨ ਬਾਹਰ ਜਾ ਰਹੇ ਹਨ, ਕਿਸਾਨਾਂ ਦੀ ਦੁਰਦਸ਼ਾ, ਨਕਲੀ ਡੀਏਪੀ ਦੀ ਵਿਕਰੀ, ਕੇਂਦਰ ਸਰਕਾਰ ਦੀ ਸਕੀਮ ਤੋਂ ਫ਼ੰਡ ਵਾਪਸ ਜਾ ਰਹੇ ਹਨ ਆਦਿ ਬਹੁਤ ਸਾਰੇ ਮੁੱਦੇ ਹਨ, ਜਿਨ੍ਹਾਂ 'ਤੇ ਵਿਧਾਨ ਸਭਾ ਵਿੱਚ ਤੁਰੰਤ ਵਿਚਾਰ-ਵਟਾਂਦਰਾ ਕਰਨ ਦੀ ਲੋੜ ਸੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਹੀ ਗੈਂਗਸਟਰਾਂ ਨੂੰ ਪਨਾਹ ਦਿੱਤੀ ਜਾ ਰਹੀ ਹੈ। ਲਾਰੈਂਸ ਮਾਮਲੇ 'ਚ ਸਿਟ ਦੀ ਰਿਪੋਰਟ ਆਈ ਹੈ। ਉਸ ਨੂੰ ਸੈਸ਼ਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਇਸ ਦੌਰਾਨ ਵਿਧਾਨ ਸਭਾ ਵਿੱਚ ਡੇਰਾ ਸੱਚਾ ਸੌਦਾ ਦੇ ਮੁਖੀ ਖ਼ਿਲਾਫ਼ ਢਾਈ ਸਾਲਾਂ ਤੋਂ ਚੱਲ ਰਹੇ ਕੇਸ ਦੀ ਫਾਈਲ ਨੂੰ ਮਨਜ਼ੂਰੀ ਨਾ ਦੇਣ ਦਾ ਮੁੱਦਾ ਵੀ ਉਠਾਇਆ ਗਿਆ। ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਵਿੱਤੀ ਸਾਲ ਲਈ ਕਰਜ਼ਾ ਲੈਣ ਦੀ ਆਪਣੀ ਸੀਮਾ ਪਹਿਲਾਂ ਹੀ ਪੂਰੀ ਕਰ ਲਈ ਹੈ। ਇਸ ਦੌਰਾਨ ਸਰਕਾਰ ਕੋਲ ਸਰਕਾਰੀ ਕਰਮਚਾਰੀਆਂ ਦੀਆਂ ਤਨਖ਼ਾਹਾਂ ਅਤੇ ਪੈਨਸ਼ਨਾਂ ਦੇਣ ਲਈ ਕੋਈ ਫ਼ੰਡ ਨਹੀਂ ਬਚਿਆ ਹੈ। ਇਹ ਇੱਕ ਵੱਡਾ ਕਾਰਨ ਹੈ ਕਿ ਸਰਕਾਰ ਨੇ ਪੰਜਾਬ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੀਆਂ ਬੈਠਕਾਂ ਨੂੰ ਘੱਟ ਕਰ ਦਿੱਤਾ ਹੈ।

(ਬਾਕੀ ਸਫ਼ਾ 30 'ਤੇ)

# ਲੰਗਰ ਚਲੈ ਗੁਰ ਸ਼ਬਦਿ . . .

## ਦੁਨੀਆਂ ਭਰ ਵਿੱਚ ਸਭ ਤੋਂ ਵੱਡੀ 'ਮੁਫ਼ਤ ਰਸੋਈ' ਵਜੋਂ ਜਾਣਿਆ ਜਾਂਦਾ ਹੈ 'ਸ੍ਰੀ ਗੁਰੂ ਰਾਮਦਾਸ ਜੀ ਦਾ ਲੰਗਰ ਘਰ'



ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ) ਅੰਮ੍ਰਿਤਸਰ ਜਿਥੇ ਦੁਨੀਆਂ ਭਰ ਵਿੱਚ 'ਰੂਹਾਨੀ ਸ਼ਾਂਤੀ ਦੇ ਅਦਭੁਤ ਸੋਮੇ' ਵਜੋਂ ਪ੍ਰਸਿੱਧ ਹੈ, ਉਥੇ 'ਸ੍ਰੀ ਗੁਰੂ ਰਾਮਦਾਸ ਜੀ ਲੰਗਰ ਘਰ' ਨੂੰ ਦੁਨੀਆਂ ਦੀ ਸਭ ਤੋਂ ਵੱਡੀ 'ਫ੍ਰੀ ਕਿਚਨ' ਭਾਵ 'ਮੁਫ਼ਤ ਰਸੋਈ' ਹੋਣ ਦਾ ਮਾਣ ਪ੍ਰਾਪਤ ਹੈ। ਇੱਥੇ ਦਿਨ-ਰਾਤ ਲਗਾਤਾਰ 24 ਘੰਟੇ ਸੰਗਤਾਂ ਲਈ ਲੰਗਰ ਚਲਦਾ ਰਹਿੰਦਾ ਹੈ। ਇਸ ਲੰਗਰ ਵਿੱਚ ਹਰ ਧਰਮ ਦਾ ਵਿਅਕਤੀ ਲੰਗਰ ਛੱਕ ਸਕਦਾ ਹੈ। ਗੁਰੂ ਸਾਹਿਬਾਨ ਵੱਲੋਂ 'ਪਹਿਲੇ ਪੰਗਤ, ਫਿਰ ਸੰਗਤ' ਦੀ ਸ਼ੁਰੂ ਕੀਤੀ ਗਈ ਇਹ ਮਹਾਨ ਪਰੰਪਰਾ ਅੱਜ ਵੀ ਆਪਣੇ ਵਿਲੱਖਣ ਰੂਪ ਵਿੱਚ ਮੌਜੂਦ ਹੈ। ਆਮ ਦਿਨਾਂ ਵਿੱਚ ਇਸ ਮਹਾਨ ਲੰਗਰ ਵਿੱਚ ਇੱਕ ਲੱਖ ਸ਼ਰਧਾਲੂਆਂ ਲਈ ਲੰਗਰ ਤਿਆਰ ਕੀਤਾ ਜਾਂਦਾ ਹੈ ਪਰ ਗੁਰਪੁਰਬ, ਇਤਿਹਾਸਿਕ ਦਿਵਸ ਅਤੇ ਹੋਰ ਦਿਹਾੜਿਆਂ ਮੌਕੇ ਲੰਗਰ ਬਣਾਉਣ ਦੀ ਮਾਤਰਾ ਵਿੱਚ ਵੀ ਕਾਫ਼ੀ ਵਾਧਾ ਕੀਤਾ ਜਾਂਦਾ ਹੈ ਅਤੇ ਇਹਨਾਂ ਪਵਿੱਤਰ ਦਿਹਾੜਿਆਂ ਮੌਕੇ ਇਸ ਮਹਾਨ ਲੰਗਰ ਵਿੱਚ ਦੋ ਤੋਂ ਚਾਰ ਲੱਖ ਸੰਗਤ ਲੰਗਰ ਛਕਦੀ ਹੈ। ਦੁਨੀਆਂ ਦੇ ਵੱਖ-ਵੱਖ ਮੁਲਕਾਂ ਦੇ ਵਸਨੀਕ ਜਦੋਂ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਆਉਂਦੇ ਹਨ, ਤਾਂ ਉਹਨਾਂ ਵਿਚੋਂ ਕਈ ਵਿਦੇਸ਼ੀ ਲੋਕਾਂ ਨੂੰ ਇਹ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਇਸ ਮਹਾਨ 'ਲੰਗਰ' ਵਿੱਚ ਸ਼ਰਧਾਲੂਆਂ ਨੂੰ ਸਭ ਕੁਝ 'ਮੁਫ਼ਤ' ਛਕਾਇਆ ਜਾਂਦਾ ਹੈ ਅਤੇ ਸਭ ਕੁਝ ਪੂਰਨ ਮਰਿਆਦਾ ਅਨੁਸਾਰ ਚੱਲਦਾ ਰਹਿੰਦਾ ਹੈ। ਇਸ ਲੰਗਰ ਵਿੱਚ ਜਦੋਂ ਹਜ਼ਾਰਾਂ ਸ਼ਰਧਾਲੂ ਕਤਾਰਾਂ ਬੰਨ੍ਹ ਕੇ ਪੰਗਤ ਦੇ ਰੂਪ ਲੰਗਰ ਛਕਦੇ ਹਨ ਤਾਂ ਅਦਭੁਤ ਦ੍ਰਿਸ਼ ਦਿਖਾਈ ਦਿੰਦਾ ਹੈ।



ਲੰਗਰ ਇੱਕ ਫ਼ਾਰਸੀ ਸ਼ਬਦ ਹੈ, ਜਿਸ ਦਾ ਮੂਲ ਅਰਥ ਹੈ 'ਦਾਨ ਘਰ', ਜਾਂ ਗ਼ਰੀਬਾਂ ਤੇ ਲੋੜਵੰਦਾਂ ਦੇ ਲਈ ਜਗ੍ਹਾ। ਲੰਗਰ ਬਰਾਬਰੀ, ਪਿਆਰ ਅਤੇ ਭਾਈਚਾਰੇ ਦਾ ਵੀ ਸੁਨੇਹਾ ਦਿੰਦਾ ਹੈ। ਸਿੱਖੀ ਦੀ ਬੁਨਿਆਦ ਸੇਵਾ, ਸਿਮਰਨ, ਲੰਗਰ, ਸੰਗਤ ਤੇ ਪੰਗਤ ਨੇ। ਲੰਗਰ ਦੀ ਮਹਾਨਤਾ ਸਿੱਖ ਧਰਮ ਦੇ ਵਿੱਚ ਬਹੁਤ ਵੱਡੀ ਹੈ। ਗੁਰੂ ਨਾਨਕ ਦੇਵ ਜੀ ਵੱਲੋਂ ਪਾਈ ਗਈ ਇਹ ਲੰਗਰ ਦੀ ਪਿਰਤ ਅੱਜ ਤੱਕ ਨਿਰੰਤਰ ਚੱਲ ਰਹੀ ਹੈ ਤੇ ਰਹਿੰਦੀ ਦੁਨੀਆਂ ਤੱਕ ਸਿੱਖ ਤੇ ਸਿੱਖੀ ਰਹੇਗੀ ਉਦੋਂ ਤੱਕ ਇਹ ਲੰਗਰ ਅਟੁੱਟ ਚੱਲਦੇ ਰਹਿਣਗੇ।

**ਬਾਬੇ ਨਾਨਕ ਦਾ 20 ਰੁਪਏ ਨਾਲ ਸ਼ੁਰੂ ਕੀਤਾ ਲੰਗਰ ਅਜੇ ਵੀ ਜਾਰੀ :** ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ 20 ਰੁਪਏ ਨਾਲ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਜੋ ਲੰਗਰ ਸ਼ੁਰੂ ਕੀਤਾ ਸੀ, ਉਹ ਲੰਗਰ ਅੱਜ ਵੀ ਜਾਰੀ ਹੈ ਅਤੇ ਇਹ ਲੰਗਰ ਹੁਣ ਬਹੁਤ ਵਿਸ਼ਾਲ ਪੱਧਰ 'ਤੇ ਪੂਰੀ ਦੁਨੀਆਂ ਵਿੱਚ ਪਹੁੰਚ ਚੁੱਕਿਆ ਹੈ। ਪੂਰੀ ਦੁਨੀਆਂ 'ਚ ਜਿਥੇ ਵੀ ਕੋਈ ਕੁਦਰਤੀ ਆਫ਼ਤ ਆਉਂਦੀ ਹੈ ਜਾਂ ਕੋਈ ਤ੍ਰਾਸਦੀ ਵਾਪਰਦੀ ਹੈ ਤਾਂ ਸਿੱਖ ਧਰਮ ਦੇ ਪੈਰੋਕਾਰ ਉਥੇ ਪਹੁੰਚ ਕੇ ਲੰਗਰ ਅਤੇ ਸਹਾਇਤਾ ਕੈਂਪ ਸ਼ੁਰੂ ਕਰ ਦਿੰਦੇ ਹਨ। ਸਰਬੱਤ ਦਾ ਭਲਾ ਅਤੇ ਮਾਨਵਤਾ ਦੀ ਭਲਾਈ ਸਿੱਖ ਧਰਮ ਦੇ ਮੁੱਖ ਸਿਧਾਂਤ ਹਨ। ਇਸੇ ਕਾਰਨ ਸਿੱਖ ਹਮੇਸ਼ਾ ਹੀ ਲੋੜਵੰਦਾਂ ਦੀ ਸਹਾਇਤਾ ਲਈ ਤਿਆਰ ਰਹਿੰਦੇ ਹਨ।





**ਹਫ਼ਤੇ ਭਰ ਦੇ ਲੰਗਰ ਦੀ ਰੂਪ ਰੇਖਾ ਪਹਿਲਾਂ ਹੀ ਹੁੰਦੀ ਹੈ ਤਿਆਰ :** ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਆਉਣ ਵਾਲੀ ਸੰਗਤ ਲਈ 'ਸ੍ਰੀ ਗੁਰੂ ਰਾਮਦਾਸ ਜੀ ਲੰਗਰ ਘਰ' ਵਿਖੇ ਹਫ਼ਤੇ ਭਰ ਦੇ ਲੰਗਰ ਦੀ ਰੂਪ ਰੇਖਾ ਪਹਿਲਾਂ ਹੀ ਤਿਆਰ ਹੁੰਦੀ ਹੈ। ਆਮ ਦਿਨਾਂ ਵਿੱਚ ਇੱਕ ਲੱਖ, ਸਨਿੱਚਰਵਾਰ ਤੇ ਐਤਵਾਰ ਦੋ ਲੱਖ ਤੋਂ ਵੱਧ ਅਤੇ ਗੁਰਪੁਰਬ ਅਤੇ ਇਤਿਹਾਸਕ ਦਿਹਾੜਿਆਂ 'ਤੇ ਦੋ ਤੋਂ ਚਾਰ ਲੱਖ ਸੰਗਤ 24 ਘੰਟਿਆਂ ਵਿੱਚ ਲੰਗਰ ਛਕਦੀਆਂ ਹਨ। ਲੰਗਰ ਵਿੱਚ ਦਾਲਾਂ, ਸਬਜ਼ੀਆਂ, ਮਿੱਠਾ, ਚਾਵਲ, ਪ੍ਰਸ਼ਾਦਾ, ਚਾਹ ਆਦਿ 24 ਘੰਟੇ ਮਿਲਦੀ ਹੈ, 5 ਕਰੋੜ ਦੇ ਕਰੀਬ ਸੰਗਤ ਹਰ ਸਾਲ ਲੰਗਰ ਛਕਦੀ ਹੈ। ਲੰਗਰ ਦੇ ਪ੍ਰਬੰਧ ਲਈ ਇੱਕ ਮੈਨੇਜਰ ਤੇ ਦੋ ਮੀਤ ਮੈਨੇਜਰ, 450 ਸੇਵਾਦਾਰਾਂ ਤੇ 12 ਹਲਵਾਈਆਂ ਨਾਲ 24 ਘੰਟੇ ਪ੍ਰਬੰਧ ਚਲਾਉਂਦੇ ਹਨ। ਇਥੇ ਅਣਗਿਣਤ ਸੰਗਤ ਸ਼ਰਧਾ ਅਨੁਸਾਰ ਲੰਗਰ ਤਿਆਰ ਕਰਨ, ਵਰਤਾਉਣ, ਬਰਤਨਾਂ ਦੀ ਸਫਾਈ ਆਦਿ ਦੀ ਸੇਵਾ ਕਰਦੀ ਹੈ। ਇਥੇ ਧਾਰਮਿਕ ਸ਼ਖ਼ਸੀਅਤਾਂ, ਦੇਸ਼ਾਂ ਦੇ ਰਾਜੇ, ਪ੍ਰਧਾਨ ਮੰਤਰੀ, ਰਾਸ਼ਟਰਪਤੀ, ਮੰਤਰੀ, ਸੂਬਿਆਂ ਦੇ ਮੁੱਖ ਮੰਤਰੀ, ਸਰਕਾਰੀ ਉੱਚ ਅਹੁਦਿਆਂ 'ਤੇ ਤਾਇਨਾਤ ਅਧਿਕਾਰੀ ਆਮ ਸੰਗਤ ਨਾਲ ਪੰਗਤ ਵਿੱਚ ਬੈਠ ਕੇ ਮਰਿਆਦਾ ਅਨੁਸਾਰ ਲੰਗਰ ਛਕਦੇ ਹਨ। ਇਥੇ ਸੰਗਤ ਦੀ ਆਮਦ ਹਰ ਸਾਲ ਵਧਦੀ ਜਾ ਰਹੀ ਹੈ ਅਤੇ ਇਥੋਂ ਦੇ ਪ੍ਰਬੰਧ ਨੂੰ ਹਰ ਕੋਈ ਦੇਖਣਾ ਚਾਹੁੰਦਾ ਹੈ।

**100 ਕੁਇੰਟਲ ਲੱਕੜ, 20 ਸਿਲੰਡਰ, 150 ਯੂਨਿਟ ਗੈਸ ਦੀ ਰੋਜ਼ਾਨਾ ਹੁੰਦੀ ਹੈ ਵਰਤੋਂ:** 24 ਘੰਟੇ ਲੰਗਰ ਤਿਆਰ ਕਰਨ ਲਈ ਲੱਕੜ, ਪਾਈਪ ਲਾਈਨ ਗੈਸ ਤੇ ਗੈਸ ਸਿਲੰਡਰਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਵਿੱਚ 100 ਕੁਇੰਟਲ ਲੱਕੜ, 20 ਸਿਲੰਡਰ, 150 ਯੂਨਿਟ ਪੀ.ਐੱਨ.ਜੀ. ਪਾਈਪ ਲਾਈਨ ਰਾਹੀਂ ਗੈਸ ਦੀ ਹਰ ਰੋਜ਼ ਵਰਤੋਂ ਹੁੰਦੀ ਹੈ ਜੋ ਵੱਧ ਲੰਗਰ ਤਿਆਰ ਕਰਨ ਸਮੇਂ ਵੱਧ ਜਾਂਦੀ ਹੈ।



## ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿੱਚ ਨਵੇਂ ਸੁਰੱਖਿਆ ਉਪਰਾਲੇ



ਸ੍ਰੀ ਹਰਿਮੰਦਰ ਸਾਹਿਬ ਦੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿੱਚ ਮੁੜ ਕੋਈ ਅਣਸੁਖਾਵੀਂ ਘਟਨਾ ਵਾਪਰਣ ਤੋਂ ਰੋਕਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਥੇ ਲੰਗਰ ਤਿਆਰ ਕਰਨ ਵਾਲੇ ਬਰਤਨਾਂ ਉੱਪਰ ਲੋਹੇ ਦੇ ਜੰਗਲੇਨੁਮਾ ਸਰੀਏ ਲਾ ਦਿੱਤੇ ਗਏ ਹਨ ਤਾਂ ਜੋ ਕੋਈ ਵੀ ਅਣਸੁਖਾਂਵੀਂ ਘਟਨਾ ਨਾ ਵਾਪਰ ਸਕੇ। ਸ਼੍ਰੋਮਣੀ ਕਮੇਟੀ ਵੱਲੋਂ ਇਹ ਉਪਰਾਲਾ ਹਾਲ ਹੀ ਵਿੱਚ ਕੀਤਾ ਗਿਆ ਹੈ। ਇੱਥੇ ਵੱਡੇ ਕੜਾਹੇ ਅਤੇ ਵੱਡੇ ਆਕਾਰ ਦੇ ਪਤੀਲੇ ਹਨ, ਜਿਨ੍ਹਾਂ ਵਿੱਚ ਸਬਜ਼ੀਆਂ ਅਤੇ ਹੋਰ ਸਾਮਾਨ ਤਿਆਰ ਹੁੰਦਾ ਹੈ। ਹੁਣ ਅਜਿਹੇ ਵੱਡੇ ਕੜਾਹੇ ਅਤੇ ਪਤੀਲਿਆਂ ਦੇ ਉੱਪਰ ਲੋਹੇ ਦੇ ਸਰੀਏ ਲਗਾ ਦਿੱਤੇ ਗਏ ਹਨ। ਇਸੇ ਤਰ੍ਹਾਂ ਭਵਿੱਖ ਵਿੱਚ ਲਾਂਗਰੀਆਂ ਅਤੇ ਸੇਵਾਦਾਰਾਂ ਵਾਸਤੇ ਸੇਫਟੀ ਬੈਲਟ ਵਰਤਣ ਦੀ ਵੀ ਯੋਜਨਾ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਫਿਲਹਾਲ ਇਹ ਸੁਰੱਖਿਆ ਉਪਰਾਲੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿੱਚ ਕੀਤੇ ਗਏ ਹਨ ਅਤੇ ਭਵਿੱਖ ਵਿੱਚ ਹੋਰ ਵੱਡੇ ਗੁਰਦੁਆਰਿਆਂ ਦੇ ਲੰਗਰ ਘਰਾਂ ਵਿੱਚ ਵੀ ਅਜਿਹੇ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਬੀਤੇ ਦਿਨ ਜਿਸ ਸ਼ਰਧਾਲੂ ਦੀ ਕੜਾਹੇ ਵਿੱਚ ਡਿੱਗਣ ਕਾਰਨ ਮੌਤ ਹੋ ਗਈ ਸੀ, ਜਿਸਦੇ ਪਰਿਵਾਰ ਨੂੰ ਮਾਇਕ ਮਦਦ ਅਤੇ ਇੱਕ ਮੈਂਬਰ ਨੂੰ ਨੌਕਰੀ ਵੀ ਦਿੱਤੀ ਗਈ ਹੈ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੇ ਮੈਨੇਜਰ ਗੁਰਤਿੰਦਰ ਸਿੰਘ ਨੇ ਦੱਸਿਆ ਕਿ ਲੰਗਰ ਘਰ ਵਿੱਚ ਸਾਰੇ ਵੱਡੇ ਕੜਾਹੇ ਅਤੇ ਪਤੀਲਿਆਂ ਦੇ ਉੱਪਰ ਜੰਗਲੇਨੁਮਾ ਸਰੀਏ ਦਾ ਫਰੇਮ ਲਾਇਆ ਗਿਆ ਹੈ। ਇਸੇ ਤਰ੍ਹਾਂ ਜਲਦੀ ਹੀ ਲੰਗਰ ਘਰ ਵਿੱਚ ਖਾਸ ਕਰਕੇ ਰਸੋਈ ਵਿੱਚ ਸੇਵਾ ਕਰਨ ਵਾਲਿਆਂ ਲਈ ਸੇਫਟੀ ਬੈਲਟ ਦੀ ਵਰਤੋਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਵੱਲੋਂ ਕਰਮਚਾਰੀਆਂ ਅਤੇ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇਹ ਉਪਰਾਲਾ ਕੀਤਾ ਗਿਆ ਹੈ।

## ਮੌਸਮੀ ਸਬਜ਼ੀਆਂ ਦੀ ਹੁੰਦੀ ਹੈ ਜ਼ਿਆਦਾ ਵਰਤੋਂ

ਲੰਗਰ ਵਿੱਚ ਮੌਸਮੀ ਸਬਜ਼ੀਆਂ ਦੀ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ। ਸਾਲ 'ਚ ਜ਼ਿਆਦਾਤਰ ਆਲੂ-ਮਟਰ, ਆਲੂ-ਪਨੀਰ, ਆਲੂ-ਨਿਊਟਰੀ ਤਿਆਰ ਹੁੰਦੀ ਹੈ। ਇਸ ਤੋਂ ਇਲਾਵਾ ਆਲੂ-ਗੋਭੀ, ਆਲੂ-ਗਾਜਰ, ਆਲੂ-ਬੈਂਗਣ, ਸ਼ਲਗਮ, ਕੱਦੂ, ਘੀਆ, ਘੀਆ ਤੋਰੀ ਆਦਿ ਮੌਸਮੀ ਸਬਜ਼ੀਆਂ ਤਿਆਰ ਕੀਤੀਆਂ ਜਾਂਦੀਆਂ ਹਨ। ਫਰਵਰੀ 'ਚ ਸਾਗ-ਮੱਕੀ ਦੀ ਰੋਟੀ ਤੇ ਸਾਉਣ ਵਿੱਚ ਖੀਰ-ਪੂੜੇ ਵੀ ਤਿਆਰ ਕੀਤੇ ਜਾਂਦੇ ਹਨ।

ਹਰ ਹਫਤੇ ਦਾ ਹੁੰਦਾ ਹੈ ਮੀਨੂ ਤਿਆਰ

ਸੋਮਵਾਰ- ਪ੍ਰਸ਼ਾਦੇ ਨਾਲ ਚਿੱਟੇ ਛੋਲੇ, ਦਾਲ, ਸਬਜ਼ੀ, ਖੀਰ, ਨਮਕੀਨ ਚੌਲ ਤਿਆਰ ਹੁੰਦੇ ਹਨ।
ਮੰਗਲਵਾਰ- ਪ੍ਰਸ਼ਾਦੇ ਨਾਲ ਕਾਲੇ ਛੋਲੇ, ਦਾਲ, ਸਬਜ਼ੀ, ਸੇਵੀਆਂ, ਨਮਕੀਨ ਚੌਲ ਤਿਆਰ ਹੁੰਦੇ ਹਨ।
ਬੁੱਧਵਾਰ- ਪ੍ਰਸ਼ਾਦੇ ਨਾਲ ਦਾਲ, ਕੜੀ-ਚਾਵਲ, ਖੀਰ ਸਬਜ਼ੀ ਤਿਆਰ ਹੁੰਦੀ ਹੈ।
ਵੀਰਵਾਰ- ਪ੍ਰਸ਼ਾਦੇ ਨਾਲ ਕਾਲੇ ਛੋਲੇ, ਦਾਲ, ਕੜਾਹ ਪ੍ਰਸ਼ਾਦ, ਨਮਕੀਨ ਚੌਲ ਤਿਆਰ ਹੁੰਦੇ ਹਨ।
ਸ਼ੁੱਕਰਵਾਰ- ਪ੍ਰਸ਼ਾਦੇ ਨਾਲ ਰਾਜਮਾਂਹ, ਦਾਲ, ਸਬਜ਼ੀ, ਖੀਰ, ਚੌਲ ਤਿਆਰ ਹੁੰਦੇ ਹਨ।
ਸਨਿੱਚਰਵਾਰ- ਪ੍ਰਸ਼ਾਦੇ ਨਾਲ ਕਾਲੇ ਛੋਲੇ, ਸਬਜ਼ੀ, ਦਾਲ, ਖੀਰ, ਨਮਕੀਨ ਚੌਲ ਤਿਆਰ ਹੁੰਦੇ ਹਨ।
ਐਤਵਾਰ- ਪ੍ਰਸ਼ਾਦੇ ਨਾਲ ਕੜੀ-ਚੌਲ, ਦਾਲ, ਸਬਜ਼ੀ, ਨਮਕੀਨ ਚੌਲ, ਸੇਵੀਆਂ, ਖੀਰ ਤਿਆਰ ਹੁੰਦੀ ਹੈ।

ਆਮ ਦਿਨਾਂ 'ਚ ਇੱਕ ਲੱਖ ਸੰਗਤ ਲਈ ਲੰਗਰ ਤਿਆਰ ਕਰਨ ਵਾਸਤੇ 60 ਕੁਇੰਟਲ ਆਟਾ, 15 ਕੁਇੰਟਲ ਚੌਲ, 17 ਕੁਇੰਟਲ ਦਾਲਾਂ, 20 ਕੁਇੰਟਲ ਸਬਜ਼ੀ, 2000 ਲੀਟਰ ਦੁੱਧ, 15 ਕੁਇੰਟਲ ਸੁੱਕਾ ਦੁੱਧ, ਦੇਸੀ ਘਿਓ, ਮਸਾਲੇ ਆਦਿ ਲੱਗਦੇ ਹਨ। ਜਿਸ ਤਰ੍ਹਾਂ ਸੰਗਤ ਦੀ ਆਮਦ ਵਧਦੀ ਹੈ ਲਾਗਤ ਦੁੱਗਣੀ ਜਾਂ ਇਸ ਤੋਂ ਵੀ ਵੱਧ ਹੋ ਜਾਂਦੀ ਹੈ।

# ਵਿਨੇਸ਼ ਫੋਗਾਟ ਨੂੰ ਸਿੱਖ ਪੰਥ ਵੱਲੋਂ ਵੱਡਾ ਸਨਮਾਨ

## ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕ ਕੇ ਫੋਗਾਟ ਨੇ ਸਰਬੱਤ ਦੇ ਭਲੇ ਲਈ ਕੀਤੀ ਅਰਦਾਸ

ਮਹਾਨ ਕੁਸ਼ਤੀ ਖਿਡਾਰਨ ਉਲੰਪੀਅਨ ਵਿਨੇਸ਼ ਫੋਗਾਟ ਨੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਮੱਥਾ ਟੇਕਿਆ ਅਤੇ ਅਰਦਾਸ ਕੀਤੀ। ਇਸ ਮੌਕੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਪਰਮਜੀਤ ਸਿੰਘ ਮਲਿਕ, ਜੋ ਕਿ ਉਨ੍ਹਾਂ ਦੇ ਫਿਟਨੈੱਸ ਟਰੇਨਰ ਸਨ ਅਤੇ ਰਾਸ਼ਟਰੀ ਕੈਂਪ ਦੇ ਅਧਿਕਾਰਤ ਫਿਜ਼ੀਓ ਵੀ ਸਨ, ਉਨ੍ਹਾਂ ਨਾਲ ਮੌਜੂਦ ਸਨ।

ਵਿਨੇਸ਼ ਫੋਗਾਟ ਨੂੰ ਮੁੱਖ ਦਫ਼ਤਰ, ਸ੍ਰੀ ਦਰਬਾਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ, ਵਿਖੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਿੰਘ ਸਾਹਿਬ ਗਿਆਨੀ ਰਘੁਬੀਰ ਸਿੰਘ, ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਅਤੇ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸਰਬਤ ਸਿੱਖ ਪੰਥ ਵੱਲੋਂ ਸੁਨਹਿਰੀ ਕਿਰਪਾਨ ਅਤੇ ਗੋਲਡ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਤੋਹਫ਼ੇ ਦੀ ਸੇਵਾ ਸਰਦਾਰ ਨਿਰਮਲ ਸਿੰਘ ਹੰਸਪਾਲ, ਸਰਦਾਰ ਅਰਪਿੰਦਰ ਸਿੰਘ, ਸਰਦਾਰ ਨਰਿੰਦਰ ਸਿੰਘ ਘੋਟੜਾ, ਸਰਦਾਰ ਮਨਜੀਤ ਸਿੰਘ ਭੋਗਲ (ਸੰਪਾਦਕ, ਪੰਜਾਬ ਮੈਗਜ਼ੀਨ), ਸਰਦਾਰ ਜਸਵਿੰਦਰ ਪਾਲ ਸਿੰਘ ਰਾਠ, ਡਾ: ਸੁਰਜੀਤ ਸਿੰਘ, ਡਾ: ਲਵਪ੍ਰੀਤ ਸਿੰਘ ਅਤੇ ਸਰਦਾਰ ਹਰਜੋਤ ਸਿੰਘ ਨੇ ਕੀਤੀ।

ਇਸ ਪ੍ਰੋਗਰਾਮ ਦੇ ਕੋਆਰਡੀਨੇਟਰ ਦੀ ਭੂਮਿਕਾ ਸਰਦਾਰ ਮਨੋਜ ਸਿੰਘ ਦੂਹਨ, ਯੂਨੀਅਨਿਸਟ ਸਿੱਖ ਮਿਸ਼ਨ, ਹਰਿਆਣਾ ਅਤੇ ਸਰਦਾਰ ਪਰਮਪਾਲ ਸਿੰਘ ਸਭਰਾਅ, ਅਲਾਇੰਸ ਆਫ ਸਿੱਖ ਆਰਗੇਨਾਈਜੇਸ਼ਨ, ਪੰਜਾਬ ਨੇ ਨਿਭਾਈ।



ਇਸ ਪ੍ਰੋਗਰਾਮ ਵਿੱਚ ਨਿਊਯਾਰਕ ਤੋਂ ਸਰਦਾਰ ਸਰਬਜੀਤ ਸਿੰਘ ਦੇ ਭਰਾ ਸਰਦਾਰ ਰਣਜੀਤ ਸਿੰਘ, ਪ੍ਰੀਤਪਾਲ ਸਿੰਘ, ਹਰਿਆਣਾ ਤੋਂ ਸਰਦਾਰ ਹਰਭਜਨ ਸਿੰਘ ਰਾਠੌਰ (ਸਾਬਕਾ ਸੀਨੀਅਰ ਮੈਂਬਰ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ), ਸਰਦਾਰ ਅਮਰਜੀਤ ਸਿੰਘ ਨੀਟੂ, ਪਵਨ ਛਿੱਲਰ, ਹਿਤੇਂਦਰ ਬਿਰਲਾ, ਨਿਰਮਲ ਸਿੰਘ ਜਰਮਨੀ, ਐਡਵੋਕੇਟ ਆਰਿਆ, ਅਮਰਜੀਤ ਸਿੰਘ (ਪ੍ਰਧਾਨ, ਬੀਕੇਯੂ, ਭਗਤ ਸਿੰਘ), ਡਾ: ਅਮਰਿੰਦਰ ਸਿੰਘ, ਯੂਨਾਈਟਿਡ ਸਿੱਖ ਸਟੂਡੈਂਟ ਫੈਡਰੇਸ਼ਨ, ਪ੍ਰਦੀਪ ਸਿੰਘ (ਕੌਮੀ ਕਿਸਾਨ ਯੂਨੀਅਨ, ਪੰਜਾਬ), ਗਿਆਨੀ ਹਰਦੀਪ ਸਿੰਘ ਅਨੰਦਪੁਰ ਸਾਹਿਬ, ਸੁਖਵਰਸ਼ ਸਿੰਘ, ਮੈਂਬਰ ਐਸ.ਜੀ.ਪੀ.ਸੀ., ਰਵਿੰਦਰ ਰਾਵਤ ਗਾਜ਼ੀਆਬਾਦ ਆਦਿ ਹਾਜ਼ਰ ਸਨ।

ਇਸ ਮੌਕੇ ਜਥੇਦਾਰ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਹਰਿਆਣਾ ਦੀ ਧੀ ਵਿਨੇਸ਼ ਫੋਗਾਟ ਵੀ ਪੰਜਾਬ ਦੀ ਵੀ ਧੀ ਹੈ, ਜਿਸ ਦੀ ਕਾਮਯਾਬੀ ’ਤੇ ਸਾਨੂੰ ਮਾਣ ਹੈ। ਸਾਨੂੰ ਪੂਰਾ ਭਰੋਸਾ ਹੈ ਕਿ ਸਾਡੀ ਬੇਟੀ ਚੈਂਪੀਅਨ ਹੈ ਅਤੇ ਚੈਂਪੀਅਨ ਰਹੇਗੀ। ਸਾਡਾ ਸਹਿਯੋਗ ਹਮੇਸ਼ਾ ਸਾਡੀ ਬੇਟੀ ਦੇ ਨਾਲ ਰਹੇਗਾ।

ਇਸ ਤੋਂ ਇਲਾਵਾ ਸਰਦਾਰ ਮਨੋਜ ਸਿੰਘ ਦੂਹਨ ਨੇ ਕਿਹਾ ਕਿ ਜਿਸ ਤਰ੍ਹਾਂ ਦੁਨੀਆਂ ਦੀ ਕੋਈ ਵੀ ਤਾਕਤ ਪੰਜਾਬ ਅਤੇ ਹਰਿਆਣਾ ਨੂੰ ਵੱਖ-ਵੱਖ ਕਰਕੇ ਨਹੀਂ ਦੇਖ ਸਕਦੀ, ਉਸੇ ਤਰ੍ਹਾਂ ਸਿੱਖਾਂ ਅਤੇ ਜਾਟਾਂ ਨੂੰ ਵੀ ਵੱਖਰਾ ਨਹੀਂ ਦੇਖਿਆ ਜਾ ਸਕਦਾ।

ਸਰਦਾਰ ਪਰਮਪਾਲ ਸਿੰਘ ਸਭਰਾਅ ਨੇ ਕਿਹਾ ਕਿ ਜਿਸ ਦੇਸ਼ ਦੀਆਂ ਧੀਆਂ ਨਾਲ ਬੇਇਨਸਾਫੀ ਹੁੰਦੀ ਹੈ, ਉਸ ਦੇਸ਼ ਦੀ ਧੀ ਜਦੋਂ ਪੂਰੀ ਦੁਨੀਆਂ ਵਿੱਚ ਕੁਸ਼ਤੀ ਦਾ ਝੰਡਾ ਲਹਿਰਾਉਂਦੀ ਹੈ ਤਾਂ ਸਾਡਾ ਸਿਰ ਮਾਣ ਨਾਲ ਦੁੱਗਣਾ ਉੱਚਾ ਹੋ ਜਾਂਦਾ ਹੈ।

## ਸਿੱਖ ਨਸਲਕੁਸ਼ੀ ਮਾਮਲੇ ’ਚ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕਰਨ ਦੇ ਹੁਕਮ

ਨਵੀਂ ਦਿੱਲੀ/ਏ.ਟੀ. ਨਿਊਜ਼:ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਮਾਮਲੇ ’ਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕਰਨ ਦੇ ਹੁਕਮ ਦਿੱਤੇ ਹਨ। ਅਦਾਲਤ ਵੱਲੋਂ ਮਾਮਲੇ ’ਤੇ 13 ਸਤੰਬਰ ਨੂੰ ਸੁਣਵਾਈ ਕੀਤੀ ਜਾਵੇਗੀ। ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਨੇ ਕਿਹਾ ਕਿ ਟਾਈਟਲਰ ਵਿਰੁੱਧ ਮੁਕੱਦਮਾ ਚਲਾਉਣ ਲਈ ਪੁਖ਼ਤਾ ਸਬੂਤ ਹਨ।



ਇੱਕ ਗਵਾਹ ਨੇ ਪਹਿਲਾਂ ਚਾਰਜਸ਼ੀਟ ਵਿੱਚ ਕਿਹਾ ਸੀ ਕਿ ਟਾਈਟਲਰ ਪਹਿਲੀ ਨਵੰਬਰ, 1984 ਨੂੰ ਗੁਰਦੁਆਰਾ ਪੁਲ ਬੰਗਸ਼ ਦੇ ਸਾਹਮਣੇ ਚਿੱਟੀ ਅੰਬੈਸਡਰ ਕਾਰ ਵਿੱਚੋਂ ਬਾਹਰ ਆਇਆ ਸੀ ਅਤੇ ਉਸ ਨੇ ‘ਸਿੱਖਾਂ ਨੂੰ ਮਾਰੋ, ਉਨ੍ਹਾਂ ਨੇ ਸਾਡੀ ਮਾਂ ਨੂੰ ਮਾਰ ਦਿੱਤਾ ਹੈ’ ਆਖ ਕੇ ਭੀੜ ਨੂੰ ਭੜਕਾਇਆ ਸੀ। ਭੀੜ ਦੇ ਹਮਲੇ ’ਚ ਤਿੰਨ ਸਿੱਖ ਮਾਰੇ ਗਏ ਸਨ। ਅਦਾਲਤ ਨੇ ਗ਼ੈਰ-ਕਾਨੂੰਨੀ ਇਕੱਠ, ਦੰਗੇ, ਵੱਖ-ਵੱਖ ਸਮੂਹਾਂ ਵਿਚਕਾਰ ਦੁਸ਼ਮਣੀ ਨੂੰ ਵਧਾਉਣ, ਘਰ ਵਿੱਚ ਘੁਸਪੈਠ ਅਤੇ ਚੋਰੀ ਸਮੇਤ ਕਈ ਅਪਰਾਧਾਂ ਲਈ ਦੋਸ਼ ਤੈਅ ਕਰਨ ਦਾ ਹੁਕਮ ਦਿੱਤਾ ਹੈ ਸੁਪਰੀਮ ਕੋਰਟ ਦੇ ਵਕੀਲ ਅਤੇ ਸਿੱਖ ਕਤਲੇਆਮ ਪੀੜਤਾਂ ਦੇ ਕੇਸ ਲੜਨ ਵਾਲੇ ਐਚ.ਐੱਸ. ਫੂਲਕਾ ਨੇ ਦੱਸਿਆ ਕਿ 1984 ਵਿੱਚ ਗੁਰਦੁਆਰਾ ਪੁਲ ਬੰਗਸ਼ ਨੇੜੇ ਤਿੰਨ ਸਿੱਖ ਬਾਦਲ ਸਿੰਘ, ਠਾਕੁਰ ਸਿੰਘ ਅਤੇ ਗੁਰਚਰਨ ਸਿੰਘ ਮਾਰੇ ਗਏ ਸਨ ਤੇ ਭੀੜ ਨੇ ਪੁਲ ਬੰਗਸ਼ ਗੁਰਦੁਆਰਾ ਸਾੜ ਦਿੱਤਾ ਸੀ। ਉਨ੍ਹਾਂ ਕਿਹਾ ਕਿ ਗਵਾਹਾਂ ਵਿੱਚੋਂ ਹਰਪਾਲ ਕੌਰ ਬੇਦੀ, ਹਰਵਿੰਦਰ ਸਿੰਘ ਅਤੇ ਅਬਦੁੱਲ ਵਾਜਿਦ ਨੇ ਟਾਈਟਲਰ ਖ਼ਿਲਾਫ਼ ਗਵਾਹੀ ਦਿੱਤੀ ਸੀ, ਜਦੋਂ ਕਿ ਇਕ ਹੋਰ ਗਵਾਹ ਗਿਆਨੀ ਸੁਰਿੰਦਰ ਸਿੰਘ ਦੀ ਮੌਤ ਹੋ ਚੁੱਕੀ ਹੈ।

## ਕਿਸਾਨ ਅੰਦੋਲਨ ’ਚ ਪੁੱਜੀ ਵਿਨੇਸ਼ ਫੋਗਾਟ

ਸ਼ੰਭੂ/ਏ.ਟੀ.ਨਿਊਜ਼ : ਸ਼ੰਭੂ ਸਰਹੱਦ ’ਤੇ ਲੰਬੇ ਸਮੇਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਨੂੰ ਸ਼ਨੀਵਾਰ ਨੂੰ 200 ਦਿਨ ਪੂਰੇ ਹੋ ਗਏ ਹਨ। ਇਸ ਮੌਕੇ ਕਿਸਾਨਾਂ ਨੇ ਵੱਡੇ ਪੱਧਰ ’ਤੇ ਪ੍ਰਦਰਸ਼ਨ ਕੀਤਾ। ਇਸ ਦੌਰਾਨ ਉਲੰਪੀਅਨ ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ ਸ਼ੰਭੂ ਸਰਹੱਦ ਪਹੁੰਚੀ, ਜਿਥੇ ਉਸ ਦਾ ਕਿਸਾਨਾਂ ਨੇ ਹਾਰ ਪਾ ਕੇ ਸਵਾਗਤ ਅਤੇ ਸਨਮਾਨ ਕੀਤਾ। ਜਾਣਕਾਰੀ ਅਨੁਸਾਰ ਵਿਨੇਸ਼ ਫੋਗਾਟ ਨੂੰ ਇਸ ਵਿਸ਼ੇਸ਼ ਪ੍ਰੋਗਰਾਮ ਵਿੱਚ ਸਮਰਥਨ ਦੇਣ ਲਈ ਕਿਸਾਨ ਅੰਦੋਲਨ ਦੇ ਆਗੂਆਂ ਵੱਲੋਂ ਸਨਮਾਨਿਤ ਕੀਤਾ ਗਿਆ ਹੈ।



ਵਿਨੇਸ਼ ਫੋਗਾਟ ਨੇ ਕਿਸਾਨਾਂ ਦੇ ਪ੍ਰਤੀ ਆਪਣਾ ਸਮਰਥਨ ਜ਼ਾਹਰ ਕਰਦਿਆਂ ਕਿਹਾ, ‘ਕਿਸਾਨ ਆਪਣੇ ਹੱਕਾਂ ਲਈ ਲੰਮੇ ਸਮੇਂ ਤੋਂ ਇੱਥੇ ਬੈਠੇ ਹਨ ਪਰ ਉਨ੍ਹਾਂ ਦੀ ਊਰਜਾ ਅਜੇ ਵੀ ਘੱਟ ਨਹੀਂ ਹੋਈ। ਮੈਂ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦੀ ਹਾਂ ਕਿ ਮੇਰਾ ਜਨਮ ਇੱਕ ਕਿਸਾਨ ਪਰਿਵਾਰ ਵਿੱਚ ਹੋਇਆ ਹੈ। ਤੁਹਾਡੀ ਧੀ ਤੁਹਾਡੇ ਨਾਲ ਹੈ। ਸਾਨੂੰ ਆਪਣੇ ਹੱਕਾਂ ਲਈ ਖੜ੍ਹੇ ਹੋਣਾ ਪਵੇਗਾ, ਕਿਉਂਕਿ ਕੋਈ ਹੋਰ ਸਾਡੇ ਲਈ ਨਹੀਂ ਆਵੇਗਾ। ਮੈਂ ਪਰਮਾਤਮਾ ਅੱਗੇ ਅਰਦਾਸ ਕਰਦੀ ਹਾਂ ਕਿ ਤੁਹਾਡੀਆਂ ਮੰਗਾਂ ਪੂਰੀਆਂ ਹੋਣ ਅਤੇ ਜਦੋਂ ਤੱਕ ਤੁਸੀਂ ਆਪਣਾ ਹੱਕ ਨਹੀਂ ਲੈ ਲੈਂਦੇ, ਉਦੋਂ ਤੱਕ ਵਾਪਸ ਨਹੀਂ ਜਾਣਾ।’ ਉਨ੍ਹਾਂ ਕਿਹਾ ਕਿ ‘ਜਦੋਂ ਅਸੀਂ ਆਪਣੀਆਂ ਮੰਗਾਂ ਲਈ ਆਵਾਜ਼ ਉਠਾਉਂਦੇ ਹਾਂ ਤਾਂ ਉਹ ਹਰ ਵਾਰ ਸਿਆਸੀ ਨਹੀਂ ਹੁੰਦਾ। ਯਾਨੀ ਹੱਕ ਮੰਗਣ ਵਾਲਾ ਹਰ ਵਿਅਕਤੀ ਸਿਆਸਤਦਾਨ ਨਹੀਂ ਹੁੰਦਾ। ਇਸ ਨੂੰ ਧਰਮ ਦੇ ਨਾਲ ਵੀ ਨਹੀਂ ਜੋੜਨਾ ਚਾਹੀਦਾ। (**ਬਾਕੀ ਸਫ਼ਾ** 30 ’ਤੇ)

## ਸ਼੍ਰੋਮਣੀ ਕਮੇਟੀ ਵੋਟਾਂ ਬਣਾਉਣ ਵੇਲੇ ਸ਼ਰਤਾਂ ਦੀ ਕੀਤੀ ਜਾ ਰਹੀ ਹੈ ਅਣਦੇਖੀ: ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੜ ਮੁੱਖ ਚੋਣ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ ਐੱਸ.ਐੱਸ. ਸਾਰੋਂ ਕੋਲੋਂ ਮੰਗ ਕੀਤੀ ਕਿ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਾਂ ਬਣਾਉਣ ਸਮੇਂ ਸ਼ਰਤਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ ਅਤੇ ਉਹ ਇਸ ਮਾਮਲੇ ਦੀ ਪੜਤਾਲ ਕਰਵਾਉਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿੱਖ ਸੰਸਥਾ ਦੀਆਂ ਵੋਟਾਂ ਬਣਾਉਣ ਲਈ ਤੈਅ ਸ਼ਰਤਾਂ ਦੀ ਪਾਲਣਾ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਸੰਗਤ ਕੋਲੋਂ ਇਹ ਸੂਚਨਾ ਪ੍ਰਾਪਤ ਹੋ ਰਹੀ ਹੈ ਕਿ ਸਰਕਾਰੀ ਕਰਮਚਾਰੀ ਤਾਜ਼ਾ ਲੋਕ ਸਭਾ ਚੋਣਾਂ ਵਾਲੀ ਸੂਚੀ ਨੂੰ ਅਧਾਰ ਬਣਾ ਕੇ ਸਿੱਧੇ ਤੌਰ ’ਤੇ ਹੀ ਵੋਟਾਂ ਬਣਾ ਰਹੇ ਹਨ ਅਤੇ ਸਾਬਤ ਸੂਰਤ ਸਿੱਖ ਦੀ ਸ਼ਰਤ ਨੂੰ ਸ਼ਰ੍ਹੇਆਮ ਅਣਗੌਲਿਆ ਕੀਤਾ ਜਾ ਰਿਹਾ ਹੈ। ਸ੍ਰੀ ਧਾਮੀ ਨੇ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਹਾਲ ਹੀ ਵਿੱਚ ਗੁਰਦੁਆਰਾ ਚੋਣ ਕਮਿਸ਼ਨਰ ਨੂੰ (**ਬਾਕੀ ਸਫ਼ਾ** 30 ’ਤੇ)



## ਜਥੇਦਾਰ ਭੁਪਿੰਦਰ ਸਿੰਘ ਅਸੰਧ ਮੁੜ ਐਚ.ਐਸ.ਜੀ.ਐਮ.ਸੀ. ਦੇ ਪ੍ਰਧਾਨ ਬਣੇ

### ਰਵਿੰਦਰ ਕੌਰ ਅਜਰਾਣਾ ਬਣੇ ਜੂਨੀਅਰ ਮੀਤ ਪ੍ਰਧਾਨ

ਕੁਰੂਕਸ਼ੇਤਰ/ਏ.ਟੀ.ਨਿਊਜ਼: ਸੰਨ 1996 ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਲਗਾਤਾਰ ਮੈਂਬਰ ਰਹੇ ਜਥੇਦਾਰ ਭੁਪਿੰਦਰ ਸਿੰਘ ਅਸੰਧ ਇੱਕ ਵਾਰ ਫਿਰ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਚੁਣੇ ਗਏ ਹਨ। ਕੁਰੂਕਸ਼ੇਤਰ ਡੀ.ਸੀ. ਦਫ਼ਤਰ ਵਿੱਚ ਪਿਛਲੇ ਦਿਨੀਂ ਹੋਈ ਮੀਟਿੰਗ ਵਿੱਚ ਕਮੇਟੀ ਦੇ 40 ਨਵ-ਨਿਯੁਕਤ ਮੈਂਬਰ ਸ਼ਾਮਲ ਹੋਏ। ਇੱਥੇ ਡੀ.ਸੀ. ਸੁਸ਼ੀਲ ਸਾਰਵਾਨ ਦੀ ਪ੍ਰਧਾਨਗੀ ਹੇਠ ਹਰਿਆਣਾ ਕਮੇਟੀ ਦੇ ਪ੍ਰਧਾਨ ਅਤੇ ਕਾਰਜਕਾਰਨੀ ਦੀ ਚੋਣ ਕੀਤੀ ਗਈ। ਇਸ ਮੌਕੇ ਜਥੇਦਾਰ ਭੁਪਿੰਦਰ ਸਿੰਘ ਅਸੰਧ ਨੂੰ ਸਰਬਸੰਮਤੀ ਨਾਲ ਲਗਾਤਾਰ ਦੂਜੀ ਵਾਰ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ।



ਇਸ ਦੇ ਨਾਲ ਹੀ ਅੰਬਾਲਾ ਤੋਂ ਸੁਦਰਸ਼ਨ ਸਿੰਘ ਸਹਿਗਲ ਨੂੰ ਸੀਨੀਅਰ ਮੀਤ ਪ੍ਰਧਾਨ, ਕੁਰੂਕਸ਼ੇਤਰ ਤੋਂ ਬੀਬੀ ਰਵਿੰਦਰ ਕੌਰ ਅਜਰਾਣਾ ਨੂੰ ਜੂਨੀਅਰ ਮੀਤ ਪ੍ਰਧਾਨ, ਸੁਖਵਿੰਦਰ ਸਿੰਘ ਮੰਡੇਬਰ ਨੂੰ ਜਨਰਲ ਸਕੱਤਰ, ਗੁਲਾਬ ਸਿੰਘ ਮੂਨਕ ਨੂੰ ਜੁਆਇੰਟ ਸਕੱਤਰ ਚੁਣਿਆ ਗਿਆ। ਇਸ ਤੋਂ ਇਲਾਵਾ ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਪਰਮਜੀਤ ਸਿੰਘ ਮੱਕੜ ਕੁਰੂਕਸ਼ੇਤਰ, ਜਗਸੀਰ ਸਿੰਘ ਮਾਂਗੇਆਣਾ, ਤਰਵਿੰਦਰਪਾਲ ਸਿੰਘ ਅੰਬਾਲਾ, ਬੀਬੀ ਪਰਮਿੰਦਰ ਕੌਰ ਜੀਂਦ ਅਤੇ ਗੁਰਪ੍ਰਸਾਦ ਸਿੰਘ ਫਰੀਦਾਬਾਦ ਨੂੰ ਕਾਰਜਕਾਰਨੀ ਮੈਂਬਰ ਚੁਣਿਆ ਗਿਆ ਹੈ। ਕਾਰਜਕਾਰਨੀ ਕਮੇਟੀ ਦੀ ਚੋਣ ਉਪਰੰਤ ਸਮੂਹ ਅਹੁਦੇਦਾਰ ਅਤੇ ਮੈਂਬਰ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਵਿੱਚ ਪੁੱਜੇ। ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਉਪਰੰਤ ਪ੍ਰਧਾਨ ਅਸੰਧ ਨੇ ਸਮੂਹ ਮੈਂਬਰਾਂ ਅਤੇ ਪ੍ਰਬੰਧਕੀ ਕਮੇਟੀ ਦੇ ਅਧਿਕਾਰੀਆਂ ਨੂੰ ਸਿੱਖ ਕੌਮ ਅਤੇ ਸੰਸਥਾ ਦੇ ਹਿੱਤ ਵਿੱਚ ਕੰਮ ਕਰਨ ਦਾ ਸੱਦਾ ਦਿੱਤਾ।

ਇਸ ਦੌਰਾਨ ਬੀਬੀ ਰਵਿੰਦਰ ਕੌਰ ਅਜਰਾਣਾ ਨੇ ਲਗਾਤਾਰ ਦੂਜੀ ਵਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਣਨ ’ਤੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਹਰਿਆਣਾ ਕਮੇਟੀ ਅਧੂਰੇ ਪਏ ਕੰਮਾਂ ਨੂੰ ਹੁਲਾਰਾ ਦੇਵੇਗੀ ਅਤੇ ਸਾਰੇ ਪ੍ਰਾਜੈਕਟਾਂ ਨੂੰ ਜਲਦੀ ਪੂਰਾ ਕੀਤਾ ਜਾਵੇਗਾ। ਇਸ ਦੇ ਨਾਲ ਹੀ ਸੰਸਥਾ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਵੀ ਸਾਰਥਕ ਕੰਮ ਕੀਤੇ ਜਾਣਗੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

## ਫੁੱਟਪਾਊ ਤਾਕਤਾਂ ਤੋਂ ਸੁਚੇਤ ਰਹਿਣ ਦੀ ਲੋੜ

ਬੀਤੇ ਦਿਨੀਂ ਹਿਮਾਚਲ ਪ੍ਰਦੇਸ਼ ਦੇ ਸੰਸਦੀ ਹਲਕੇ ਮੰਡੀ ਤੋਂ ਸੰਸਦ ਮੈਂਬਰ ਕੰਗਨਾ ਰਣੌਤ ਵੱਲੋਂ ਕਿਸਾਨਾਂ ਤੇ ਸਿੱਖਾਂ ਬਾਰੇ ਦਿੱਤੇ ਗਏ ਵਿਵਾਦਮਈ ਬਿਆਨ ਅਤੇ ਉਸ ਦੀ ਫ਼ਿਲਮ ਐਮਰਜੈਂਸੀ ਕਾਰਨ ਭਾਰਤ ਵਿਚ ਸਿਆਸੀ ਉਬਾਲ ਆਇਆ ਹੋਇਆ ਹੈ। ਕੰਗਨਾ ਦੀ ਫ਼ਿਲਮ ਅਤੇ ਉਸਦੇ ਵਿਵਾਦਮਈ ਬਿਆਨ ਦਾ ਸਿੱਖ ਹਲਕਿਆਂ ਅਤੇ ਕਿਸਾਨਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ, ਉਥੇ ਹਿਮਾਚਲ ਪ੍ਰਦੇਸ਼ ਦੀ ਵਿਧਾਨ ਸਭਾ ਵਿੱਚ ਵੀ ਕੰਗਨਾ ਦੇ ਕਿਸਾਨਾਂ ਬਾਰੇ ਬਿਆਨ ਕਾਰਨ ਹੰਗਾਮਾ ਹੋਇਆ। ਹਿਮਾਚਲ ਪ੍ਰਦੇਸ਼ ਦੀ ਵਿਧਾਨ ਸਭਾ ਵਿੱਚ ਕੰਗਨਾ ਦੀ ਟਿੱਪਣੀ ’ਤੇ ਵਿਰੋਧ ਵਾਲਾ ਮਤਾ ਪੇਸ਼ ਕੀਤਾ ਗਿਆ ਅਤੇ ਇੱਕ ਮੰਤਰੀ ਵੱਲੋਂ ਕੰਗਨਾ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਕੀਤੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਹਿਣਾ ਹੈ ਕਿ ਕੰਗਨਾ ਦੀ ਫ਼ਿਲਮ ‘ਐਮਰਜੈਂਸੀ’ ਵਿੱਚ ਸਿੱਖਾਂ ਬਾਰੇ ਗਲਤ ਤੱਥ ਪੇਸ਼ ਕੀਤੇ ਗਏ ਹਨ ਅਤੇ ਸਿੱਖਾਂ ਨੂੰ ਵੱਖਵਾਦੀ ਵਜੋਂ ਪੇਸ਼ ਕੀਤਾ ਗਿਆ ਹੈ। ਅਨੇਕਾਂ ਸਿੱਖ ਆਗੂ ਕਹਿ ਰਹੇ ਹਨ ਕਿ ਇਸ ਫ਼ਿਲਮ ਵਿੱਚ ਸੰਤ ਭਿੰਡਰਾਂਵਾਲਿਆਂ ਬਾਰੇ ਵੀ ਗਲਤ ਤੱਥ ਪੇਸ਼ ਕੀਤੇ ਗਏ ਹਨ। ਸਿੱਖ ਭਾਈਚਾਰੇ ਦੇ ਰੋਸ ਕਾਰਨ ਇਸ ਫ਼ਿਲਮ ’ਤੇ ਫਿਲਹਾਲ ਸੈਂਸਰ ਬੋਰਡ ਵੱਲੋਂ ਰੋਕ ਲਗਾ ਦਿੱਤੀ ਗਈ ਹੈ। ਇਹ ਪਹਿਲੀ ਵਾਰ ਨਹੀਂ ਹੈ ਕਿ ਕੰਗਨਾ ਵੱਲੋਂ ਸਿੱਖਾਂ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਵੀ ਕਿਸਾਨ ਅੰਦੋਲਨ ਵੇਲੇ ਵੀ ਉਹ ਕਈ ਵਾਰ ਕਿਸਾਨਾਂ ਨੂੰ ਵੱਖਵਾਦੀ ਅਤੇ ਅਜਿਹਾ ਹੀ ਹੋਰ ਬਹੁਤ ਕੁਝ ਕਹਿ ਚੁੱਕੀ ਹੈ। ਵੱਖ- ਵੱਖ ਸਮੇਂ ਅਕਸਰ ਕੰਗਨਾ ਵੱਲੋਂ ਕਿਸਾਨਾਂ ਖਾਸ ਕਰਕੇ ਸਿੱਖਾਂ ਖ਼ਿਲਾਫ਼ ਬਿਆਨਬਾਜ਼ੀ ਕੀਤੀ ਜਾਂਦੀ ਹੈ। ਉਸ ਦੀ ਅਜਿਹੀ ਬਿਆਨਬਾਜ਼ੀ ਕਾਰਨ ਸਭ ਤੋਂ ਜਿਆਦਾ ਸਵਾਲ ਭਾਜਪਾ ਉੱਪਰ ਉੱਠਦੇ ਹਨ। ਭਾਰਤ ਵਿੱਚ ਭਾਜਪਾ ਨੂੰ ਅਕਸਰ ਸਭ ਤੋਂ ਵੱਧ ਅਨੁਸ਼ਾਸਨ ਵਾਲੀ ਸਿਆਸੀ ਪਾਰਟੀ ਕਿਹਾ ਜਾਂਦਾ ਹੈ, ਪਰ ਉਸ ਦੀ ਹੀ ਆਗੂ ਵੱਲੋਂ ਜਿਸ ਤਰ੍ਹਾਂ ਦੇ ਵਿਵਾਦਮਈ ਬਿਆਨ ਅਕਸਰ ਦਿੱਤੇ ਜਾਂਦੇ ਹਨ, ਉਸ ਤੋਂ ਭਾਜਪਾ ਦੇ ਅੰਦਰੂਨੀ ਅਨੁਸ਼ਾਸਨ ’ਤੇ ਹੀ ਵੱਡੇ ਸਵਾਲ ਖੜੇ ਹੋ ਜਾਂਦੇ ਹਨ। ਭਾਵੇਂ ਕਿ ਭਾਜਪਾ ਵੱਲੋਂ ਹੁਣ ਕੰਗਨਾ ਦੇ ਬਿਆਨ ਤੋਂ ਪੱਲਾ ਝਾੜ ਲਿਆ ਗਿਆ ਹੈ, ਪਰ ਸਭ ਨੂੰ ਪਤਾ ਹੈ ਕਿ ਭਾਜਪਾ ਵੱਲੋਂ ਅਜਿਹਾ ਹਰਿਆਣਾ ਵਿਧਾਨ ਸਭਾ ਚੋਣਾਂ ਕਾਰਨ ਕੀਤਾ ਗਿਆ ਹੈ ਕਿਉਂਕਿ ਜਿਸ ਸਮੇਂ ਕੰਗਨਾ ਦਾ ਇਹ ਬਿਆਨ ਆਇਆ ਹੈ, ਉਸ ਸਮੇਂ ਦੌਰਾਨ ਹਰਿਆਣਾ ਵਿੱਚ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਕੰਗਨਾ ਵੱਲੋਂ ਪਿਛਲੇ ਕੁਝ ਸਾਲਾਂ ਤੋਂ ਲਗਾਤਾਰ ਵਿਵਾਦਮਈ ਅਤੇ ਭੜਕਾਊ ਬਿਆਨ ਦਿੱਤੇ ਜਾ ਰਹੇ ਹਨ ਪਰ ਉਸ ਵਿਰੁੱਧ ਅਜੇ ਤਕ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਸ ਕਾਰਨ ਉਸਦਾ ਹੌਂਸਲਾ ਵਧ ਗਿਆ ਹੈ।

ਸਿਰਫ਼ ਕੰਗਨਾ ਹੀ ਨਹੀਂ ਸਗੋਂ ਭਾਜਪਾ ਦੇ ਅਨੇਕਾਂ ਹੋਰ ਆਗੂ ਵੀ ਅਕਸਰ ਭੜਕਾਊ ਬਿਆਨਬਾਜ਼ੀ ਕਰਦੇ ਰਹਿੰਦੇ ਹਨ। ਅਜਿਹੇ ਨੇਤਾਵਾਂ ਦਾ ਇੱਕੋ ਇੱਕ ਮਕਸਦ ਆਪਣੀ ਰਾਜਨੀਤੀ ਚਮਕਾਉਣਾ ਹੁੰਦੀ ਹੈ। ਇਹ ਆਗੂ ਅਕਸਰ ਸੁਰਖ਼ੀਆਂ ਵਿੱਚ ਆਉਣ ਲਈ ਭੜਕਾਊ ਬਿਆਨਬਾਜ਼ੀ ਕਰਕੇ ਭਾਈਚਾਰਕ ਸਾਂਝ ਨੂੰ ਖੋਰਾ ਲਗਾ ਦਿੰਦੇ ਹਨ, ਜਿਸ ਦਾ ਇਹਨਾਂ ਨੂੰ ਭੋਰਾ ਵੀ ਅਹਿਸਾਸ ਨਹੀਂ ਹੁੰਦਾ। ਅਜਿਹੇ ਆਗੂਆਂ ਦੇ ਭੜਕਾਊ ਬਿਆਨਾਂ ਕਾਰਨ ਕਈ ਵਾਰ ਦੋ ਧਰਮਾਂ ਦੇ ਪੈਰੋਕਾਰਾਂ ਵਿਚਾਲੇ ਦੰਗੇ ਵੀ ਭੜਕ ਜਾਂਦੇ ਹਨ ਅਤੇ ਅਮਨ ਕਾਨੂੰਨ ਦੀ ਸਥਿਤੀ ਗੰਭੀਰ ਹੋ ਜਾਂਦੀ ਹੈ। ਅਨੇਕਾਂ ਸਿਆਸੀ ਆਗੂ ਅਤੇ ਸ਼ਰਾਰਤੀ ਅਨਸਰ ਅਜਿਹੇ ਵੀ ਹਨ, ਜੋ ਕਿ ਪੰਜਾਬ ਵਿਰੋਧੀ ਤਾਕਤਾਂ ਨਾਲ ਤਾਲਮੇਲ ਕਰਕੇ ਅਕਸਰ ਪੰਜਾਬ ਦੀ ਸ਼ਾਂਤੀ ਭੰਗ ਕਰਨ ਵਾਲੀ ਬਿਆਨਬਾਜ਼ੀ ਕਰਦੇ ਹਨ ਅਤੇ ਲਗਾਤਾਰ ਅਜਿਹੀਆਂ ਹਰਕਤਾਂ ਕਰਦੇ ਹਨ, ਜਿਸ ਕਾਰਨ ਸਿੱਖ ਭੜਕ ਜਾਣ। ਇਸ ਸਮੇਂ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੂੰ ਸੰਜਮ ਤੋਂ ਕੰਮ ਲੈਣ ਦੀ ਲੋੜ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਭੜਕਾਹਟ ਵਿੱਚ ਨਹੀਂ ਆਉਣਾ ਚਾਹੀਦਾ। ਕੰਗਨਾ ਅਤੇ ਉਸਦੀ ਫ਼ਿਲਮ ਖ਼ਿਲਾਫ਼ ਕਾਨੂੰਨੀ ਲੜਾਈ ਪੂਰੀ ਤਿਆਰੀ ਨਾਲ ਸੁਚੇਤ ਹੋ ਕੇ ਲੜਨੀ ਚਾਹੀਦੀ ਹੈ। ਅਜਿਹੀਆਂ ਪੰਜਾਬ ਦੋਖੀ ਤਾਕਤਾਂ ਦਾ ਮੁਕਾਬਲਾ ਕਰਨ ਹੀ ਸਾਰੀਆਂ ਪੰਥਕ ਤੇ ਕਿਸਾਨ ਧਿਰਾਂ ਨੂੰ ਆਪਸੀ ਏਕੇ ਦੀ ਲੋੜ ਹੈ ਤਾਂ ਕਿ ਫੁਟਪਾਊ ਤਾਕਤਾਂ ਦਾ ਡਟ ਕੇ ਮੁਕਾਬਲਾ ਕੀਤਾ ਜਾ ਸਕੇ।

## ਪੱਛਮੀ ਬੰਗਾਲ ਦੀ ਸੰਸਦ ’ਚ ਜਬਰ ਜਨਾਹ ਵਿਰੋਧੀ ਬਿੱਲ ਪਾਸ

ਪੱਛਮੀ ਬੰਗਾਲ ਦੇ ਵਿੱਚ ਮੰਗਲਵਾਰ ਵਾਲੇ ਦਿਨ ਵਿਧਾਨ ਸਭਾ ਵਿੱਚ ਐਂਟੀ ਰੇਪ ਬਿੱਲ ਪਾਸ ਹੋ ਗਿਆ। ਬਿੱਲ ਦੇ ਮੁਤਾਬਿਕ ਪਹਿਲੀ ਰਿਪੋਰਟ ਦਰਜ ਹੋਣ ਦੇ 21 ਦਿਨ ਦੇ ਅੰਦਰ ਟਰੈਲ ਪੂਰਾ ਹੋਣਾ ਚਾਹੀਦਾ ਹੈ। ਇਸ ਬਿੱਲ ਨੂੰ ਪੱਛਮੀ ਬੰਗਾਲ ਦੇ ਕਾਨੂੰਨ ਮੰਤਰੀ ਮੈਲੋ ਘਟਕ ਨੇ ਸੰਸਦ ਵਿੱਚ ਰੱਖਿਆ। ਬੰਗਾਲ ਸਰਕਾਰ ਨੇ ਕਿਹਾ ਹੈ ਕਿ ਕਾਨੂੰਨ ਵਿਵਸਥਾ ਰਾਜ ਦੇ ਅਧਿਕਾਰ ਖੇਤਰ ਵਿੱਚ ਆਉਂਦੀ ਹੈ। ਇਸ ਲਈ ਸਰਕਾਰ ਮੌਜੂਦਾ ਕਾਨੂੰਨ ’ਚ ਸੋਧ ਕਰ ਸਕਦੀ ਹੈ ਤਾਂ ਜੋ ਪੀੜਤਾ ਨੂੰ ਜਲਦੀ ਇਨਸਾਫ਼ ਮਿਲ ਸਕੇ। ਬਿੱਲ ਪੇਸ਼ ਕਰਨ ਤੋਂ ਬਾਅਦ ਇਸ ’ਤੇ ਚਰਚਾ ਵੀ ਹੋਈ ਤੇ ਬਹਿਸਬਾਜ਼ੀ ਵੀ ਹੋਈ। ਹਾਲਾਂਕਿ ਬਿੱਲ ਦੇ ਹੱਕ ਦੇ ਵਿੱਚ ਵਿਰੋਧੀ ਧਿਰ ਨੇ ਸਮਰਥਨ ਦਿੱਤਾ ਹੈ ਪਰ ਨਾਲ ਹੀ ਮਮਤਾ ਬੈਨਰਜੀ ਦੇ ਅਸਤੀਫ਼ੇ ਦੀ ਮੰਗ ਵੀ ਕੀਤੀ। ਜਵਾਬ ਦੇ ਵਿੱਚ ਮਮਤਾ ਬੈਨਰਜੀ ਨੇ ਕਿਹਾ ਮੇਰੇ ਤੋਂ ਪਹਿਲਾ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਵੀ ਅਸਤੀਫਾ ਦੇਣਾ ਚਾਹੀਦਾ ਹੈ। ਇਸ ਬਿੱਲ ਤਹਿਤ ਦੋਸ਼ੀ ਨੂੰ ਮੌਤ ਦੀ ਸਜ਼ਾ ਅਤੇ ਜੁਰਮਾਨਾ ਦੋਵੇਂ ਹੀ ਨਿਸ਼ਚਿਤ ਕੀਤੇ ਗਏ ਹਨ। ਕੋਈ ਵੀ ਪੀੜਤ ਹੋਵੇ ਉਸ ਦੀ ਤਸਵੀਰ ਜਨਤਕ ਕਰਨ ਉੱਤੇ ਰੋਕ ਲਗਾ ਦਿੱਤੀ ਗਈ ਹੈ। ਫਿਰ ਵੀ ਜੇ ਕੋਈ ਕਰਦਾ ਹੈ ਤਾਂ ਉਸ ਲਈ ਸਜ਼ਾ ਨਿਸ਼ਚਿਤ ਕੀਤੀ ਗਈ ਹੈ। ਜੇਕਰ ਰੇਪ ਪੀੜਤਾ ਕੋਮਾ ਵਿੱਚ ਜਾਂਦੀ ਹੈ ਜਾਂ ਮੌਤ ਹੋ ਜਾਂਦੀ ਹੈ ਤਾਂ 10 ਦਿਨਾਂ ਦੇ ਅੰਦਰ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇਗੀ। ਇਹ ਬਿੱਲ ਉਸ ਸਮੇਂ ਆਇਆ ਹੈ ਜਦੋਂ ਕੱਲਕਾਤਾ ’ਚ ਟ੍ਰੇਨੀ ਡਾਕਟਰ ਦੇ ਰੇਪ ਅਤੇ ਹੱਤਿਆ ਤੋਂ ਬਾਅਦ ਲਗਾਤਾਰ ਦੇਸ਼ ਭਰ ਵਿੱਚ ਪ੍ਰਦਰਸ਼ਨ ਹੋ ਰਹੇ ਹਨ। ਲੋਕਾਂ ਵਿੱਚ ਕਾਫ਼ੀ ਨਾਰਾਜ਼ਗੀ ਹੈ, ਇਸ ਲਈ ਵਿਧਾਨ ਸਭਾ ਦੇ ਅੰਦਰ ਇੱਕ ਸੈਪਸ਼ਲ ਸੈਸ਼ਨ ਵੀ ਬੁਲਾਇਆ ਗਿਆ ਸੀ। ਇਸ ਬਿੱਲ ਨੂੰ ਰਾਜਪਾਲ ਅਤੇ ਰਾਸ਼ਟਰਪਤੀ ਕੋਲ ਮਨਜ਼ੂਰੀ ਲਈ ਭੇਜਿਆ ਜਾਵੇਗਾ। ਹਾਲ ਦੀ ਘੜੀ ਇਹ ਮਾਮਲਾ ਸੀ.ਬੀ.ਆਈ. ਕੋਲ ਹੈ। ਟ੍ਰੇਨੀ ਡਾਕਟਰ ਦੇ ਰੇਪ ਅਤੇ ਹੱਤਿਆ ਮਾਮਲੇ ’ਚ ਇਕ ਦੋਸ਼ੀ ਸੰਜੇ ਰਾਏ ਦੀ ਗ੍ਰਿਫ਼ਤਾਰੀ ਵੀ ਹੋਈ ਹੈ। ਜਾਂਚ ਅਜੇ ਵੀ ਜਾਰੀ ਹੈ। ਇਸ ਕੇਸ ਨੂੰ ਲੈ ਕੇ ਵਿਰੋਧੀ ਧਿਰ ਸ਼ੁਰੂ ਤੋਂ ਹੀ ਮਮਤਾ ਸਰਕਾਰ ’ਤੇ ਹਾਵੀ ਰਹੀ ਹੈ। ਸਰਕਾਰ ਨੂੰ ਲੋਕਾਂ ਦੀ ਨਾਰਾਜ਼ਗੀ ਦਾ ਸਾਹਮਣਾ ਲਗਾਤਾਰ ਕਰਨਾ ਪੈ ਰਿਹਾ ਹੈ। ਤਿੰਨ ਹਫ਼ਤਿਆਂ ਤੋਂ ਵੱਧ ਦਾ ਸਮਾਂ ਨਿਕਲ ਗਿਆ ਹੈ ਪਰ ਇਸ ਮਾਮਲੇ ਵਿੱਚ ਕਈ ਸਵਾਲ ਅਜਿਹੇ ਨੇ ਜੋ ਅਜੇ ਅਣਸੁਲਝੇ ਹਨ।

# ਹਰਿਆਣਾ ਤੇ ਜੰਮੂ-ਕਸ਼ਮੀਰ ਚੋਣਾਂ-ਭਾਜਪਾ ਦਾ ਅਕਸ ਦਾਅ ’ਤੇ



ਗੁਰਮੀਤ ਸਿੰਘ ਪਲਾਹੀ
9815802070




ਇਹ ਸਪਸ਼ਟ ਹੈ ਕਿ ਹਰਿਆਣਾ ਅਤੇ ਜੰਮੂ-ਕਸ਼ਮੀਰ ਦੋਨਾਂ ਹੀ ਸੂਬਿਆਂ ਵਿੱਚ ਹੋਣ ਜਾ ਰਹੀਆਂ ਚੋਣਾਂ ਭਾਰਤੀ ਜਨਤਾ ਪਾਰਟੀ ਲਈ ਸੌਖੀਆਂ ਨਹੀਂ ਹੋਣਗੀਆਂ। ਉਥੇ ਭਾਜਪਾ ਅਤੇ ਕਾਂਗਰਸ/ਇੰਡੀਅਨ ਗਠਬੰਧਨ ਵਿੱਚ ਸਖ਼ਤ ਟੱਕਰ ਹੋਣ ਵਾਲੀ ਹੈ। ਇਹ ਚੋਣਾਂ ਸਤੰਬਰ/ਅਕਤੂਬਰ 2024 ਵਿੱਚ ਹੋ ਰਹੀਆਂ ਹਨ।

ਆਮ ਤੌਰ ’ਤੇ ਹਰਿਆਣਾ ਅਤੇ ਮਹਾਂਰਾਸ਼ਟਰ ਵਿੱਚ ਚੋਣਾਂ ਹੋਣ ਦਾ ਵੇਲਾ ਇਹੋ ਜਿਹਾ ਰਿਹਾ ਹੈ ਪਰ ਹਾਰ ਦੇ ਅਣਜਾਣੇ ਡਰ ਕਾਰਨ ਭਾਜਪਾ ਹਕੂਮਤ ਨੇ ਇਹ ਚੋਣਾਂ ਹਰਿਆਣਾ, ਜੰਮੂ ਕਸ਼ਮੀਰ ਦੀਆਂ ਚੋਣਾਂ ਬਾਅਦ ਕਰਵਾਉਣ ਦਾ ਫੈਸਲਾ ਭਾਰਤੀ ਚੋਣ ਕਮਿਸ਼ਨ ਤੋਂ ਕਰਵਾਇਆ ਹੈ। ਇਥੋਂ ਭਾਜਪਾ ਨੂੰ ਸ਼ਿਵ ਸੈਨਾ (ਯੂ.ਬੀ.ਟੀ.), ਨੈਸ਼ਨਲਿਸਟ ਕਾਂਗਰਸ ਪਾਰਟੀ (ਐਸ.ਸੀ.) ਕਾਂਗਰਸ ਅਤੇ ਹੋਰ ਪਾਰਟੀਆਂ ਦੀ ਆਪਸੀ ਸਾਂਝ ਇੰਡੀਆ ਗਠਜੋੜ ਦਾ ਏਕਾ ਭਾਜਪਾ ਨੂੰ ਪ੍ਰੇਸ਼ਾਨ ਕਰ ਰਿਹਾ ਹੈ, ਕਿਉਂਕਿ ਇੰਡੀਆ ਗੱਠਜੋੜ ਦੇ ਆਗੂ ਸ਼ਰਦ ਪਵਾਰ ਦਾ ਬਿਆਨ ਹੈ ਕਿ ਉਹਨਾ ਦਾ ਪੂਰਾ ਜ਼ੋਰ ਮਹਾਰਾਸ਼ਟਰ ’ਚ ਸਰਕਾਰ ਬਦਲਣ ’ਤੇ ਕੇਂਦਰਿਤ ਹੈ।

ਉਧਰ ਜੰਮੂ-ਕਸ਼ਮੀਰ ’ਚ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਵਿਚਾਲੇ ਗੱਠਜੋੜ ਹੋ ਰਿਹਾ ਹੈ। ਜਿਥੇ 90 ਸੀਟਾਂ ਉਤੇ ਗਠਜੋੜ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਇਥੇ ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਅਰਥਾਤ ਇੰਡੀਆ ਗੱਠਜੋੜ ਦੀ ਤਰਜੀਹ ਜੰਮੂ ਕਸ਼ਮੀਰ ਦਾ ਪੂਰਨ ਰਾਜ ਦਾ ਦਰਜਾ ਬਹਾਲ ਕਰਨ ਦੀ ਹੈ। ਉਹਨਾਂ ਦੀ ਤਰਜੀਹ ਲੋਕਾਂ ਦੇ ਖੋਹੇ ਹੋਏ ਹੱਕ ਬਹਾਲ ਕਰਨ ਦੀ ਵੀ ਹੈ।

ਇਸ ਗੱਠਜੋੜ ਤੋਂ ਬਾਅਦ ਭਾਜਪਾ ਅਤੇ ਇੰਡੀਆ ਗੱਠਜੋੜ ਦੀ ਟੱਕਰ ਜ਼ਬਰਦਸਤ ਹੋ ਜਾਏਗੀ। ਜੰਮੂ ਕਸ਼ਮੀਰ ਵਿੱਚ ਭਾਜਪਾ ਦੀ ਸਫ਼ਲਤਾ ਦਾ ਅਰਥ ਉਥੇ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਸਮਰੱਥਣ ਵੀ ਹੋਏਗਾ, ਜਿਸ ਵਿੱਚ 370 ਧਾਰਾ ਨੂੰ ਹਟਾਉਣਾ ਵੀ ਸ਼ਾਮਲ ਹੈ। ਪਰ ਇਸ ਗੱਲ ਦੀ ਸ਼ੰਕਾ ਹੈ ਕਿ ਭਾਜਪਾ ਜੰਮੂ ਕਸ਼ਮੀਰ ਵਿੱਚ ਇੱਕ ਮਜ਼ਬੂਤ ਤਾਕਤ ਦੇ ਰੂਪ ਵਿੱਚ ਉੱਭਰ ਪਾਏਗੀ ?

2024 ਵਿੱਚ ਭਾਜਪਾ ਨੇ ਜੰਮੂ ਵਿੱਚ ਦੋ ਲੋਕ ਸਭਾ ਸੀਟਾਂ ਜਿੱਤੀਆਂ ਅਤੇ 24.4% ਵੋਟਾਂ ਪ੍ਰਾਪਤ ਕੀਤੀਆਂ, ਪਰ ਇਹ ਵੀ ਸੱਚਾਈ ਹੈ ਕਿ ਭਾਜਪਾ ਨੇ ਸਾਰੀਆਂ 6 ਲੋਕ ਸਭਾ ਸੀਟਾਂ ਉਤੇ ਲੋਕ ਸਭਾ ਚੋਣਾਂ ਨਹੀਂ ਸਨ ਲੜੀਆਂ। ਇਹ ਭਾਜਪਾ ਦੀ ਕਮਜ਼ੋਰੀ ਦਾ ਸਬੂਤ ਹੈ। ਇਥੇ ਇਹ ਵੀ ਵਰਨਣਯੋਗ ਹੈ ਕਿ ਜੰਮੂ ਕਸ਼ਮੀਰ ਵਿੱਚ 35 ਫ਼ੀਸਦੀ ਲੋਕ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਅਤੇ 27 ਫ਼ੀਸਦੀ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਵਜੋਂ ਵੇਖਣਾ ਪਸੰਦ ਕਰਦੇ ਸਨ।

2024 ਦੀਆਂ ਲੋਕ ਸਭਾ ਚੋਣਾਂ ’ਚ ਭਾਜਪਾ ਨੇ ਹਰਿਆਣਾ ਅਤੇ ਜੰਮੂ ਕਸ਼ਮੀਰ ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕੀਤਾ ਸੀ। ਹਰਿਆਣਾ ’ਚ ਭਾਜਪਾ ਨੇ 46.1 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 10 ਸੀਟਾਂ ਵਿੱਚ 5 ਲੋਕ ਸਭਾ ਸੀਟਾਂ ਜਿੱਤੀਆਂ ਜਦਕਿ ਕਾਂਗਰਸ ਨੇ ਬਾਕੀ 5 ਸੀਟਾਂ ਤੇ ਸਫਲਤਾ ਪ੍ਰਾਪਤ ਕੀਤੀ ਅਤੇ 43.7 ਫ਼ੀਸਦੀ ਵੋਟ ਪ੍ਰਾਪਤ ਕੀਤੀਆਂ। ਭਾਜਪਾ ਨੇ 2019 ਚੋਣਾਂ ’ਚ 58 ਫ਼ੀਸਦੀ ਵੋਟਾਂ ਲਈਆਂ ਸਨ ਅਤੇ ਇਸ ਵੇਰ 12 ਫ਼ੀਸਦੀ ਦੀ ਗਿਰਾਵਟ ਇਹਨਾਂ ਚੋਣਾਂ ’ਚ ਵੇਖੀ ਗਈ। ਜਦਕਿ ਕਾਂਗਰਸ ਨੇ 2019 ’ਚ 28.4 ਫੀਸਦੀ ਵੋਟ ਲਏ ਅਤੇ ਇਸ ਵੇਰ 15.3 ਫ਼ੀਸਦੀ ਦਾ ਵਾਧਾ ਵੋਟਾਂ ’ਚ ਕੀਤਾ। ਇਹ ਇਸ ਗੱਲ ਦਾ ਸੰਕੇਤ ਹੈ ਕਿ ਇਸ ਵੇਰ ਹਵਾ ਕਿਸ ਪਾਸੇ ਵੱਗ ਰਹੀ ਹੈ।

ਸਾਲ 2019 ’ਚ ਜਦੋਂ ਹਰਿਆਣਾ ’ਚ ਵਿਧਾਨ ਸਭਾ ਚੋਣਾਂ ਹੋਈਆਂ ਸਨ ਤਾਂ ਭਾਜਪਾ ਨੂੰ 36.5 ਫ਼ੀਸਦੀ ਵੋਟ ਮਿਲੇ ਸਨ ਤੇ 40 ਸੀਟਾਂ ਪ੍ਰਾਪਤ ਹੋਈਆਂ। ਇਹ ਲੋਕ ਸਭਾ 2019 ਦੀਆਂ ਭਾਜਪਾ ਨੂੰ ਪ੍ਰਾਪਤ ਵੋਟਾਂ ਤੋਂ ਕਾਫ਼ੀ ਘੱਟ ਸਨ। ਇਸ ਵੇਰ ਦੇਖਣਾ ਹੋਏਗਾ ਕਿ ਹਰਿਆਣਾ ਦੇ ਲੋਕ ਇਸੇ ਕਿਸਮ ਦੇ ਫ਼ੈਸਲੇ ਨੂੰ ਦੁਹਰਾਉਂਦੇ ਹਨ ਜਾਂ ਕੋਈ ਅਲੱਗ ਫ਼ੈਸਲਾ ਕਰਦੇ ਹਨ।

ਹਰਿਆਣਾ ਵਿੱਚ 2019 ’ਚ ਭਾਜਪਾ ਨੇ ਗੱਠਜੋੜ ਸਰਕਾਰ ਬਣਾਈ। ਇਸ ਸਮੇਂ ਦੌਰਾਨ ਕਿਸਾਨ ਅੰਦੋਲਨ ਹੋਇਆ। ਇਸ ਅੰਦੋਲਨ ’ਚ ਹਰਿਆਣਾ ਭਾਜਪਾ ਤੇ ਸਰਕਾਰ ਦੀ ਭੂਮਿਕਾ ਬੇਹੱਦ ਇੱਕ ਪਾਸੜ ਰਹੀ। ਕਿਸਾਨਾਂ ਦਾ ਗੁੱਸਾ ਸਰਕਾਰ ਨੂੰ ਝੱਲਣਾ ਪਿਆ। ਪੰਜ ਸਾਲ ਬਾਅਦ 2019 ’ਚ ਵੀ ਸਰਕਾਰ ਨੂੰ ਸਰਕਾਰ ਵਿਰੋਧੀ ਰੋਸ ਦਾ ਸਾਹਮਣਾ ਸੀ ਪਰ ਹੁਣ 10 ਸਾਲਾਂ ਬਾਅਦ ਇਹ ਗੁੱਸਾ, ਰੋਸ, ਹੋਰ ਵੀ ਵਧਿਆ। ਮਨੋਹਰ ਲਾਲ ਖੱਟੜ ਵਿੱਚ ਵਿਚਾਲੇ ਬਦਲੇ ਗਏ, ਨੈਬ ਸਿੰਘ ਸੈਣੀ ਨੂੰ ਲਿਆਂਦਾ ਗਿਆ ਹੈ। ਪਰ ਲੋਕਾਂ ’ਚ ਨਰਾਜ਼ਗੀ ਬਰਕਰਾਰ ਹੈ। ਸਰਕਾਰ ਬਦਲਣ ਨਾਲ ਜਨਤਾ ਦੇ ਮੂਡ ਵਿੱਚ ਕੋਈ ਬਦਲਾਅ ਨਹੀਂ ਹੈ।

ਸੰਭਵ ਹੈ ਕਿ ਰਾਜ ਵਿੱਚ ਨਰਿੰਦਰ ਮੋਦੀ ਦੇ ਅਕਸ ਦਾ ਪੱਤਾ ਖੇਡਿਆ ਜਾਏ।

ਪਰ ਭਾਜਪਾ ਲੋਕ ਸਭਾ ਚੋਣਾਂ ’ਚ ਤਾਂ ਮੋਦੀ ਪੱਤੇ ਨਾਲ ਵੋਟਾਂ ਪ੍ਰਾਪਤ ਕਰਨ ’ਚ ਕਾਮਯਾਬ ਰਹਿੰਦੀ ਹੈ, ਪਰ ਵਿਧਾਨ ਸਭਾਵਾਂ ’ਚ ਇਹ ਮੋਦੀ ਪੱਤਾ ਕਾਰਗਰ ਨਹੀਂ ਰਹਿੰਦਾ। ਉਂਞ ਵੀ 2019 ਦੇ ਮੋਦੀ ਦੇ ਅਕਸ ਦੇ ਮੁਕਾਬਲਾ 2024 ’ਚ ਵਿਰੋਧੀ ਆਗੂ ਰਾਹੁਲ ਗਾਂਧੀ ਦੀ ਲੋਕ ਪ੍ਰਿਯਤਾ ਵਧੀ ਹੈ। ਲੋਕ ਸਭਾ ਚੋਣਾਂ ’ਚ ਰਾਹੁਲ ਗਾਂਧੀ ਨੂੰ ਹਰਿਆਣਾ ’ਚ 30 ਫ਼ੀਸਦੀ ਲੋਕ ਪ੍ਰਧਾਨ ਮੰਤਰੀ ਵਜੋਂ ਵੇਖਣਾ ਚਾਹੁੰਦੇ ਸਨ, ਜਦਕਿ 2019 ’ਚ ਇਹ ਫ਼ੀਸਦੀ 15 ਫ਼ੀਸਦੀ ਸੀ ਤੇ ਮੋਦੀ ਦੀ ਲੋਕ ਪ੍ਰਿਯਤਾ 32 ਫ਼ੀਸਦੀ ਸੀ। ਜਿਥੇ ਜੰਮੂ ਕਸ਼ਮੀਰ ਵਿੱਚ ਭਾਜਪਾ ਦੇ ਜਿੱਤਣ ਦੀਆਂ ਸੰਭਾਵਨਾਵਾ ਕਾਫੀ ਘੱਟਦੀਆਂ ਜਾ ਰਹੀਆਂ ਹਨ, ਉਥੇ ਹਰਿਆਣਾ ਵਿੱਚ ਵੀ ਭਾਜਪਾ ਦੇ ਜਿੱਤਣ ਦੀ ਆਸ ਮੱਧਮ ਹੈ। ਸ਼ਾਇਦ ਇਹ ਗੱਲ ਹਰਿਆਣਾ ਭਾਜਪਾ ਨੇ ਭਾਂਪ ਲਈ ਹੈ। ਹਰਿਆਣਾ ਭਾਜਪਾ ਵਲੋਂ ਹਰਿਆਣਾ ਵਿਧਾਨ ਸਭਾ ਚੋਣਾਂ ਮੁਲਤਵੀ ਕਰਨ ਦੀ ਮੰਗ ਸਰਕਾਰੀ ਛੁੱਟੀਆਂ ਦਾ ਹਵਾਲਾ ਦੇਕੇ ਚੋਣ ਅਧਿਕਾਰੀ ਨੂੰ ਲਿਖੇ ਇੱਕ ਪੱਤਰ ਵਿੱਚ ਕੀਤੀ ਗਈ ਹੈ। ਜਦਕਿ ਕਾਂਗਰਸ ਨੇ ਕਿਹਾ ਹੈ ਕਿ ਹਾਰ ਦੇ ਡਰੋਂ ਛੁੱਟੀਆਂ ਦਾ ਬਹਾਨਾ ਬਣਾਕੇ ਭਾਜਪਾ ਚੋਣਾਂ ਮੁਲਤਵੀ ਕਰਵਾਉਣਾ ਚਾਹੁੰਦੀ ਹੈ। ਜੰਮੂ ਕਸ਼ਮੀਰ ਨੈਸ਼ਨਲ ਕਾਨਫਰੰਸ, ਇੰਡੀਅਨ ਨੈਸ਼ਨਲ ਕਾਂਗਰਸ, ਭਾਜਪਾ, ਕਮਿਊਨਿਸਟ ਪਾਰਟੀ (ਮਾਰਕਸੀ) ਪੀਡੀਪੀ (ਮੁਫਤੀ ਮਹਿਬੂਬਾ) ਵਰਗੀਆਂ ਪਾਰਟੀਆਂ ਚੋਣ ਮੈਦਾਨ ਵਿੱਚ ਹਨ। ਹਰਿਆਣਾ ਵਿੱਚ ਭਾਵੇਂ ਮੁੱਖ ਮੁਕਾਬਲਾ ਭਾਜਪਾ ਅਤ ਕਾਂਗਰਸ ਦਰਮਿਆਨ ਹੈ ਪਰ ਭਾਜਪਾ ਦੀ ਭਾਈਵਾਲ ਜੇ.ਜੇ.ਪੀ. ਜੋ ਕੁਝ ਸਮਾਂ ਪਹਿਲਾਂ ਗੱਠਜੋੜ ਤੋਂ ਵੱਖ ਹੋ ਗਈ, ਕਮਿਊਨਿਸਟ ਪਾਰਟੀ, ਆਈ.ਐਸ. ਐਲ.ਡੀ., ਬੀ.ਐਸ.ਪੀ. ਵੀ ਚੋਣਾਂ ’ਚ ਭਾਗ ਲੈਣਗੀਆਂ ਪਰ ਕਿਉਂਕਿ ਕਿਸਾਨਾਂ ਦਾ ਵੀ ਇਥੇ ਜ਼ੋਰ ਹੈ, ਇਸ ਲਈ ਚਰਚਾ ਹੈ ਕਿ ਗੁਰਨਾਮ ਸਿੰਘ ਚੜੂਨੀ ਪ੍ਰਧਾਨ ਬੀ.ਕੇ.ਯੂ. ਹਰਿਆਣਾ ਦੀ ਅਗਵਾਈ ’ਚ ਕਿਸਾਨ ਵੀ ਚੋਣ ਲੜ ਸਕਦੇ ਹਨ। ਇਹਨਾਂ ਦਿਨਾਂ ’ਚ ਬਹੁਤ ਹੀ ਹਰਮਨ ਪਿਆਰੀ ਹੋਈ ਪਹਿਲਵਾਨ ਵਿਨੇਸ਼ ਫੋਗਾਟ ਨੂੰ ਜਿਸ ਢੰਗ ਨਾਲ ਪ੍ਰਦੇਸ਼ ਕਾਂਗਰਸ ਹਰਿਆਣਾ ਵਲੋਂ ਜੀ ਆਇਆਂ ਆਖਿਆ ਗਿਆ, ਉਸ ਤੋਂ ਵੀ ਜਾਪਦਾ ਹੈ ਕਿ ਹਰਿਆਣਾ ਦੇ ਖਿਡਾਰੀ ਵੀ ਭਾਜਪਾ ਦੇ ਉੱਲਟ ਪਰ ਕਾਂਗਰਸ ਦੇ ਹੱਕ ’ਚ ਭੁਗਤਣਗੇ।

ਇਸ ਵੇਲੇ ਹਾਲਾਤ ਇਹ ਵੀ ਹੈ ਕਿ ਕਾਂਗਰਸ ਵਿੱਚ ਦੋ ਧੜਿਆਂ ’ਚ ਆਪਸੀ ਫੁੱਟ ਹੈ ਅਤੇ ਇਸਦਾ ਨੁਕਸਾਨ ਚੋਣ ਵੇਲੇ ਕਾਂਗਰਸ ਨੂੰ ਹੋ ਸਕਦਾ ਹੈ। ਪਰ ਇਥੇ ਵੇਖਣ ਵਾਲੀ ਗੱਲ ਇਹ ਹੋਏਗੀ ਕਿ ਹਰਿਆਣਾ ਦੇ ਕਿਸਾਨ ਕਿਸ ਧਿਰ ਨਾਲ ਖੜਨਗੇ। ਭਾਵੇਂ ਕਿ ਲੋਕ ਸਭਾ ’ਚ ਬਹੁ ਗਿਣਤੀ ਖਾਪ ਪੰਚਾਇਤਾਂ ਕਾਂਗਰਸ ਲਈ ਖੜੀਆਂ। ਇਥੋਂ ਦੇ ਹੀ ਨਹੀਂ, ਸਗੋਂ ਦੇਸ਼ ਭਰ ਦੇ ਕਿਸਾਨ ਆਗੂ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੂੰ ਮਿਲੇ ਸਨ ਅਤੇ ਆਪਣੀਆਂ ਮੰਗਾਂ ਦੇ ਹੱਕ ’ਚ ਸਮਰਥਣ ਮੰਗਿਆ ਸੀ। ਰਾਹੁਲ ਗਾਂਧੀ ਵਲੋਂ ਕਿਸਾਨਾਂ ਦੇ ਹੱਕ ’ਚ ਪੂਰੀ ਤਰ੍ਹਾਂ ਖੜਿਆ ਜਾ ਰਿਹਾ ਹੈ ਅਤੇ ਫ਼ਸਲਾਂ ਦੇ ਸਮਰਥਨ ਮੁੱਲ ਵਾਲੀ ਮੰਗ ਤੇ ਹੋਰ ਮੰਗਾਂ ਦਾ ਪੂਰੇ ਜ਼ੋਰ ਨਾਲ ਸਮਰਥਣ ਹੋ ਰਿਹਾ ਹੈ।

ਆਰ.ਐੱਸ.ਐੱਸ ਭਾਜਪਾ ਅਤੇ ਦੇਸ਼ ਦੀ ਹਾਕਮ ਧਿਰ ਇਹਨਾਂ ਦੋਨਾਂ ਰਾਜਾਂ ਵਿੱਚ ਜਿੱਤ ਦੀ ਪ੍ਰਾਪਤੀ ਲਈ ਹਰ ਹੀਲਾ ਵਰਤੇਗੀ। ਖ਼ਾਸ ਕਰਕੇ ਨਰਿੰਦਰ ਮੋਦੀ, ਜਿਹੜੇ ਲੋਕ ਸਭਾ ਚੋਣਾਂ ’ਚ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੇ ਅਤੇ ਜਿਹਨਾਂ ਦੀ ਸਿਆਸੀ ਅਤੇ ਸਖ਼ਸ਼ੀ ਤਾਕਤ ਨੂੰ ਵੱਡਾ ਖੋਰਾ ਲੱਗਾ ਹੈ, ਉਹ ਆਪਣਾ ਅਕਸ ਸੁਧਾਰਨ ਲਈ ਚੋਣਾ ਜਿੱਤਣ ਲਈ ਹਰ ਹੀਲਾ ਵਰਤਣਗੇ । ਦੂਜੇ ਪਾਸੇ ਇੰਡੀਆ ਗੱਠਜੋੜ,(ਵਿਰੋਧੀ ਧਿਰ) ਵੀ ਇਹਨਾਂ ਮਹੱਤਵਪੂਰਨ ਸੂਬਿਆਂ ’ਚ ਆਪਣੀ ਤਾਕਤ ਵਧਾਉਣ ਲਈ ਯਤਨਸ਼ੀਲ ਰਹੇਗਾ।

ਵਿਰੋਧੀ ਧਿਰ ਵੱਲੋਂ ਮੌਜੂਦਾ ਸਰਕਾਰ ਦੇ ਪੁੱਟੇ ਗਲਤ ਕਦਮਾਂ, ਜਿਹਨਾਂ ਵਿੱਚ ਰਿਜ਼ਰਵੇਸ਼ਨ, ਲੈਟਰਲ ਇੰਟਰੀ ਨਾਲ ਵੱਡੇ ਅਫ਼ਸਰਾਂ ਦੀ ਭਰਤੀ, ਬੇਰੁਜ਼ਗਾਰੀ, ਵਧਦੀ ਭੁੱਖਮਰੀ, ਜਿਹੇ ਮੁੱਦਿਆਂ ਨੂੰ ਗੰਭੀਰਤਾ ਨਾਲ ਚੁੱਕਿਆ ਜਾ ਰਿਹਾ ਹੈ, ਉਸ ਨਾਲ ਲੋਕਾਂ ਵਿੱਚ ਸਰਕਾਰ ਦੀਆਂ ਨੀਤੀਆਂ ਦੀ ਅਸਲੀਅਤ ਉੱਘੜ ਰਹੀ ਹੈ ਅਤੇ ਲੋਕਾਂ ’ਚ ਰੋਸ ਅਤੇ ਨਰਾਜ਼ਗੀ ਵਧ ਰਹੀ ਹੈ।

ਬਿਨ੍ਹਾਂ ਸ਼ੱਕ ਵਿਧਾਨ ਸਭਾ ਚੋਣਾਂ ’ਚ ਸਥਾਨਿਕ ਮੁੱਦੇ ਵੀ ਚਰਚਾ ’ਚ ਆਉਂਦੇ ਹਨ, ਪਰ ਦੇਸ਼ ’ਚ ਵਾਪਰ ਰਹੀਆਂ ਘਟਨਾਵਾਂ, ਕੇਂਦਰੀ ਸਰਕਾਰ ਦੀ ਕਾਰਗੁਜ਼ਾਰੀ ਅਤੇ ਗੁਆਂਢੀ ਦੇਸ਼ਾਂ ਨਾਲ ਸੰਬੰਧ ਆਦਿ ਵੀ ਇਹਨਾ ਚੋਣਾਂ ’ਚ ਵੋਟਰਾਂ ’ਤੇ ਪ੍ਰਭਾਵ ਪਾਏਗੀ।

ਉਂਞ ਹਰਿਆਣਾ ਅਤੇ ਜੰਮੂ ਕਸ਼ਮੀਰ ਵਿੱਚ ਚੋਣਾਂ ਨੂੰ ਦੋ ਸੂਬਿਆਂ ਦੀਆਂ ਚੋਣਾਂ ਵਜੋਂ ਹੀ ਨਹੀਂ ਵੇਖਣਾ ਚਾਹੀਦਾ । ਉਸ ਦੇ ਨਤੀਜਿਆਂ ਦਾ ਅਸਰ ਦੇਸ਼ ਦੀ ਰਾਜਨੀਤੀ ਉੱਤੇ ਵੱਡਾ ਪਏਗਾ। ਇਹ ਭਾਜਪਾ ਦੀ ਇਨ੍ਹਾਂ ਸੂਬਿਆਂ ’ਚ ਤਾਕਤ ਦੀ ਇਮਤਿਹਾਨੀ ਘੜੀ ਹੈ । ਇਸਦਾ ਅਸਰ ਮਹਾਂਰਾਸ਼ਟਰ ਦੀਆਂ ਚੋਣਾਂ ਉੱਤੇ ਵੀ ਪਵੇਗਾ। ਜਿਥੇ ਆਉਣ ਵਾਲੇ ਮਹੀਨਿਆਂ ’ਚ ਚੋਣਾਂ ਹੋਣੀਆਂ ਹਨ। ਅਸਲ ’ਚ ਮਹਾਂਰਾਸ਼ਟਰ ਦੀਆਂ ਚੋਣਾਂ ’ਚ ਵੋਟਰਾਂ ਦਾ ਸਿਆਸੀ ਮੂਡ ਇਹਨਾਂ ਸੂਬਿਆਂ ਦੇ ਚੋਣ ਨਤੀਜਿਆਂ ਉੱਤੇ ਵੀ ਨਿਰਭਰ ਕਰੇਗਾ।

# ਕਦੋਂ ਬਣੇਗੀ ਪੁਲਿਸ ਲੋਕਪੱਖੀ?



ਦਰਬਾਰਾ ਸਿੰਘ ਕਾਹਲੋਂ

ਭਾਰਤੀ ਉਪ ਮਹਾਦੀਪ 14-15 ਅਗਸਤ, 1947 ਨੂੰ ਬਸਤੀਵਾਦੀ ਸਾਮਰਾਜ ਬ੍ਰਿਟੇਨ ਤੋਂ ਅਜ਼ਾਦ ਹੋ ਗਿਆ ਸੀ। ਇਸ ਖਿੱਤੇ ਦੀ ਫਿਰਕੂ ਵੰਡ ਕਰਕੇ ਭਾਰਤ ਅਤੇ ਪਾਕਿਸਤਾਨ ਦੋ ਦੇਸ਼ ਹੋਂਦ ਵਿੱਚ ਆਏ। ਸੰਨ 1971 ਵਿੱਚ ਪਾਕਿਸਤਾਨੀ ਬਸਤੀਵਾਦੀ ਸ਼ਾਸਨ ਤੋਂ ਅਜ਼ਾਦੀ ਪ੍ਰਾਪਤ ਕਰਕੇ ਤੀਸਰਾ ਬੰਗਲਾਦੇਸ਼ ਹੋਂਦ ਵਿੱਚ ਆਇਆ। ਆਪੋ ਆਪਣੇ ਸੰਵਿਧਾਨਾਂ ਅਨੁਸਾਰ ਭਾਵੇਂ ਇਨ੍ਹਾਂ ਦੇਸ਼ਾਂ ਨੇ ਲੋਕਤੰਤਰ ਪ੍ਰਣਾਲੀ ਨੂੰ ਅਪਣਾਇਆ ਲੇਕਿਨ ਇਨ੍ਹਾਂ ਦੇਸ਼ਾਂ ਦਾ ਲਗਾਤਾਰ ਜੀਵਤ ਦੁਖਾਂਤ ਇਹ ਹੈ ਇੱਥੋਂ ਦੀ ਜਨਤਾ ਅਤੇ ਅਮਨ ਕਾਨੂੰਨ ਕਾਇਮ ਰੱਖਣ ਵਾਲਾ ਪੁਲਿਸ ਤੰਤਰ ਅੱਜ ਤਕ ਬਸਤੀਵਾਦੀ ਸਾਮਰਾਜ ਬ੍ਰਿਟੇਨ ਵੱਲੋਂ ਆਪਣੇ ਬਸਤੀਵਾਦੀ ਹਿਤਾਂ ਲਈ ਸਥਾਪਿਤ ਪੁਲਿਸ ਕਾਨੂੰਨ 1861 ਦੇ ਅਸਤਿਤਵ ਤੋਂ ਅਜ਼ਾਦ ਨਹੀਂ ਹੋ ਸਕਿਆ। ਇਸਦੀ ਜ਼ਾਲਮਾਨਾ, ਅਣਮਨੁੱਖੀ ਅਤੇ ਗੈਰ ਲੋਕਤੰਤਰੀ ਮਾਰ ਦਾ ਸ਼ਿਕਾਰ ਦੋਵੇਂ, ਲੋਕ ਅਤੇ ਪੁਲਿਸ ਪ੍ਰਸ਼ਾਸਨ ਬਣੇ ਪਏ ਹਨ।

ਭਾਰਤੀ ਨਿਆਂਪਾਲਕਾ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਨੇ ਇੱਕ 10 ਸਾਲ ਲਟਕੀ ਰਹੀ ਜਨਹਿਤ ਪਟੀਸ਼ਨ ਤੇ 22 ਸਤੰਬਰ, 2006 ਨੂੰ ਦਿੱਤੇ ਇਤਿਹਾਸਕ ਫੈਸਲੇ ਅਨੁਸਾਰ ਭਾਰਤੀ ਪੁਲਿਸ ਦੇ ਗਲੋਂ ਬਸਤੀਵਾਦੀ ਸਾਮਰਾਜ ਦੇ 1861 ਦਾ ਜੂਲਾ ਲਾਹੁਣ ਦਾ ਯਤਨ ਕੀਤਾ। ਇਸਦੀ ਨਜ਼ਰਸਾਨੀ ਲਈ ਸੰਨ 2008 ਵਿੱਚ ਜਸਟਿਸ ਥਾਮਸ ਦੀ ਅਗਵਾਈ ਵਿੱਚ ਇੱਕ ਕਮੇਟੀ ਦਾ ਗਠਨ ਵੀ ਕੀਤਾ। ਲੇਕਿਨ ਸਭ ਨਿਸਫਲ ਸਾਬਤ ਹੋਇਆ। ਭਾਰਤੀ ਪੁਲਿਸ ਹੀ ਨਹੀਂ, ਇਸ ਉਪ ਮਹਾਦੀਪ ਦੇ ਦੇਸ਼ਾਂ ਪਾਕਿਸਤਾਨ ਅਤੇ ਬੰਗਲਾ ਦੇਸ਼ ਦੀ ਪੁਲਿਸ ਹੀ ਨਹੀਂ, ਬਲਕਿ ਪੂਰੇ ਵਿਸ਼ਵ ਦੀ ਪੁਲਿਸ ਅੱਜ ਵੀ ਸ਼ਾਸਕ ਦੀ ਪੁਲਿਸ ਹੈ, ਕਿਧਰੇ ਵੀ ਜਨਤਾ ਦੀ ਨਹੀਂ। ਦੁਨੀਆਂ ਦੇ ਕਿਸੇ ਵੀ ਦੇਸ਼ ਅੰਦਰ ਪੂਰੀ ਮਾਨਵਤਾ ਦੇ ਇਤਿਹਾਸ ਵਿੱਚ ਕਦੇ ਵੀ ਪੁਲਿਸ ਨੂੰ ਰਾਜਨੀਤਕ ਕੰਟਰੋਲ ਤੋਂ ਪੂਰਨ ਮੁਕਤੀ ਹਾਸਿਲ ਨਹੀਂ ਹੋ ਸਕੀ ਭਾਵੇਂ ਪੱਛਮੀ ਦੇਸ਼ਾਂ ਨੇ ਇਸ ਸੰਬੰਧੀ ਕਈ ਵੱਡੇ ਦਲੇਰਾਨਾ ਫੈਸਲੇ ਲਏ, ਕਾਨੂੰਨ ਘੜੇ।

ਦਰਅਸਲ ਪੁਲਿਸ ਕਾਰਜ ਕਾਨੂੰਨ, ਅਮਲ ਅਤੇ ਵਾਧੂ ਗੈਰ ਸੰਵਿਧਾਨਿਕ ਪੱਖੋਂ ਇੰਨਾ ਪੇਚੀਦਾ ਬਣਿਆ ਪਿਆ ਹੈ, ਜੋ ਇੱਕ ਪੁਲਿਸਮੈਨ ਲਈ ਮਾਨਸਿਕ, ਸਰੀਰਕ ਅਤੇ ਆਰਥਿਕ ਪੱਖੋਂ ਅਤਿ ਕਸ਼ਟਦਾਇਕ ਅਤੇ ਵਿੰਗਾ ਟੇਢਾ ਸਾਬਤ ਹੁੰਦਾ ਹੈ। ਇਹ ਵਿਵਸਥਾ ਉਸ ਨੂੰ ਆਪਣੇ ਹੀ ਲੋਕਾਂ ਅੰਦਰ ਕਸਾਈ ਅਤੇ ਦੁਸ਼ਮਣ ਬਣਾ ਦਿੰਦੀ ਹੈ। ਸਮਾਜ ਉਸ ਨੂੰ ਤ੍ਰਿਸਕਾਰ ਭਰੀਆਂ ਨਜ਼ਰਾਂ ਨਾਲ ਤੱਕਦਾ



ਹੈ। ਆਧੁਨਿਕ ਵਿਗਿਆਨਿਕ ਯੁਗ ਵਿੱਚ ਰਾਜਨੀਤਕ ਆਗੂਆਂ ਅਤੇ ਸਰਕਾਰਾਂ ਨੇ ਉਸ ਨੂੰ ਆਪਣੇ ਸੌੜੇ ਸਿਆਸੀ ਸਵਾਰਥਾਂ ਲਈ ਵਿਰੋਧੀਆਂ ਨੂੰ ਦਬਾਉਣ, ਭ੍ਰਿਸ਼ਟਾਚਾਰ ਅਤੇ ਧੋਖਾਧੜੀ ਰਾਹੀਂ ਧਨ ਦੇ ਅੰਬਾਰ ਇਕੱਤਰ ਕਰਨ ਦਾ ਸੰਦ ਬਣਾ ਰੱਖਿਆ ਹੈ। ਜਨਤਾ ਦੀਆਂ ਨਜ਼ਰਾਂ ਵਿੱਚ ਆਪਣੀਆਂ ਬਰਬਰਤਾ ਭਰਪੂਰ ਕਾਰਵਾਈਆਂ ਕਰਕੇ ਇਹ ਇੱਕ ਮਨਹੂਸ ਕਿਸਮ ਦੀ ਸੰਸਥਾ ਬਣ ਚੁੱਕੀ ਹੈ।

ਕਾਰਨ: ਪੁਲਿਸਮੈਨ ਨੂੰ ਟ੍ਰੇਨਿੰਗ ਅਤੇ ਸਿੱਖਿਆ ਦਿੱਤੀ ਜਾਂਦੀ ਹੈ ਕਿ ਉਹ ਅਮਨ-ਕਾਨੂੰਨ ਕਾਇਮ ਕਰਨ ਲਈ ਕਾਨੂੰਨ ਅਨੁਸਾਰ ਅਮਲ ਕਰੇ। ਕਾਨੂੰਨ ਅਨੁਸਾਰ ਸਮਾਜ ਨੂੰ ਅਪਰਾਧ ਮੁਕਤ ਕਰੇ। ਪਰ ਜਦੋਂ ਪੁਲਿਸ ਨੂੰ ਸ਼ਾਸਕ, ਲੋਕਾਂ ਅਤੇ ਸਮਾਜ ਦੀ ਰਾਖੀ ਦੀ ਥਾਂ ਆਪਣੇ ਨਿੱਜੀ, ਪਰਿਵਾਰਕ, ਆਰਥਿਕ ਹਿਤਾਂ ਦੀ ਰਾਖੀ ਲਈ ਅੰਗ ਰੱਖਿਅਕ ਦਲ ਅਤੇ ਸੰਦ ਵਾਂਗ ਵਰਤਣਾ ਸ਼ੁਰੂ ਕਰ ਦਿੰਦੇ ਹਨ ਤਾਂ ਇਸਦਾ ਮੂਲ ਚਰਿੱਤਰ ਅਤੇ ਵਕਾਰ ਢਹਿ ਢੇਰੀ ਹੋ ਜਾਂਦੇ ਹਨ।

**ਟਕਰਾਅ:** ਬ੍ਰਿਟਿਸ਼ ਬਸਤੀਵਾਦੀ ਸਾਮਰਾਜ ਭਾਰਤੀ ਉਪ ਮਹਾਦੀਪ ਨੂੰ ਆਪਣੀ ਬਸਤੀ ਅਤੇ ਲੋਕਾਂ ਨੂੰ ਆਪਣੇ ਗੁਲਾਮ ਸਮਝਦਾ ਸੀ। ਸੋ ਇਸ ਖਿੱਤੇ ਨੂੰ ਇੱਕ ਬਸਤੀ ਅਤੇ ਲੋਕਾਂ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜੀ ਰੱਖਣ ਦੇ ਮੰਤਵ ਨਾਲ ਅਨੁਸ਼ਾਸਿਤ ਹਥਿਆਰਬੰਦ ਪੁਲਿਸ ਸੰਸਥਾ ਕਾਇਮ ਕੀਤੀ। ਇਸ ਵਿੱਚ ਪੁਲਿਸਮੈਨ ਦਾ ਕਾਰਜ ਗੁਲਾਮੀ ਭਰੀ 24 ਘੰਟੇ ਡਿਊਟੀ ਵਾਲਾ ਰੱਖਿਆ। ਪੁਲਿਸ ਐਕਟ 1861 ਇਸ ਬਸਤੀ ਅਤੇ ਗੁਲਾਮ ਜਨਤਾ ਨੂੰ ਕੰਟਰੋਲ ਵਿੱਚ ਰੱਖਣ ਲਈ ਘੜੇ ਕਾਨੂੰਨਾਂ ਦਾ ਗੈਰ ਮਾਨਵਵਾਦੀ ਬਲੈਕ ਸੰਦੂਕ ਹੈ। ਆਈ. ਪੀ. ਐੱਸ. ਸੇਵਾਵਾਂ ਇਸ ਅਨੁਸਾਰ ਸਿੱਖਿਅਤ, ਵਿਧੀ, ਵਿਧਾਨ ਵਾਲਾ ਸੰਦ ਹਨ। ਦੇਸ਼ ਦੀ ਆਜ਼ਾਦੀ ਬਾਅਦ ਸੰਵਿਧਾਨ ਅਨੁਸਾਰ ਲੋਕਸ਼ਾਹੀ ਤਾਂ ਕਾਇਮ ਕਰਨੀ ਸ਼ੁਰੂ ਕਰ ਦਿੱਤੀ ਪਰ ਬਸਤੀਵਾਦੀ ਸਾਮਰਾਜ ਦੀ ਕਾਇਮੀ ਦਾ ਤਾਕਤਵਰ ਸੰਦ ਪੁਲਿਸ ਨਵੇਂ ਲੋਕਤੰਤਰ ਸਮਾਜ ਦੀਆਂ ਲੋੜਾਂ ਅਨੁਸਾਰ ਨਵੇਂ ਐਕਟ, ਨਵੀਂ ਸੋਚ, ਨਵੀਂ ਟ੍ਰੇਨਿੰਗ, ਨਵੇਂ ਵਰਤਾਰੇ ਅਧੀਨ ਜਨਵਾਦੀ ਪੁਲਿਸ ਦੀ ਸਿਰਜਣਾ ਨਾ ਕੀਤੀ। ਬੱਸ ਟਕਰਾਅ ਸ਼ੁਰੂ। ਇਹ ਟਕਰਾਅ ਪੁਲਿਸ ਅਤੇ ਰਾਜ, ਰਾਜਾਂ ਅਤੇ ਕੇਂਦਰ, ਲੋਕਾਂ ਅਤੇ ਪੁਲਿਸ, ਨਿਆਂਪਾਲਕਾ ਅਤੇ ਪੁਲਿਸ ਦਰਮਿਆਨ ਨਿਰੰਤਰ ਜਾਰੀ ਹੈ। ਨਵੇਂ ਸ਼ਾਸਕ ਅਤੇ ਉਨ੍ਹਾਂ ਦੇ ਕਰੋਨੀ ਕਾਰਪੋਰੇਟ ਘਰਾਣੇ ਬਸਤੀਵਾਦੀ ਸਮਾਰਾਜ ਵੱਲੋਂ ਆਪਣੇ ਹਿਤਾਂ ਲਈ ਸਥਾਪਿਤ ਪੁਲਿਸ ਨੂੰ ਹੁਣ ਆਪਣੇ ਹਿਤਾਂ ਦੀ ਰਾਖੀ ਲਈ ਵਰਤਣ ਖਾਤਰ ਇਸ ਵਿੱਚ ਜਨਵਾਦੀ ਸੁਧਾਰਾਂ ਨੂੰ ਅਮਲ ਵਿੱਚ ਨਹੀਂ ਲਿਆਉਣਾ ਚਾਹੁੰਦੇ ਹਨ। ਪ੍ਰਕਾਸ਼ ਸਿੰਘ ਬਨਾਮ ਰਾਜ ਦੇ ਕੇਸ ਵਿੱਚ ਸੁਪਰੀਮ ਕੋਰਟ ਵੱਲੋਂ ਸੁਝਾਏ ਸੁਧਾਰ ਲਗਾਤਾਰ ਛਿੱਕੇ 'ਤੇ ਟੰਗੇ ਜਾ ਰਹੇ ਹਨ। ਰਾਜ ਸੁਰੱਖਿਆ ਕਮਿਸ਼ਨ, ਪੁਲਿਸ ਸਥਾਪਤੀ ਬੋਰਡ, ਪੁਲਿਸ ਸ਼ਿਕਾਇਤ ਅਥਾਰਟੀ, ਰਾਸ਼ਟਰੀ ਸੁਰੱਖਿਆ ਕਮਿਸ਼ਨ, ਰਾਜਾਂ ਵਿੱਚ ਡੀਜੀਪੀ, ਆਈਜੀ ਅਤੇ ਹੋਰ ਅਧਿਕਾਰੀਆਂ ਦਾ ਦੋ ਸਾਲਾਂ ਦਾ ਨਿਸ਼ਚਿਤ ਕਾਲ, ਜਾਂਚ ਕਰਨ ਅਤੇ ਅਮਨ ਕਾਨੂੰਨ ਕਾਇਮ ਰੱਖਣ ਵਾਲੇ ਪੁਲਿਸ ਅਮਲੇ ਨੂੰ ਵੱਖ-ਵੱਖ ਰੱਖਣਾ ਆਦਿ 'ਤੇ ਕੋਈ ਅਮਲ ਨਹੀਂ ਕਰ ਰਿਹਾ। ਲੋਕ ਸਮਝਦੇ ਸਨ ਕਿ ਕੇਂਦਰ ਅੰਦਰ ਕਾਂਗਰਸ ਜਾਂ ਕਾਂਗਰਸ ਦੀ ਅਗਵਾਈ ਵਾਲੇ ਸ਼ਾਸਨ ਦੇ ਖਾਤਮੇ ਬਾਅਦ ਪੁਲਿਸ ਪ੍ਰਸ਼ਾਸਨ ਅਤੇ ਸੁਧਾਰਾਂ ਨੂੰ ਲੈ ਕੇ ਸਥਿਤੀਆਂ ਬਦਲਣਗੀਆਂ। ਲੇਕਿਨ ਭਾਜਪਾ ਦੀਆਂ ਹਿੰਦੂ ਰਾਸ਼ਟਰਵਾਦੀ ਨੀਤੀਆਂ ਅਤੇ ਇਸਦੇ ਕਰੋਨੀ ਕਾਰਪੋਰੇਟਰਾਂ ਦੇ ਵਧਦੇ ਸਾਮਰਾਜ ਦੀ ਰਾਖੀ ਲਈ ਪੁਲਿਸ, ਸੁਰੱਖਿਆ ਕਾਨੂੰਨਾਂ ਨੂੰ ਹੋਰ ਨਿਰਕੁੰਸ਼ਵਾਦੀ, ਵਿਰੋਧੀਆਂ ਦੀ ਸੰਘੀ ਨੱਪਣ, ਪ੍ਰੈੱਸ ਦੀ ਅਜ਼ਾਦੀ ਦਾ ਮੂੰਹ ਬੰਦ ਕਰਨ ਲਈ ਵਰਤਣਾ ਸ਼ੁਰੂ ਹੋ ਗਿਆ।

**(ਬਾਕੀ ਸਫ਼ਾ 31 'ਤੇ)**

# ਆਰ. ਐਸ. ਐਸ. ਦੀਆਂ ਸਰਗਰਮੀਆਂ ਵਿੱਚ ਸਰਕਾਰੀ ਕਰਮਚਾਰੀਆਂ ਦੀ ਸ਼ਮੂਲੀਅਤ ਕਿਉਂ ?

ਡਾ. ਅਜੀਤਪਾਲ ਸਿੰਘ ਐੱਮ ਡੀ

ਹਾਲ ਹੀ ਵਿੱਚ ਕੇਂਦਰ ਸਰਕਾਰ ਨੇ ਆਰ.ਐੱਸ.ਐੱਸ. ਦੀਆਂ ਸਰਗਰਮੀਆਂ ਵਿੱਚ ਸਰਕਾਰੀ ਕਰਮਚਾਰੀਆਂ ਦੇ ਭਾਗ ਲੈਣ 'ਤੇ ਲੱਗੀ 58 ਸਾਲ ਪੁਰਾਣੀ ਬੰਦਸ਼ ਨੂੰ ਕਮਰਿਕ ਤੇ ਸਿਖਲਾਈ ਵਿਭਾਗ ਨੇ ਇੱਕ ਆਦੇਸ਼ ਦੀ ਮਾਰਫਤ ਹਟਾ ਦਿੱਤਾ ਹੈ। ਆਦੇਸ਼ ਆਉਣ 'ਤੇ ਕਈ ਦਹਾਕਿਆਂ ਬਾਅਦ ਇਹ ਜਨਤਕ ਵਿਚਾਰ ਵਟਾਂਦਰੇ ਦਾ ਮੁੱਦਾ ਬਣ ਗਿਆ ਹੈ ਤਾਂ ਅੱਡ-ਅੱਡ ਦਲੀਲਾਂ ਸਾਹਮਣੇ ਆ ਰਹੀਆਂ ਹਨ। ਇਹਨਾਂ ਸਾਰਿਆਂ ਵਿੱਚ ਫੈਸਲੇ ਦਾ ਫੌਰੀ ਪ੍ਰਸੰਗ ਸੰਘ ਤੇ ਭਾਰਤੀ ਜਨਤਾ ਪਾਰਟੀ ਦੇ ਵਿੱਚ ਉਪਜੇ ਤਾਜ਼ਾ ਤਣਾਵਾਂ ਅਤੇ ਬਿਆਨਬਾਜ਼ੀਆਂ ਨੂੰ ਦਿੱਤਾ ਜਾ ਰਿਹਾ ਹੈ। ਇੱਥੇ ਜ਼ਿਕਰ ਕਰਨ ਯੋਗ ਹੈ ਕਿ ਫੈਸਲੇ ਦੀ ਪਿੱਠਭੂਮੀ ਮੱਧ ਪ੍ਰਦੇਸ਼ ਹਾਈਕੋਰਟ ਦੇ ਇੱਕ ਸੇਵਾ ਮੁਕਤ ਸਰਕਾਰੀ ਕਰਮਚਾਰੀ ਦੀ ਪਟੀਸ਼ਨ ਹੈ, ਜਿਸ ਵਿੱਚ ਪਾਬੰਦੀ ਹਟਾਉਣ ਦੀ ਮੰਗ ਕੀਤੀ ਗਈ ਸੀ। ਪਿਛਲੀ ਸੁਣਵਾਈ ਪਿਛਲੇ ਸਾਲ ਸਤੰਬਰ ਵਿੱਚ ਹੋਈ ਸੀ। ਛੇ ਸੁਣਵਾਈਆਂ ਪਿੱਛੋਂ 10 ਜੁਲਾਈ ਨੂੰ ਕੇਂਦਰ ਸਰਕਾਰ ਨੇ ਇੱਕ ਹਲਫਨਾਮਾ ਦਾਇਰ ਕਰਕੇ ਅਦਾਲਤ ਨੂੰ ਦੱਸਿਆ ਸੀ ਕਿ ਉਸ ਨੇ ਪਾਬੰਦੀਸ਼ੁਦਾ ਸੰਗਠਨਾਂ ਵਿੱਚੋਂ ਸੰਘ ਦਾ ਨਾਮ ਹਟਾਉਣ ਦਾ ਫੈਸਲਾ ਲੈ ਲਿਆ ਹੈ। 6 ਦਹਾਕੇ ਪੁਰਾਣੀ ਇਸ ਪਾਬੰਦੀ ਨੂੰ ਲੈ ਕੇ ਕਿੰਨੀ ਗਫਲਤ ਸੀ, ਇਸਦਾ ਪਤਾ ਉਸ ਸਮੇਂ ਲੱਗਾ ਜਦੋਂ ਕੋਰਟ ਦੇ ਬਾਰ-ਬਾਰ ਆਦੇਸ਼ ਦੇ ਬਾਵਜੂਦ ਕੇਂਦਰ ਸਰਕਾਰ ਨੇ ਕੋਈ ਜਵਾਬ ਦਾਖਲ ਨਹੀਂ ਕੀਤਾ। ਘੱਟੋ ਘੱਟ ਪੰਜ ਤਰੀਕਾਂ ਇਹੋ ਜਿਹੀਆਂ ਹਨ, ਜਦੋਂ ਅਦਾਲਤ ਨੇ ਕੇਂਦਰ ਸਰਕਾਰ ਦੇ ਕਰਮਚਾਰੀਆਂ ਦੇ ਆਰ.ਐੱਸ.ਐੱਸ. ਨਾਲ ਜੁੜਨ 'ਤੇ ਲੱਗੀ ਪਾਬੰਦੀ ਨਾਲ ਸੰਬੰਧਿਤ ਸਰਕੂਲਰ ਦਾ ਆਧਾਰ ਜਾਣਨ ਦੀ ਕੋਸ਼ਿਸ਼ ਕੀਤੀ ਪਰ ਸਰਕਾਰ ਨੇ ਜਵਾਬ ਨਹੀਂ ਦਿੱਤਾ। ਤਦ ਅਦਾਲਤ ਨੇ ਉੱਚ ਅਧਿਕਾਰੀਆਂ ਨੂੰ ਤਲਬ ਕੀਤਾ। ਜਦੋਂ ਪਹਿਲੀ ਵਾਰ ਸੰਘ ਪ੍ਰਚਾਰਕ ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਬਣੇ, ਉਦੋਂ ਵੀ ਇਹ ਪਾਬੰਦੀ ਜਾਰੀ ਰਹੀ। ਫਿਰ ਦੂਸਰੇ ਪ੍ਰਚਾਰਕ ਨਰਿੰਦਰ ਮੋਦੀ ਦੇ ਤੀਸਰੀ ਵਾਰੀ ਪ੍ਰਧਾਨ ਮੰਤਰੀ ਬਣਨ ਤਕ ਇਸ ਸਥਿਤੀ ਬਣੀ ਰਹੀ ਹੈ ਤੇ ਜਨਤਕ ਦਾਇਰੇ ਵਿੱਚ ਇਸ 'ਤੇ ਕੋਈ ਵੱਡੀ ਚਰਚਾ ਨਹੀਂ ਹੋਈ। ਇਸਦੇ ਬਾਵਜੂਦ ਕਥਿਤ ਤੌਰ 'ਤੇ 2023 ਦੇ ਅੰਤ ਤਕ ਸੰਘ ਦੀਆਂ ਕਰੀਬ ਇੱਕ ਲੱਖ ਸ਼ਾਖਾਵਾਂ ਦੇਸ਼ ਭਰ ਵਿੱਚ ਚਲਦੀਆਂ ਰਹੀਆਂ ਅਤੇ ਸਰਕਾਰੀ ਕਰਮਚਾਰੀ ਉਹਨਾਂ ਵਿੱਚ ਜਾਂਦੇ ਰਹੇ। ਇੰਨਾ ਹੀ ਨਹੀਂ, ਮੰਤਰਾਲਿਆ ਤੋਂ ਲੈ ਕੇ ਵਿਭਾਗਾਂ ਅਤੇ ਉੱਚ ਸਿੱਖਿਆ ਸੰਸਥਾਵਾਂ ਵਿੱਚ ਨਿਯੁਕਤੀਆਂ ਦੇ ਪਿੱਛੇ ਸੰਘ ਦੀ ਭੂਮਿਕਾ ਦੀ ਚਰਚਾ ਹੁੰਦੀ ਰਹੀ। ਦਿਲਚਸਪ ਗੱਲ ਇਹ ਵੀ ਹੈ ਕਿ ਜਿਸ ਮੱਧ ਪ੍ਰਦੇਸ਼ ਤੋਂ ਇਸ ਪਾਬੰਦੀ ਨੂੰ ਚੁਨੌਤੀ ਦਿੱਤੀ ਗਈ, ਉੱਥੇ ਭਾਜਪਾ ਸਰਕਾਰ ਆਉਣ 'ਤੇ 2003 ਵਿੱਚ ਪਾਬੰਦੀ ਹਟਾ ਲਈ ਗਈ ਸੀ। ਅਜਿਹਾ ਕਰਨ ਵਾਲਾ ਇਹ ਇਕਲੌਤਾ ਰਾਜ ਸੀ। ਇਸ ਪ੍ਰਸੰਗ ਵਿੱਚ ਰਾਜ ਸਰਕਾਰ ਦੇ ਕਰਮਚਾਰੀਆਂ ਲਈ ਦੋ ਸਰਕੂਲਰ 2006 ਵਿੱਚ ਜਾਰੀ ਕੀਤੇ ਗਏ ਸਨ। ਇੱਕ ਵਿੱਚ ਕਰਮਚਾਰੀਆਂ ਨੂੰ ਕਿਸੇ ਵੀ ਰਾਜਨੀਤਿਕ ਸੰਗਠਨ ਜਾਂ ਉਸ ਦੀਆਂ ਸਰਗਰਮੀਆਂ ਤੋਂ ਅਲੱਗ ਰਹਿਣ ਨੂੰ ਕਿਹਾ ਗਿਆ ਸੀ, ਦੂਜੇ ਵਿੱਚ ਰਾਜਸੀ ਸੰਗਠਨਾਂ ਦੀ ਸੂਚੀ ਵਿੱਚੋਂ ਆਰ.ਐੱਸ.ਐੱਸ. ਨੂੰ ਅਲੱਗ ਕਰਨ ਦੀ ਗੱਲ ਕਹੀ ਗਈ ਸੀ। ਹਾਲਾਂਕਿ ਕੇਂਦਰੀ ਲੋਕ ਸੇਵਾ ਆਚਾਰ ਨਿਗਮ 1964 ਦੀ ਧਾਰਾ (ਪੰਜ) ਸਾਫ ਕਹਿੰਦੀ ਹੈ ਕਿ ਕੋਈ ਵੀ ਸਰਕਾਰੀ





ਕਰਮਚਾਰੀ ਕਿਸੇ ਵੀ ਰਾਜਨੀਤਿਕ ਸੰਗਠਨ ਦਾ ਮੈਂਬਰ ਨਹੀਂ ਹੋ ਸਕਦਾ ਜਾਂ ਉਸ ਨਾਲ ਸੰਬੰਧਿਤ ਨਹੀਂ ਹੋ ਸਕਦਾ, ਜੋ ਰਾਜਨੀਤੀ ਵਿੱਚ ਹਿੱਸਾ ਲੈਂਦਾ ਹੋਵੇ। ਅਤੇ ਨਾ ਹੀ ਉਹ ਕਿਸੇ ਵੀ ਰਾਜਸੀ ਅੰਦੋਲਨ ਜਾਂ ਸਰਗਰਮੀ ਵਿੱਚ ਭਾਗ ਲਏਗਾ, ਉਸ ਦੀ ਮਦਦ ਕਰੇਗਾ ਜਾਂ ਕਿਸੇ ਵੀ ਰੂਪ ਵਿੱਚ ਉਸ ਨਾਲ ਸੰਬੰਧ ਰੱਖੇਗਾ। ਜ਼ਾਹਿਰ ਹੈ ਕਿ ਸੰਘ ਨੂੰ ਰਾਜਸੀ ਸੰਗਠਨਾਂ ਦੀ ਸ਼੍ਰੇਣੀ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਹੈ ਅਤੇ ਉਸ ਉੱਤੇ 1996 ਵਿੱਚ ਲਾਈ ਪਾਬੰਦੀ ਨੂੰ ਹੁਣ ਹਟਾ ਲਿਆ ਗਿਆ ਹੈ। ਸੰਘ ਆਪ ਕਹਿੰਦਾ ਹੈ ਕਿ ਉਹ ਰਾਜਸੀ ਨਹੀਂ, ਸੱਭਿਆਚਾਰਕ ਸੰਗਠਨ ਹੈ। ਜਦੋਂ ਸਰਕਾਰ ਨੇ ਮੱਧ ਪ੍ਰਦੇਸ਼ ਹਾਈਕੋਰਟ ਦੇ ਪੰਜ ਨੋਟਿਸਾਂ ਦਾ ਕੋਈ ਜਵਾਬ ਨਹੀਂ ਦਿੱਤਾ ਤਾਂ ਅਦਾਲਤ ਨੇ 10 ਜੁਲਾਈ ਨੂੰ ਮਤਲਬ ਇਹ ਕੱਢ ਲਿਆ ਕਿ ਸੰਘ ਦੇ ਫਿਰਕੂ ਜਾਂ ਧਰਮ ਨਿਰਪੱਖਤਾ ਵਿਰੋਧੀ ਹੋਣ ਦੇ ਨਾਮ 'ਤੇ ਸਰਕਾਰੀ ਕਰਮਚਾਰੀਆਂ ਦੇ ਉਸ ਵਿੱਚ ਜਾਣ 'ਤੇ ਲਾਈ ਗਈ ਪਾਬੰਦੀ ਦਾ ਕੋਈ ਆਧਾਰ ਨਹੀਂ ਸੀ। ਇਸ ਦੇ ਸਹਾਰੇ ਕੋਰਟ ਨੇ ਫੈਸਲਾ ਦੇ ਦਿੱਤਾ ਕਿ ਸੰਘ ਰਾਜਨੀਤਿਕ ਸੰਗਠਨ ਨਹੀਂ ਹੈ। ਸੰਗ ਰਾਜਨੀਤਿਕ ਸੰਗਠਨ ਹੈ ਜਾਂ ਸੱਭਿਆਚਾਰਕ, ਇਸ 'ਤੇ ਬਹਿਸ ਕਰਨ ਦੇ ਕਈ ਸੰਦਰਭ ਹੋ ਸਕਦੇ ਹਨ। ਪਰ 1966 ਵਿੱਚ ਸਰਕਾਰੀ ਕਰਮਚਾਰੀਆਂ ਦੇ ਇਸ ਵਿੱਚ ਜਾਣ 'ਤੇ ਲਾਈ ਗਈ ਪਾਬੰਦੀ ਦੇ ਪਿੱਛੋਕੜ ਵਜੋਂ ਸਰਦਾਰ ਵੱਲਵਭਾਈ ਪਟੇਲ ਦੀ ਇੱਕ ਚਿੱਠੀ ਨੂੰ ਪੜ੍ਹਿਆ ਜਾਣਾ ਚਾਹੀਦਾ ਹੈ, ਜੋ ਉਹਨਾਂ ਨੇ ਸੰਘ ਦੇ ਗੁਰੂ ਗੋਵਾਲਕਰ ਨੂੰ ਲਿਖੀ ਸੀ। ਉਸ ਪੱਤਰ ਉਹਨਾਂ ਨੇ ਮਹਾਤਮਾ ਗਾਂਧੀ ਦੀ ਹੱਤਿਆ ਤੋਂ ਬਾਅਦ ਸੰਘ 'ਤੇ ਲੱਗੀ ਪਾਬੰਦੀ ਨੂੰ ਜਾਇਜ਼ ਠਹਿਰਾਉਂਦਿਆਂ ਸੰਘ ਮੁਖੀ ਨੂੰ 1948 ਵਿੱਚ ਲਿਖੀ ਸੀ। ਪਟੇਲ ਲਿਖਦੇ ਹਨ, ਉਹਨਾਂ ਦੇ ਸਾਰੇ ਭਾਸ਼ਨ ਫਿਰਕੂ ਜ਼ਹਿਰ ਨਾਲ ਭਰੇ ਹੋਏ ਸਨ। ਇਸਦਾ ਅੰਤਿਮ ਸਿੱਟਾ ਇਹ ਸੀ ਕਿ ਦੇਸ਼ ਨੂੰ ਗਾਂਧੀ ਜੀ ਦੇ ਅਨਮੋਲ ਜੀਵਨ ਦਾ ਬਲੀਦਾਨ ਦੇਣਾ ਪਿਆ। ਇਸ ਲਈ ਨਾ ਤਾਂ ਲੋਕਾਂ ਦੀ ਤੇ ਨਾ ਹੀ ਸਰਕਾਰ ਦੀ ਲੋਕ ਵਿਖਾਵੇ ਵਜੋਂ ਹਮਦਰਦੀ ਸੰਘ ਦੇ ਲਈ ਰਹਿ ਗਈ ਹੈ। ਅਸਲ ਵਿੱਚ ਵਿਰੋਧ ਵੀ ਤੇਜ਼ ਹੋਇਆ। ਇਹ ਵਿਰੋਧ ਇੰਨਾ ਜ਼ਿਆਦਾ ਤੇਜ਼ ਹੋਇਆ ਜਦੋਂ ਸੰਘ ਦੇ ਲੋਕਾਂ ਨੇ ਗਾਂਧੀ ਜੀ ਦੇ ਦਿਹਾਂਤ ਪਿੱਛੋਂ ਜਸ਼ਨ ਮਨਾਇਆ ਤੇ ਮਿਠਾਈਆਂ ਵੰਡੀਆਂ, ਇਹਨਾਂ ਹਾਲਾਤ ਵਿੱਚ ਸਰਕਾਰ ਦੇ ਲਈ ਇਹ ਲਾਜ਼ਮੀ ਹੋ ਗਿਆ ਕਿ ਅਸੀਂ ਸਾਰੇ ਇਸ ਖਿਲਾਫ ਕਾਰਵਾਈ ਕਰੀਏ।

ਇਸ ਬਾਰੇ ਉੱਤਰ ਪ੍ਰਦੇਸ਼ ਦੇ ਨੇਤਾ ਸ਼ਹਿਨਵਾਜ ਆਲਮ ਯਾਦ ਦਿਵਾਉਂਦੇ ਹਨ, ਨਿਆਪਾਲਿਕਾ ਨੂੰ ਗਾਂਧੀ ਜੀ ਦੀ ਹੱਤਿਆ ਦੀ ਜਾਂਚ ਦੇ ਲਈ ਇੰਦਰਾ ਗਾਂਧੀ ਸਰਕਾਰ ਦੁਆਰਾ ਗਠਿਤ ਜੇ ਐੱਲ ਕਪੂਰ ਕਮਿਸ਼ਨ ਦੀ ਰਿਪੋਰਟ ਪੜ੍ਹਨੀ ਚਾਹੀਦੀ ਹੈ, ਜਿਸ ਵਿੱਚ ਸਮਾਜਵਾਦੀ ਨੇਤਾ ਜੈ ਪ੍ਰਕਾਸ਼ ਨਰਾਇਣ, ਰਾਮ ਮਨੋਹਰ ਲੋਹੀਆ ਤੇ ਕਮਲਾ ਦੇਵੀ ਚਟੋਪਧਾਏ ਦੀ ਪ੍ਰੈੱਸ ਕਾਨਫਰੰਸ ਵਿੱਚ ਦਿੱਤੇ ਗਏ ਉਸ ਬਿਆਨ ਦਾ ਜ਼ਿਕਰ ਹੈ, ਜਿਸ ਵਿੱਚ ਉਹਨਾਂ ਨੇ ਕਿਹਾ ਸੀ ਕਿ ਗਾਂਧੀ ਜੀ ਦੀ ਹੱਤਿਆ ਲਈ ਕੋਈ ਇੱਕ ਵਿਅਕਤੀ ਜ਼ਿੰਮੇਵਾਰ ਨਹੀਂ ਹੈ, ਬਲਕਿ ਇਸਦੇ ਪਿੱਛੇ ਇੱਕ ਵੱਡੀ ਸਾਜ਼ਿਸ਼ ਅਤੇ ਸੰਗਠਨ ਹੈ। ਇਸ ਸੰਗਠਨ ਵਿੱਚ ਉਹਨਾਂ ਨੇ ਆਰਐੱਸਐੱਸ ਤੇ ਹਿੰਦੂ ਮਹਾਂ ਸਭਾ ਦਾ ਨਾਂ ਲਿਆ ਸੀ। ਅਜੇ ਤਕ ਤਾਂ ਭਾਜਪਾ ਵੱਲੋਂ 1966 ਦੀ ਪਾਬੰਦੀ ਨੂੰ ਅਸੰਵਿਧਾਨਕ ਦੱਸਿਆ ਜਾ ਰਿਹਾ ਹੈ। ਸੰਘ ਨਾਲ ਜੁੜੇ ਰਕੇਸ਼ ਸਿਨਹਾ ਇੱਕ ਅੰਗਰੇਜ਼ੀ ਦੈਨਿਕ ਵਿੱਚ ਲਿਖੇ ਲੇਖ ਵਿੱਚ ਕਹਿੰਦੇ ਹਨ, ਸੰਸਕ੍ਰਿਤਕ ਕੀ ਹੁੰਦਾ ਹੈ ਇਸਦੇ ਲਈ ਉਹਨਾਂ ਨੇ 1968 ਵਿੱਚ ਰਾਜ ਵਿੱਚ ਕੱਛ ਅਵਾਰਡ 'ਤੇ ਹੋਈ ਬਹਿਸ ਦੇ ਪ੍ਰਸੰਗ ਵਿੱਚ ਸੰਘ ਦੇ ਸੰਕਲਪ ਦਾ ਹਵਾਲਾ ਦਿੱਤਾ ਹੈ ਅਤੇ ਸੰਘ ਦੇ ਨੇਤਾ ਦੱਤੋਪੰਤ ਠੇਗੜੀ ਨੂੰ ਉਦਤ ਕੀਤਾ ਹੈ। ਠੇਗੜੀ ਦੇ ਕਥਨ ਦੇ ਅਧਾਰ 'ਤੇ ਉਹ ਕਹਿੰਦੇ ਹਨ ਕਿ 'ਰਾਸ਼ਟਰੀ ਸੁਰੱਖਿਆ ਤੇ ਅਖੰਡਤਾ' ਦੇ ਸਵਾਲ ਰਾਜਨੀਤਿਕ ਨਹੀਂ, ਸੰਸਕ੍ਰਿਤਕ ਵੀ ਹਨ। ਜੇ ਸੰਘ ਦਖਲਅੰਦਾਜ਼ੀ ਕਰਦਾ ਹੈ ਤਾਂ ਸਿਰਫ ਇਸ ਲਈ ਇਹ ਰਾਜਨੀਤਕ ਸੰਗਠਨ ਨਹੀਂ ਹੋ ਸਕਦਾ। ਸਿਨਹਾ ਤਤਕਾਲੀਨ ਗ੍ਰਹਿ ਮੰਤਰੀ ਵਾਈ ਬੀ ਚਵਾਨ ਦਾ ਬਿਆਨ ਵੀ ਉਦਤ ਕਰਦੇ ਹਨ ਕਿ ਇਹ ਇੱਕ ਦਰਸ਼ਨਿਕ ਸਵਾਲ ਹੈ ਆਪਣੇ ਆਪਣੇ ਰਾਗ ਅਲਾਪੇ ਜਾ ਰਹੇ ਹਨ। ਤਾਜ਼ਾ ਫੈਸਲੇ ਦਾ ਫੌਰੀ ਕਾਰਣ ਸ਼ੁੱਧ ਵਿਹਾਰਕ ਦੱਸਿਆ ਜਾ ਰਿਹਾ ਹੈ। ਆਮ ਚੋਣਾਂ ਤੋਂ ਪਹਿਲਾਂ ਸੰਘ ਸੰਚਾਲਕ ਦਾ ਬਿਆਨ ਕਿ ਸੰਘ ਆਪਣਾ ਸ਼ਤਾਬਦੀ ਸਾਲ ਜਨਤਕ ਧੂਮਧਾਮ ਨਾਲ ਨਹੀਂ ਮਨਾਏਗਾ। ਉਸ ਪਿੱਛੋਂ ਭਾਜਪਾ ਮੁਖੀ ਜੇਪੀ ਨੱਢਾ ਦਾ ਬਿਆਨ ਆਇਆ ਕਿ ਭਾਜਪਾ ਨੂੰ ਹੁਣ ਸੰਘ ਦੀ ਜ਼ਰੂਰਤ ਨਹੀਂ ਰਹਿ ਗਈ। ਚੋਣਾਂ ਦੇ ਨਤੀਜੇ ਤੋਂ ਪਿੱਛੋਂ ਫਿਰ ਭਾਗਵਤ ਦਾ ਸੁਪਰਮੈਨ ਵਾਲਾ ਬਿਆਨ ਅਤੇ ਇੰਦਰੇਸ਼ ਕੁਮਾਰ ਦਾ ਸਿੱਧਾ ਬਿਆਨ ਇਹ ਸਭ ਮਿਲ ਕੇ ਭਾਜਪਾ ਅਤੇ ਸੰਘ ਦੇ ਵਿੱਚ ਵਧਦੇ ਤਣਾਅ ਨੂੰ ਦਰਸਾਉਂਦੇ ਰਹੇ ਹਨ। ਚੋਣਾਂ ਤੋਂ ਪਿੱਛੋਂ ਫਿਰ ਭਗਵਤ ਦਾ ਦੋ ਵਾਰ ਗੋਰਖਪੁਰ ਜਾਣਾ ਅਤੇ ਉਸ ਵਿੱਚੋਂ ਯੋਗੀ ਅਦਿੱਤਾਨੰਦ ਦੇ ਖ਼ਿਲਾਫ਼ ਕੇਸ਼ਵ ਮੋਰੀਆ ਦੇ ਸਹਾਰੇ ਕੇਂਦਰ ਦੀ ਲਾਮਬੰਦੀ ਦੀ ਖਬਰ ਹੁਣ ਸਾਹਮਣੇ ਹੈ। ਇਸੇ ਰੋਸ਼ਨੀ ਵਿੱਚ ਸਰਕਾਰ ਦੇ ਤਾਜ਼ਾ ਫੈਸਲੇ ਨੂੰ ਦੇਖ ਰਹੇ ਹਨ।

ਇਸ ਦੌਰਾਨ ਯੂਪੀ ਕਾਂਗਰਸ ਦੇ ਘੱਟ ਗਿਣਤੀ ਸੈੱਲ ਦੇ ਪ੍ਰੈੱਸ ਨੋਟ ਨੇ ਇਸ ਫੈਸਲੇ ਨੂੰ ਸੰਵਿਧਾਨਿਕ ਅਧਿਕਾਰਾਂ 'ਤੇ ਹਮਲਾ ਦੱਸਿਆ 'ਤੇ ਕਿਹਾ ਹੈ ਕਿ ਸਰਕਾਰੀ ਕਰਮਚਾਰੀਆਂ ਨੂੰ ਸੰਘ ਵਿੱਚ ਜਾਣ ਲਈ ਛੋਟ ਦੇ ਕੇ ਸਰਕਾਰ ਦਲਿਤਾਂ, ਘੱਟ ਗਿਣਤੀਆਂ, ਆਦਿਵਾਸੀਆਂ, ਪਛੜੀਆਂ ਸ਼੍ਰੇਣੀਆਂ ਅਤੇ ਔਰਤਾਂ ਦੇ ਖ਼ਿਲਾਫ਼ ਭੇਦਭਾਵ ਨੂੰ ਸੰਸਥਾਗਤ ਰੂਪ ਦੇਣਾ ਚਾਹੁੰਦੀ ਹੈ।

ਹੁਣ ਦੇਖੀਏ ਅਤੀਤ ਦੀ ਸਚਾਈ ਕੀ ਹੈ? ਸਰਕਾਰੀ ਕਰਮਚਾਰੀਆਂ ਲਈ ਪਾਬੰਦੀਸ਼ੁਦਾ ਸੰਗਠਨਾਂ ਦੀ ਸੂਚੀ ਵਿੱਚੋਂ ਸੰਘ ਨੂੰ ਬਾਹਰ ਕੱਢਣ ਦਾ ਅਤੇ ਉਸ ਵਿੱਚ ਜਮਾਤ-ਏ-ਇਸਲਾਮੀ ਨੂੰ ਬਣਾਈ ਰੱਖਣ ਦਾ ਇੱਕ ਹੋਰ ਅਸਰ ਹੈ। ਪਿਛਲੇ ਦਿਨੀਂ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ ਦੇ ਘੋਸ਼ਣਾ ਪੱਤਰ 'ਤੇ ਮੁਸਲਿਮ ਦੀ ਛਾਪ ਵਾਲਾ ਬਿਆਨ ਦਿੱਤਾ ਸੀ, ਤਦ ਹਿੰਦੂ ਮਹਾਸਭਾ, ਮੁਸਲਿਮ ਲੀਗ ਅਤੇ ਦੇਸ਼ ਦੀ ਵੰਡ ਦੇ ਰਿਸ਼ਤੇ ਦੀ ਯਾਦ ਕਾਂਗਰਸ ਪ੍ਰਧਾਨ ਮਲੂਕਾਰੰਜਨ ਖੜਗੇ ਨੇ ਦਿਵਾਈ ਸੀ।

**(ਬਾਕੀ ਸਫ਼ਾ 31 'ਤੇ)**

# ਪੰਜਾਬ ਡੁੱਬ ਰਿਹਾ ਹੈ, ਵਾਹਿਗੁਰੂ ਭਲੀ ਕਰੇ



ਬਲਬੀਰ ਸਿੰਘ ਰਾਜੇਵਾਲ

ਪੰਜਾਬ ਇਸ ਵੇਲੇ ਅਤਿ ਨਾਜ਼ੁਕ ਦੌਰ 'ਚੋਂ ਲੰਘ ਰਿਹਾ ਹੈ। ਪੰਜਾਬ ਦੀ ਆਰਥਿਕ ਸਥਿਤੀ ਬੇਹੱਦ ਡਾਵਾਂਡੋਲ ਹੈ। ਸਰਕਾਰ ਹਰ ਮਹੀਨੇ 3 ਤੋਂ 4 ਕਰੋੜ ਕਰਜ਼ਾ ਲੈ ਕੇ ਦਿਨ ਟਪਾ ਰਹੀ ਹੈ। ਸਰਕਾਰ ਕੋਲ ਆਪਣੇ ਕਰਮਚਾਰੀਆਂ ਨੂੰ ਤਨਖਾਹਾਂ ਦੇਣ ਲਈ ਪੈਸੇ ਨਹੀਂ। ਜਿਸ ਹਿਸਾਬ ਨਾਲ ਪੰਜਾਬ ਸਿਰ ਕਰਜ਼ਾ ਵਧ ਰਿਹਾ ਹੈ, 2027 ਵਿੱਚ ਨਵੀਂ ਚੁਣੀ ਜਾਣ ਵਾਲੀ ਸਰਕਾਰ ਲਈ ਸਰਕਾਰ ਚਲਾਉਣਾ ਬਹੁਤ ਵੱਡੀ ਚੁਣੌਤੀ ਹੋਵੇਗੀ। ਉਸ ਵੇਲੇ ਸਰਕਾਰ ਪੰਜਾਬ ਸਿਰ ਚੜ੍ਹੇ ਕਰਜ਼ੇ ਦਾ ਵਿਆਜ ਵੀ ਬਹੁਤ ਔਖੀ ਹੋ ਕੇ ਮੋੜਿਆ ਕਰੇਗੀ। ਵਿਕਾਸ ਗ਼ਾਇਬ ਹੋ ਜਾਵੇਗਾ।

ਪੰਜਾਬ ਦਾ ਸਮਾਜਿਕ ਤਾਣਾ-ਬਾਣਾ ਹੀ ਡਾਵਾਂਡੋਲ ਹੈ। ਸਾਡੀ ਆਪਸੀ ਸਾਂਝ ਟੁੱਟ ਰਹੀ ਹੈ। ਰਿਸ਼ਤੇ ਡਾਵਾਂਡੋਲ ਹਨ। ਨਵੀਂ ਪੀੜ੍ਹੀ ਨੂੰ ਪੰਜਾਬ 'ਚ ਆਪਣਾ ਭਵਿੱਖ ਸੁਰੱਖਿਅਤ ਨਜ਼ਰ ਨਹੀਂ ਆ ਰਿਹਾ। ਸਾਰੇ ਵਿਦੇਸ਼ਾਂ ਨੂੰ ਉਡਾਰੀਆਂ ਮਾਰ ਰਹੇ ਹਨ। ਜਵਾਨੀ ਦੀਆਂ ਇਨ੍ਹਾਂ ਉਡਾਰੀਆਂ ਕਾਰਨ ਪਿੰਡ ਖਾਲੀ ਹੋ ਰਹੇ ਹਨ। ਪਿੱਛੇ ਬੁੱਢੇ ਰਹਿ ਗਏ ਹਨ। ਭਵਿੱਖ ਵਿੱਚ ਬੁੱਢਿਆਂ ਦੀ ਦੇਖਭਾਲ ਦਾ ਮਸਲਾ ਵੀ ਖੜ੍ਹਾ ਹੋ ਜਾਵੇਗਾ। ਪੰਜਾਬੀਆਂ ਲਈ ਰਾਜਸਥਾਨ, ਜੰਮੂ-ਕਸ਼ਮੀਰ ਅਤੇ ਹਿਮਾਚਲ ਵਰਗੇ ਸੂਬਿਆਂ ਵਿੱਚ ਘਰ ਜਾਂ ਹੋਰ ਕੋਈ ਵੀ ਜਾਇਦਾਦ ਖਰੀਦਣ ਦੀ ਮਨਾਹੀ ਹੈ। ਪੰਜਾਬੋਂ ਬਾਹਰਲੇ ਕੋਈ ਵੀ ਲੋਕ ਪੰਜਾਬ ਆ ਕੇ ਘਰ ਅਤੇ ਜਾਇਦਾਦ ਖਰੀਦ ਸਕਦੇ ਹਨ। ਵੱਡੀ ਗਿਣਤੀ 'ਚ ਪ੍ਰਵਾਸੀ ਆ ਕੇ ਪੰਜਾਬ 'ਚ ਵੱਸ ਰਹੇ ਹਨ। ਮੂਲ ਪੰਜਾਬ ਵਾਸੀਆਂ ਦੀ ਗਿਣਤੀ ਘਟਦੀ ਜਾ ਰਹੀ ਹੈ। ਬੜੀ ਤੇਜ਼ੀ ਨਾਲ ਪੰਜਾਬ ਦਾ ਸਵਰੂਪ ਅਤੇ ਸਮਾਜਿਕ ਤਾਣਾ-ਬਾਣਾ ਬਦਲ ਰਿਹਾ ਹੈ। ਇਹੋ ਹਾਲ ਰਿਹਾ ਤਾਂ ਵੱਧ ਤੋਂ ਵੱਧ 10 ਸਾਲ ਬਾਅਦ ਪੰਜਾਬ ਅਤੇ ਅਸਲੀ ਪੰਜਾਬੀਅਤ ਅਲੋਪ ਹੋਈ ਦਿਸੇਗੀ।

ਕਿਸੇ ਵੇਲੇ ਭਾਰਤ ਦੇ ਹਰ ਰਾਜ ਵਿੱਚ ਵੱਡੀਆਂ ਸਰਕਾਰੀ ਸੇਵਾਵਾਂ 'ਚ ਪੰਜਾਬੀਆਂ ਦਾ ਵੱਡਾ ਹਿੱਸਾ ਹੁੰਦਾ ਸੀ। ਅੱਜ ਪੰਜਾਬ ਦੀ ਅੱਧੋਗਤੀ ਇਹ ਹੈ ਕਿ ਪੰਜਾਬ 'ਚ ਹੀ ਅੱਧੋਂ ਵੱਧ ਵੱਡੀਆਂ ਸੇਵਾਵਾਂ ਉੱਤੇ ਪੰਜਾਬੋਂ ਬਾਹਰਲੇ ਅਧਿਕਾਰੀ ਤਾਇਨਾਤ ਹਨ। ਇਸ ਦਾ ਇਹ ਅਰਥ ਨਹੀਂ ਕਿ ਪੰਜਾਬੀ ਬੌਧਿਕ ਪੱਖੋਂ ਕਿਸੇ ਤੋਂ ਘੱਟ ਹਨ। ਅਸਲ ਵਿੱਚ ਅਜਿਹੀ ਹਵਾ ਵਗੀ ਹੈ ਕਿ ਨਵੀਂ ਪੀੜ੍ਹੀ ਹੀ ਨਹੀਂ, ਮਾਪਿਆਂ ਨੂੰ ਵੀ ਆਪਣੇ ਹੋਣਹਾਰ ਬੱਚਿਆਂ ਦਾ ਭਵਿੱਖ ਪੰਜਾਬ 'ਚ ਸੁਰੱਖਿਅਤ ਨਜ਼ਰ ਨਹੀਂ ਆ ਰਿਹਾ। ਮਾਪੇ ਖ਼ੁਦ ਆਪਣੇ ਬੱਚਿਆਂ ਨੂੰ ਵਿਦੇਸ਼ੀਂ ਭੇਜ ਕੇ ਖੁਸ਼ ਅਤੇ ਸੰਤੁਸ਼ਟ ਦਿਖਾਈ ਦਿੰਦੇ ਹਨ। ਇੰਝ ਜਾਪਦਾ ਹੈ ਕਿ ਜਿਵੇਂ ਪੰਜਾਬੀਆਂ ਦਾ ਸਾਡੇ ਸਿਸਟਮ ਤੋਂ ਹੀ ਵਿਸ਼ਵਾਸ਼ ਉਠ ਗਿਆ ਹੋਵੇ। ਪੰਜਾਬੀਆਂ ਨੇ ਸਾਰੀ ਦੁਨੀਆ ਵਿੱਚ ਮੱਲਾਂ ਮਾਰੀਆਂ ਹਨ। ਵਿਦੇਸ਼ਾਂ 'ਚ ਆਪਣੀ ਵੱਖਰੀ ਥਾਂ ਅਤੇ ਪੈਂਠ ਬਣਾਈ ਹੈ। ਪੰਜਾਬੀ ਜਿੱਥੇ ਵੀ ਗਏ, ਆਪਣਾ ਵਿਰਸਾ ਨਾਲ ਲੈ ਕੇ ਗਏ। ਇਸ ਅਮੀਰ ਵਿਰਸੇ ਨਾਲ ਅੱਜ ਪੰਜਾਬੀ ਹਰ ਦੇਸ਼ 'ਚ ਚਮਕਦੇ ਸਿਤਾਰੇ ਦੇ ਵਾਂਗ ਨਜ਼ਰ ਆਉਂਦੇ ਹਨ।ਸਾਡੀ ਨਵੀਂ ਪੀੜ੍ਹੀ ਦਾ ਵੱਡਾ ਹਿੱਸਾ ਵਿਦੇਸ਼ਾਂ ਵੱਲ ਭੱਜਾ ਜਾ ਰਿਹਾ ਹੈ। ਬਾਕੀ ਰਹਿੰਦਿਆਂ 'ਚੋਂ ਕੁਝ ਜਾਂ ਤਾਂ ਨਸ਼ੇੜੀ ਹੋ ਰਹੇ ਹਨ ਜਾਂ ਇਸ ਨਿਰਾਸ਼ਤਾ ਕਾਰਨ ਲੁੱਟਾਂ-ਖੋਹਾਂ, ਚੋਰੀਆਂ-ਚਕਾਰੀਆਂ, ਡਕੈਤੀਆਂ ਵੀ ਕਰਨ ਲੱਗੇ ਹਨ। ਪਤਾ ਨਹੀਂ ਕੀ ਹਵਾ ਵਗੀ ਹੈ, ਆਪਣੇ ਪੰਜਾਬ 'ਚ ਸਾਡੇ ਨੌਜਵਾਨ ਕੱਪੜੇ ਲਿਬੇੜਨ ਵਾਲਾ ਕੋਈ ਵੀ ਕੰਮ ਕਰਨ ਲਈ ਤਿਆਰ ਨਹੀਂ। ਵਿਦੇਸ਼ਾਂ 'ਚ ਹਰ ਕੰਮ ਭੱਜ-ਭੱਜ ਕੇ ਕਰਦੇ ਹਨ। ਇਥੇ ਸਾਰੇ ਚਿੱਟ ਕੱਪੜੀਏ ਸਰਕਾਰੀ ਨੌਕਰ ਬਣਨਾ ਚਾਹੁੰਦੇ ਹਨ।

ਅਸੀਂ ਖ਼ੁਦ ਵੀ ਬੱਚਿਆਂ ਨੂੰ ਕੰਮ ਸੱਭਿਆਚਾਰ ਤੋਂ ਦੂਰ ਭੱਜਣ ਲਈ ਤਿਆਰ ਕਰਨ ਦੇ ਜ਼ਿੰਮੇਵਾਰ ਹਾਂ। ਆਮ ਦੇਖਣ 'ਚ ਮਿਲਦਾ ਹੈ ਕਿ ਜਦੋਂ ਮਾਪੇ ਬੱਚਿਆਂ ਨੂੰ ਆਖਦੇ ਹਨ, ਪੜ੍ਹ ਲੈ ਪੜ੍ਹ ਲੈ, ਕੁਝ ਬਣ ਜਾਵੇਗਾ, ਨਹੀਂ ਤਾਂ ਬਾਪੂ ਵਾਂਗ ਖੇਤੀ ਵਿੱਚ ਹੀ ਧੰਦ ਪਿੱਟਣਾ ਪਊ। ਜਿਵੇਂ ਖੇਤੀ ਬਹੁਤ ਘਟੀਆ ਕੰਮ ਹੋਵੇ। ਕੁਝ ਤਾਂ ਪਰਿਵਾਰਕ ਵੰਡੀਆਂ ਕਾਰਨ ਜ਼ਮੀਨਾਂ ਦੀ ਮਾਲਕੀ ਛੋਟੀ ਹੋ ਗਈ, ਉਤੋਂ ਅਜਿਹਾ ਖੇਤੀ ਵਿਰੋਧੀ ਪ੍ਰਚਾਰ। ਹਰ ਕੋਈ ਆਪਣੇ ਤੋਂ ਵੱਡੇ ਵੱਲ ਦੇਖਦਾ ਹੈ, ਆਪਣੇ ਤੋਂ ਛੋਟੇ ਵੱਲ ਤਾਂ ਝਾਕਦਾ ਹੀ ਨਹੀਂ। ਅੱਜ ਪੰਜਾਬ ਦੇ ਕਿਸਾਨ ਪਰਿਵਾਰਾਂ 'ਚ ਘੱਟੋ-ਘੱਟ ਅੱਧੇ ਪਰਿਵਾਰਾਂ ਦੇ ਬੱਚੇ ਖੇਤੀ ਤੋਂ ਦੂਰ ਭੱਜ ਰਹੇ ਹਨ। ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋਈ ਹੈ। ਕਾਨੂੰਨ ਵਿਵਸਥਾ ਨਾਂਅ ਦੀ ਕੋਈ ਚੀਜ਼ ਨਹੀਂ। ਹਰ ਰੋਜ਼ ਗੋਲੀਆਂ ਚੱਲਦੀਆਂ ਹਨ, ਕਤਲ ਹੁੰਦੇ ਹਨ। ਫਿਰੌਤੀਆਂ ਸ਼ਰੇਆਮ ਮੰਗੀਆਂ ਜਾ ਰਹੀਆਂ ਹਨ। ਹਰ ਰੋਜ਼ ਜਬਰ ਜਨਾਹ ਹੋ ਰਹੇ ਹਨ। ਬਹੁਤੇ ਕੇਸਾਂ ਵਿਚ ਚੁੱਪ-ਚਪੀਤੇ ਇਹ ਜ਼ਹਿਰ ਪੀ ਕੇ ਪੀੜਤ ਲੋਕ ਆਪਣੀ ਗ਼ਰੀਬੀ ਨੂੰ ਕੋਸ ਲੈਂਦੇ ਹਨ। ਚੋਣਾਂ ਤੋਂ ਬਾਅਦ ਰਾਜ ਦੀ ਸਥਿਤੀ ਨੂੰ ਸੁਧਾਰਨ ਲਈ ਕੋਈ ਕੁਝ ਨਹੀਂ ਕਰਦਾ। ਸਭ ਕੁਝ ਬਿਆਨਾਂ ਤੱਕ ਸੀਮਤ ਹੋ ਜਾਂਦਾ ਹੈ।

ਇਕ ਫੋਨ ਉੱਤੇ ਨਸ਼ਾ ਪੁੱਜ ਜਾਂਦਾ ਹੈ। ਨਸ਼ੇ ਸਰਕਾਰੀ ਸਰਪ੍ਰਸਤੀ ਤੋਂ ਬਿਨਾਂ ਨਹੀਂ ਵਿਕ ਸਕਦੇ। ਵਿਰੋਧੀ ਪਾਰਟੀਆਂ ਵੀ ਬਿਆਨਾਂ ਤੱਕ ਸੀਮਤ ਹਨ। ਹਮਾਮ ਵਿੱਚ ਸਾਰੇ ਨੰਗੇ ਹਨ।

ਲੋਕਾਂ ਦੇ ਧਾਰਮਿਕ ਵਖਰੇਵੇਂ ਵੀ ਹਨ। ਰਾਜਸੀ ਲੋਕ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾ ਕੇ ਵੀ ਆਪਣੀ ਰਾਜਨੀਤੀ ਕਰਦੇ ਹਨ। ਧਾਰਮਿਕ ਬੇਅਦਬੀਆਂ ਵੀ ਇੱਕ ਕੋਝੀ ਚਾਲ ਜਾਪਦੀਆਂ ਹਨ, ਇਸ ਕਾਰਨ ਪੰਜਾਬ ਵਿੱਚ ਅਮਨ-ਕਾਨੂੰਨ ਖ਼ਤਰੇ ਵਿੱਚ ਪੈ ਜਾਂਦਾ ਹੈ। ਸਰਕਾਰ ਭਾਵੇਂ ਕੇਂਦਰ ਦੀ ਹੋਵੇ ਜਾਂ ਪੰਜਾਬ ਦੀ, ਲੋਕਾਂ ਦੀਆਂ ਭਾਵਨਾਵਾਂ ਭੜਕਾ ਕੇ ਅਸਲੀ ਮੁੱਦਿਆਂ ਤੋਂ ਧਿਆਨ ਭਟਕਾਉਣਾ ਵੀ ਅੱਜ ਦੀ ਵਿਗੜੀ ਦਸ਼ਾ ਲਈ ਜ਼ਿੰਮੇਵਾਰ ਹੈ। ਸ੍ਰੀ ਗੁਰੂ ਸਾਹਿਬ ਨੇ ਸਾਨੂੰ ਸਿਖਾਇਆ ਸੀ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨੋ।' ਅੱਜ ਅਸੀਂ ਇਸ ਨੂੰ ਅਪਣਾ ਨਹੀਂ ਸਕੇ। ਰਾਜਸੀ ਲੋਕ ਵੋਟਾਂ ਸਮੇਂ ਧਰਮ ਅਤੇ ਜਾਤੀ ਵਖਰੇਵੇਂ ਖੜ੍ਹੇ ਕਰ ਕੇ ਲਾਹਾ ਲੈਂਦੇ ਰਹੇ ਹਨ।

ਪੰਜਾਬ 'ਚ ਸਿਹਤ ਸੇਵਾਵਾਂ ਦਾ ਵੀ ਬੁਰਾ ਹਾਲ ਹੈ। ਲੋਕਾਂ ਨੂੰ ਮੂਰਖ ਬਨਾਉਣ ਲਈ ਹਰ ਸਰਕਾਰ ਸਿਹਤ ਸੇਵਾਵਾਂ ਦਾ ਨਾਂਅ ਅਤੇ ਦਿੱਖ ਬਦਲ ਕੇ ਬੁੱਤਾ ਸਾਰਦੀ ਰਹੀ ਹੈ। ਸਰਕਾਰ ਜੋ ਮਰਜ਼ੀ ਆਖੇ, ਪਰ ਲੋਕਾਂ ਦੀਆਂ ਸਿਹਤ ਸਮੱਸਿਆਵਾਂ ਦੀ ਕਿਸੇ ਨੂੰ ਚਿੰਤਾ ਨਹੀਂ। ਮਾੜੀ-ਮੋਟੀ ਬਿਮਾਰੀ ਲਈ ਤਾਂ ਭਾਵੇਂ ਸਰਕਾਰੀ ਤੰਤਰ ਸੇਵਾਵਾਂ ਦੇਣ ਦੇ ਦਮਗਜੇ ਮਾਰੀ ਜਾਵੇ। ਕਿਸੇ ਗੰਭੀਰ ਬਿਮਾਰੀ ਦਾ ਕਿਸੇ ਵੀ ਸਰਕਾਰੀ ਤੰਤਰ ਵਿੱਚ ਇਲਾਜ ਨਹੀਂ। ਲੋਕਾਂ ਨੂੰ ਪ੍ਰਾਈਵੇਟ ਹਸਪਤਾਲਾਂ 'ਚ ਜਾਣਾ ਪੈਂਦਾ ਹੈ। ਪ੍ਰਾਈਵੇਟ ਹਸਪਤਾਲਾਂ 'ਚ ਇਲਾਜ ਕਰਵਾਉਣਾ ਹਰ ਕਿਸੇ ਦੇ ਵੱਸ ਦਾ ਰੋਗ ਨਹੀਂ। ਜੇ ਕੋਈ ਪ੍ਰਾਈਵੇਟ ਹਸਪਤਾਲਾਂ ਦੇ ਗੇੜ ਵਿੱਚ ਫਸ ਜਾਵੇ, ਬੱਸ ਫਿਰ ਰੱਬ ਹੀ ਰਾਖਾ। ਮਰੀਜ਼ ਭਾਵੇਂ ਬਚ ਜਾਵੇ, ਪਰ ਪਰਿਵਾਰ ਸਾਲਾਂ ਬੱਧੀ ਇਲਾਜ ਦੇ ਖਰਚੇ ਦਾ ਕਰਜ਼ਾ ਚੁਕਾਉਂਦਾ ਥੱਕ ਜਾਂਦਾ ਹੈ। ਕਿਸੇ ਵੇਲੇ ਲੋਕ ਡਾਕਟਰ ਨੂੰ ਰੱਬ ਦਾ ਦੂਜਾ ਰੂਪ ਕਿਹਾ ਕਰਦੇ ਸਨ। ਅੱਜ ਹਾਲਾਤ ਇਹ ਹੈ ਕਿ ਪ੍ਰਾਈਵੇਟ ਹਸਪਤਾਲਾਂ ਦੇ ਮਾਲਕ ਡਾਕਟਰਾਂ ਨੂੰ ਕਮਾਈ ਲਈ ਟੀਚਾ ਦਿੰਦੇ ਹਨ। ਮਰੀਜ਼ ਨੂੰ ਵੈਂਟੀਲੇਟਰ ਉੱਤੇ ਲਾ ਕੇ ਹੀ ਪੈਸੇ ਬਣਾਏ ਜਾਂਦੇ ਹਨ।

ਪੰਜਾਬ ਵਿਚ ਵਿੱਦਿਆ ਦਾ ਲਗਾਤਾਰ ਭੱਠਾ ਬਿਠਾਇਆ ਜਾ ਰਿਹਾ ਹੈ। ਕੋਈ ਮਿਆਰ ਹੀ ਨਹੀਂ। ਤੰਗ ਆ ਕੇ ਲੋਕੀ ਆਪਣੇ ਬੱਚੇ ਮਹਿੰਗੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਂਦੇ ਹਨ। ਪੰਜਾਬ ਵਿੱਚ ਕਿਤੇ ਅਜਿਹੀ ਮਿਸਾਲ ਨਹੀਂ ਮਿਲਦੀ, ਜਿੱਥੇ ਕੋਈ ਸਰਕਾਰੀ ਅਧਿਕਾਰੀ ਜਾਂ ਸਕੂਲ ਦਾ ਅਧਿਆਪਕ ਆਪਣੇ ਬੱਚੇ ਨੂੰ ਸਰਕਾਰੀ ਸਕੂਲ ਵਿੱਚ ਪੜ੍ਹਾਉਂਦਾ ਹੋਵੇ। ਇਕਾ-ਦੁੱਕਾ ਛੱਡ ਕੇ 99 ਪ੍ਰਤੀਸ਼ਤ ਅਧਿਕਾਰੀ ਅਤੇ ਅਧਿਆਪਕਾਂ ਦੇ ਬੱਚੇ ਪ੍ਰਾਈਵੇਟ ਸਕੂਲਾਂ 'ਚ ਪੜ੍ਹਦੇ ਹਨ। ਪੰਜਾਬ ਸਰਕਾਰ ਨੇ ਕੇਂਦਰ ਅੱਗੇ ਹਥਿਆਰ ਸੁੱਟ ਦਿੱਤੇ ਹਨ। ਸਾਡੇ ਬੱਚਿਆਂ ਦੀ ਪੜ੍ਹਾਈ 'ਚੋਂ ਮੁਗ਼ਲ ਕਾਲ ਦਾ ਇਤਿਹਾਸ ਹੀ ਗ਼ਾਇਬ ਕਰ ਦਿੱਤਾ। ਇਸੇ ਕਾਲ 'ਚ ਹੀ ਤਾਂ ਸਿੱਖਾਂ ਦਾ ਲਾਸਾਨੀ ਕੁਰਬਾਨੀਆਂ ਦਾ ਇਤਿਹਾਸ ਰਚਿਆ ਗਿਆ ਜੋ ਸਾਡੇ ਬੱਚਿਆਂ ਦੇ ਸਿਲੇਬਸ ਵਿਚੋਂ ਗ਼ਾਇਬ ਕਰਕੇ ਆਪਣੇ ਗੌਰਵਮਈ ਇਤਿਹਾਸ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ। ਕੇਂਦਰੀ ਭਾਜਪਾਈ ਹੁਕਮਰਾਨ ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਆਦਿ ਆਜ਼ਾਦੀ ਦੇ ਪਰਵਾਨਿਆਂ ਦਾ ਇਤਿਹਾਸ ਗ਼ਾਇਬ ਕਰ ਕੇ ਅੰਗਰੇਜ਼ ਤੋਂ ਮੁਆਫ਼ੀ ਮੰਗਣ ਵਾਲੇ ਸਾਵਰਕਰ ਵਰਗਿਆਂ ਨੂੰ ਹੀਰੋ ਬਣਾ ਕੇ ਪੇਸ਼ ਕਰ ਰਹੇ ਹਨ। ਪੰਜਾਬ ਵਿੱਚ ਸਰਕਾਰ ਹੀ ਸਨਅਤ ਦਾ ਭੱਠਾ ਬਿਠਾ ਰਹੀ ਹੈ। ਪੰਜਾਬ ਦੀ ਸਨਅਤ ਯੂ.ਪੀ. ਅਤੇ ਹਿਮਾਚਲ ਵੱਲ ਭੱਜ ਰਹੀ ਹੈ। ਸਾਡੇ ਮੁੱਖ ਮੰਤਰੀ ਨੇ ਕਿਤੇ ਸਰਕਾਰੀ ਜਹਾਜ਼ ਉੱਤੇ ਸੈਰ ਕਰਨ ਜਾਣਾ ਹੋਵੇ ਤਾਂ ਉਹ ਬੰਬਈ 'ਚ ਚਾਰ ਕਾਰਖ਼ਾਨੇਦਾਰਾਂ ਨਾਲ ਮੀਟਿੰਗ ਕਰਕੇ ਪੂੰਜੀ ਨਿਵੇਸ਼ ਲਿਆਉਣ ਦਾ ਡਰਾਮਾ ਕਰਦੇ ਹਨ। ਪੰਜਾਬ 'ਚ ਵਿੱਦਿਆ ਦਾ ਮਿਆਰ ਖਤਮ ਹੋ ਰਿਹਾ ਹੈ, ਆਪਣੇ ਚਹੇਤਿਆਂ ਨੂੰ ਸਿੰਗਾਪੁਰ ਦੀ ਸੈਰ ਜ਼ਰੂਰ ਕਰਵਾ ਦਿੱਤੀ ਜਾਂਦੀ ਹੈ। ਕਦੀ ਅਫ਼ਸਰਾਂ ਦੀ ਵੱਡੀ ਟੀਮ ਲੈ ਕੇ ਜਰਮਨੀ ਵਰਗੇ ਦੇਸ਼ਾਂ 'ਚ ਦੌਰਾ ਸ਼ੁਰੂ ਹੋ ਜਾਂਦਾ ਹੈ ਪਰ ਸਨਅਤ ਪੰਜਾਬ ਵੱਲ ਮੂੰਹ ਵੀ ਨਹੀਂ ਕਰਦੀ।

ਭ੍ਰਿਸ਼ਟਾਚਾਰ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਸਾਰੇ ਵਿਧਾਇਕ, ਮੰਤਰੀ-ਸੰਤਰੀ ਮਾਲ ਬਣਾਉਣ 'ਚ ਕੋਈ ਘੱਟ ਨਹੀਂ। ਲੋਕਾਂ ਦੇ ਮੁੱਦਿਆਂ ਉੱਤੇ ਕੋਈ ਪਕੜ ਨਹੀਂ। ਝੂਠ ਵੀ ਹੱਦਾਂ ਬੰਨ੍ਹੇ ਟੱਪ ਗਿਆ ਹੈ। ਲੋਕ ਬਦਲਾਅ ਅਤੇ ਇਨਕਲਾਬ ਦੇ ਨਾਅਰਿਆਂ ਤੋਂ ਤੰਗ ਆ ਗਏ ਹਨ। ਪੰਜਾਬ ਦਾ ਧਰਤੀ ਹੇਠਲਾ ਪਾਣੀ ਕੇਵਲ ਖਤਮ ਹੀ ਨਹੀਂ ਹੋ ਰਿਹਾ, ਸਗੋਂ ਪਿਛਲੇ ਇਜਲਾਸ ਦੌਰਾਨ ਪਾਰਲੀਮੈਂਟ 'ਚ ਰਾਜ ਸਭਾ ਐਮ.ਪੀ. ਸ੍ਰੀ ਸਾਰਨੀ ਦੇ ਸਵਾਲ ਦੇ ਜਵਾਬ ਵਿੱਚ ਕੇਂਦਰੀ ਮੰਤਰੀ ਨੇ ਪੰਜਾਬ ਦੀ ਜ਼ਿਲ੍ਹੇਵਾਰ ਰਿਪੋਰਟ 'ਚ ਕਿਹਾ ਕਿ ਸਾਰੇ ਪੰਜਾਬ ਦਾ ਪਾਣੀ ਕੈਂਸਰ ਅਤੇ ਕਾਲੇ ਪੀਲੀਏ ਦਾ ਮੁੱਖ ਸੋਮਾ ਹੀ ਨਹੀਂ, ਸਗੋਂ ਪੰਜਾਬ ਦੀ ਰਾਜਧਾਨੀ ਬਣ ਗਿਆ ਹੈ। ਸਾਡੇ ਕੋਲ ਨਾ ਪੀਣ ਲਈ ਸਾਫ਼ ਪਾਣੀ ਹੈ, ਨਾ ਸਾਹ ਲੈਣ ਲਈ ਸਾਫ਼ ਹਵਾ। ਸਰਕਾਰ ਅਤੇ ਨਾ ਆਮ ਆਦਮੀ ਪਾਰਟੀ ਦੇ ਇਹ ਭਿਆਨਕ ਸਥਿਤੀ ਏਜੰਡੇ 'ਤੇ ਹੈ। ਪੰਜਾਬ ਡੁੱਬ ਰਿਹਾ ਹੈ, ਵਾਹਿਗੁਰੂ ਭਲੀ ਕਰੇ।

# ਮੋਦੀ ਸਰਕਾਰ ਨੇ ਨਵੇਂ ਫ਼ੌਜਦਾਰੀ ਕਾਨੂੰਨਾਂ ਲਈ ਜਲਦਬਾਜ਼ੀ ਕਿਉਂ ਕੀਤੀ?

ਤਰਲੋਚਨ ਸਿੰਘ ਭੱਟੀ

ਭਾਰਤ ਦੇ ਸੰਵਿਧਾਨ ਦੇ ਮੁੱਖਬੰਦ ਰਾਹੀਂ ਭਾਰਤ ਦੇ ਲੋਕਾਂ ਨੇ ਭਾਰਤ ਨੂੰ ਪ੍ਰਭੂਸਤਾਧਾਰੀ, ਸਮਾਜਵਾਦੀ, ਧਰਮ ਨਿਰਪੱਖ ਲੋਕਤੰਤਰੀ ਗਣਰਾਜ ਘੋਸ਼ਿਤ ਕਰਦੇ ਹੋਏ ਭਾਰਤ ਦੇ ਸਭ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਦੇਣ ਦੇ ਨਾਲ ਨਾਲ ਵਿਚਾਰ ਪ੍ਰਗਟਾਉਣ, ਵਿਸ਼ਵਾਸ, ਧਰਮ ਅਤੇ ਪੂਜਾ ਪਾਠ ਦੀ ਆਜ਼ਾਦੀ ਦਿੰਦੇ ਹੋਏ ਸੰਵਿਧਾਨਕ ਸੰਸਥਾਵਾਂ ਦਾ ਨਿਰਮਾਣ ਕੀਤਾ ਹੈ, ਜਿਨ੍ਹਾਂ ਵਿੱਚ ਅਦਾਲਤਾਂ ਅਤੇ ਕਾਨੂੰਨ ਵਿਵਸਥਾ ਬਹਾਲ ਕਰਨ ਵਾਲੀਆਂ ਸੁਰੱਖਿਆ ਸੰਸਥਾਵਾਂ ਸ਼ਾਮਲ ਹਨ, ਜੋ ਭਾਰਤ ਦੀ ਸੰਸਦ ਅਤੇ ਰਾਜ ਸਰਕਾਰਾਂ ਦੀਆਂ ਵਿਧਾਨ ਸਭਾਵਾਂ ਵੱਲੋਂ ਪਾਸ ਕਾਨੂੰਨਾਂ ਨੂੰ ਲਾਗੂ ਕਰਦੀਆਂ ਹਨ। ਗੈਰ ਸਮਾਜੀ ਤੱਤਾਂ ਅਤੇ ਅਪਰਾਧੀਆਂ ਨਾਲ ਨਜਿੱਠਣ ਲਈ ਇੰਡੀਅਨ ਪੀਨਲ ਕੋਡ 1860, ਕਰੀਮੀਨਲ ਪ੍ਰੋਜੀਜ਼ਰ ਕੋਡ 1973 ਅਤੇ ਇੰਡੀਅਨ ਐਵੀਡੈਂਸ ਐਕਟ 1872 ਦੀਆਂ ਵੱਖ ਵੱਖ ਧਾਰਾਵਾਂ ਦੀ ਵਰਤੋਂ ਕੀਤੀ ਜਾਂਦੀ ਹੈ। ਕੇਂਦਰੀ ਸਰਕਾਰ ਅਤੇ ਹਾਕਮ ਪਾਰਟੀ ਮਹਿਸੂਸ ਕਰ ਰਹੀਆਂ ਹਨ ਕਿ ਭਾਰਤ ਵਿੱਚ ਚੱਲ ਰਹੇ ਫੌਜਦਾਰੀ ਕਾਨੂੰਨ ਇੰਡੀਅਨ ਪੀਨਲ ਕੋਡ ਕਰੀਮੀਨਲ ਪ੍ਰੋਸੀਜ਼ਰ ਕੋਡ ਅਤੇ ਇੰਡੀਅਨ ਐਵੀਡੈਂਸ ਐਕਟ ਅੰਗਰੇਜ਼ਾਂ ਦੁਆਰਾ ਬਸਤੀਵਾਦੀ ਸੋਚ ਅਧੀਨ ਬਣਾਏ ਗਏ ਕਾਨੂੰਨਾਂ ਨੂੰ ਰੱਦ ਕਰਕੇ ਨਵੇਂ ਫੌਜਦਾਰੀ ਕਾਨੂੰਨ ਬਣਾਉਣ ਦੀ ਲੋੜ ਹੈ ਤਾਂ ਕਿ ਫੌਜਦਾਰੀ ਨਿਆਂ ਪ੍ਰਣਾਲੀ ਵਿੱਚ ਸੁਧਾਰ ਲਿਆਕੇ ਲੋਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਮਿਲ ਸਕੇ।



ਕੇਂਦਰ ਵਿੱਚ ਕਾਬਜ਼ ਹਾਕਮ ਸਿਆਸੀ ਧਿਰ ਵੱਲੋਂ ਤਿੰਨ ਫੌਜਦਾਰੀ ਬਿੱਲ- ਭਾਰਤੀ ਨਿਆਂ ਸੰਹਿਤਾ, ਭਾਰਤੀਆਂ ਨਾਗਰਿਕ ਸੁਰਖਸ਼ਾ ਸੰਹਿਤਾ ਅਤੇ ਭਾਰਤੀਆਂ ਸਾਕਸ਼ੀਆ ਅਧਿਨਿਯਮ, 12 ਦਸੰਬਰ 2023 ਨੂੰ ਪੇਸ਼ ਕੀਤੇ ਗਏ, ਜੋ ਭਾਰਤ ਦੀ ਸੰਸਦ, (ਲੋਕ ਸਭਾ ਅਤੇ ਰਾਜ ਸਭਾ) ਵੱਲੋਂ ਬਿਨਾਂ ਕਿਸੇ ਬਹਿਸ ਦੇ 21 ਦਸੰਬਰ 2023 ਨੂੰ ਪਾਸ ਕਰਵਾ ਲਏ ਗਏ ਅਤੇ 25 ਦਸੰਬਰ 2023 ਨੂੰ ਭਾਰਤ ਦੇ ਰਾਸ਼ਟਰਪਤੀ ਦੀ ਪ੍ਰਵਾਨਗੀ ਤੋਂ ਬਾਦ ਇਹ ਤਿੰਨ ਬਿੱਲ ਹੁਣ ਫੌਜਦਾਰੀ ਕਾਨੂੰਨ ਬਣ ਗਏ ਹਨ। ਇਹ ਤਿੰਨੇ ਕਾਨੂੰਨ ਪਹਿਲੀ ਜੁਲਾਈ 2024 ਤੋਂ ਸਾਰੇ ਭਾਰਤ ਵਿੱਚ ਲਾਗੂ ਵੀ ਹੋ ਰਹੇ ਹਨ।ਨਵੇਂ ਕਾਨੂੰਨ ਦੀ ਵਿਆਖਿਆ ਕਰਦੇ ਹੋਏ ਸਰਕਾਰੀ ਧਿਰ ਨੇ ਦਲੀਲ ਦਿੱਤੀ ਹੈ ਕਿ ਨਵੇਂ ਕਾਨੂੰਨ ਰਾਹੀਂ ਪਹਿਲੀ ਵਾਰ ਅੱਤਵਾਦ ਅਤੇ ਸੰਗਠਨ ਅਪਰਾਧਾਂ ਨੂੰ ਪ੍ਰਭਾਸ਼ਿਤ ਕੀਤਾ ਗਿਆ ਹੈ। ਰਾਜਧ੍ਰੋਹ ਦੀ ਥਾਂ ਦੇਸ਼ਧ੍ਰੋਹ ਨੂੰ ਅਪਰਾਧ ਬਣਾਇਆ ਗਿਆ ਹੈ। ਅਪਰਾਧਿਕ ਟ੍ਰਾਇਲ ਨੂੰ ਰਫਤਾਰ ਦੇਣ ਲਈ ਕਾਨੂੰਨਾਂ ਵਿੱਚ 35 ਥਾਵਾਂ 'ਤੇ ਟਾਈਮ ਲਾਈਨ ਜੋੜੀ ਗਈ ਹੈ। ਐੱਫ ਆਈ. ਆਰ., ਕੇਸ ਡਾਇਰੀ, ਚਾਰਜਸ਼ੀਟ, ਜੱਜਮੈਂਟ ਆਦਿ ਨੂੰ ਡਿਜਿਟਲ ਬਣਾਇਆ ਗਿਆ ਹੈ। ਤਲਾਸ਼ੀ ਤੇ ਜ਼ਬਤੀ ਕਾਰਵਾਈ ਦੀ ਔਡੀਓ ਵੀਡੀਓ ਲਾਜ਼ਮੀ ਹੋਵੇਗੀ। ਸੱਤ ਸਾਲ ਜਾਂ ਵਧੇਰੇ ਸਮੇਂ ਲਈ ਸਜ਼ਾ ਵਾਲੇ ਅਪਰਾਧਾਂ ਲਈ ਫੌਰੈਂਸਿਕ ਮਾਹਿਰਾਂ ਦੀ ਰਾਏ ਲੈਣੀ ਲਾਜ਼ਮੀ ਹੋਵੇਗੀ। ਛੋਟੇ ਮੋਟੇ ਅਪਰਾਧਾਂ ਲਈ ਸਮਰੀ ਟਰਾਇਲ ਤਜਵੀਜ਼ੀ ਗਈ ਹੈ। ਭਗੌੜੇ ਅਪਰਾਧੀਆਂ ਦੀ ਗੈਰ ਹਾਜ਼ਰੀ ਵਿੱਚ ਉਨ੍ਹਾਂ ਵਿਰੁੱਧ ਮੁਕੱਦਮਾ ਚੱਲੇਗਾ ਅਤੇ ਜਾਇਦਾਦ ਜ਼ਬਤ ਹੋਵੇਗੀ। ਹੁਣ ਨਿਆਂ ਜਲਦੀ ਮਿਲੇਗਾ।

ਨੈਸ਼ਨਲ ਜੁਡੀਸ਼ੀਅਲ ਡੈਟਾ ਗਰਿਡ, ਭਾਰਤ ਸਰਕਾਰ ਦੇ ਤਾਜ਼ਾ ਅੰਕੜਿਆਂ ਅਨੁਸਾਰ ਭਾਰਤ ਵਿੱਚ ਸੁਪਰੀਮ ਕੋਰਟ, ਰਾਜਾਂ ਦੀ ਹਾਈ ਕੋਰਟਾਂ, ਜ਼ਿਲ੍ਹਾ ਪੱਧਰੀ ਅਤੇ ਹੋਰ ਅਧੀਨ ਅਦਾਲਤਾਂ ਵਿੱਚ ਇਸ ਸਮੇਂ 3, 42, 54, 701 ਫੌਜਦਾਰੀ ਕੇਸ ਚੱਲ ਰਹੇ ਹਨ, ਜਿਨ੍ਹਾਂ ਵਿੱਚੋਂ 68.35% ਇੱਕ ਸਾਲ ਤੋਂ ਪੁਰਾਣੇ ਹਨ। ਜੇਕਰ ਪੰਜਾਬ ਰਾਜ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਵਿਚਲੀ ਅਦਾਲਤਾਂ ਵਿੱਚ 4, 84, 723 ਫੌਜਦਾਰੀ ਕੇਸ ਲੰਬਤ ਹਨ ਜਿਨ੍ਹਾਂ ਵਿੱਚ 50.85% ਕੇਸ ਇੱਕ ਸਾਲ ਤੋਂ ਵੱਧ ਪੁਰਾਣੇ ਹਨ। ਰਾਸ਼ਟਰੀ ਪੱਧਰ 'ਤੇ ਭਾਰਤ ਦੀਆਂ ਸਾਰੀਆਂ ਅਦਾਲਤਾਂ ਵਿੱਚ 3,08,23,745 ਫੌਜਦਾਰੀ ਕੇਸ ਅਦਾਲਤਾਂ ਵਿੱਚ ਲੰਬਤ ਪਏ ਹਨ। 4, 22, 510 ਫੌਜਦਾਰੀ ਅਪੀਲ ਕੇਸ ਹਨ, 6, 84, 561 ਕੇਸ ਸੀਨੀਅਰ ਸਿਟੀਜ਼ਨਾਂ ਵੱਲੋਂ ਦਾਇਰ ਕੀਤੇ ਗਏ ਹਨ ਅਤੇ 19, 29,061 ਕੇਸ ਔਰਤਾਂ ਵੱਲੋਂ ਦਾਇਰ ਕੀਤੇ ਗਏ ਹਨ। ਇਸੇ ਤਰ੍ਹਾਂ ਪੰਜਾਬ ਰਾਜ ਨਾਲ ਸੰਬੰਧਿਤ 1, 91, 825 ਕੇਸ ਸ਼ੁਰੂਆਤੀ ਦੌਰ ਵਾਲੇ ਹਨ, 24, 40, 920 ਫੌਜਦਾਰੀ ਕੇਸ ਗਵਾਹੀ/ ਬਹਿਸ/ਫੈਸਲੇ ਲਈ ਲੰਬਤ ਹਨ ਅਤੇ 34436 ਕੇਸਾਂ ਵਿੱਚ ਅਜੇ ਇਸ਼ੂ ਫਰੇਮ ਨਹੀਂ ਹੋਏ। 17, 888 ਕੇਸ ਸੀਨੀਅਰ ਸਿਟੀਜ਼ਨਾਂ ਵੱਲੋਂ ਦਾਇਰ ਕੀਤੇ ਗਏ ਹਨ ਜਦਕਿ 45, 863 ਕੇਸ ਔਰਤਾਂ ਵੱਲੋਂ ਦਾਇਰ ਕੀਤੇ ਗਏ ਹਨ।

ਅਦਾਲਤਾਂ ਦੇ ਲੰਬਤ ਕੇਸਾਂ ਦੇ ਭੀੜ ਭੜੱਕੇ ਤੋਂ ਇਲਾਵਾ ਜੇਕਰ ਭਾਰਤ ਦੀਆਂ ਜੇਲ੍ਹਾਂ ਦੀ ਗੱਲ ਕੀਤੀ ਜਾਵੇ ਜਿੱਥੇ ਫੌਜਦਾਰੀ ਕਾਨੂੰਨਾਂ ਅਧੀਨ ਅਪਰਾਧੀਆਂ ਨੂੰ ਕਾਨੂੰਨੀ ਹਿਰਾਸਤ ਜਾਂ ਮਿਲੀ ਸਜ਼ਾ ਕਾਰਨ ਜੇਲ੍ਹਾਂ ਵਿੱਚ ਰੱਖਿਆ ਜਾਂਦਾ ਹੈ। ਤਰਾਸਦੀ ਹੈ ਕਿ ਭਾਰਤੀ ਜੇਲ੍ਹਾਂ ਵਿੱਚ 10 ਵਿੱਚੋਂ 8 ਕੈਦੀ ਅਜਿਹੇ ਹਨ ਜੋ ਮੁਕੱਦਮੇ ਦੀ ਉਡੀਕ ਕਰ ਰਹੇ ਹਨ। ਭਾਰਤ ਵਿੱਚ 2021 ਤਕ 1319 ਜੇਲ੍ਹਾਂ ਸਨ। ਤਾਜ਼ਾ ਅੰਕੜਿਆਂ ਅਨੁਸਾਰ ਹੁਣ 1400 ਜੇਲ੍ਹਾਂ ਹਨ। ਭਾਰਤ ਦੇ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਵਿੱਚ ਜੇਲ੍ਹਾਂ ਦਾ ਪ੍ਰਬੰਧਨ ਰਾਜ ਸਰਕਾਰਾਂ ਅਧੀਨ ਆਉਂਦਾ ਹੈ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਵੱਲੋਂ 2019 ਦੇ ਜਾਰੀ ਅੰਕੜਿਆਂ ਅਨੁਸਾਰ ਭਾਰਤੀ ਜੇਲ੍ਹਾਂ ਵਿੱਚ 13.6% ਸਜ਼ਾ ਜ਼ਾਫਤਾ ਕੈਦੀ, 10.5% ਅੰਡਰ ਟਰਾਇਲ ਅਤੇ 5.68% ਜੇਲ੍ਹਾਂ ਵਿੱਚ ਨਜ਼ਰਬੰਦ ਹਨ। 91% ਸੰਬੰਧਿਤ ਰਾਜਾਂ ਦੇ ਕੈਦੀ ਰਾਜਾਂ ਦੀਆਂ ਜੇਲ੍ਹਾਂ ਵਿੱਚ ਹਨ। 31 ਦੰਸਬਰ 2021 ਤਕ 77% ਕੈਦੀ ਅੰਡਰ ਟਰਾਇਲ ਅਤੇ 22% ਦੋਸ਼ੀ ਸਨ। ਲਗਭਗ ਅੱਧੇ ਅੰਡਰ ਟਰਾਇਲ 2 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹਾਂ ਵਿੱਚ ਹਨ। ਦੋਸ਼ੀਆਂ ਵਿੱਚ ਸਭ ਤੋਂ ਵੱਧ ਕੈਦੀ ਕਤਲ (51.86%), ਬਲਾਤਕਾਰ (7.66%), ਐੱਨ. ਡੀ. ਪੀ. ਸੀ. ਐਕਟ (5.73%), ਕਤਲ ਦੀ ਕੋਸ਼ਿਸ਼ (5.30%), ਦਾਜ ਲਈ ਮੌਤ (3.88%) ਦੇ ਅਧੀਨ ਅਪਰਾਧਾਂ ਵਿੱਚ ਕੈਦ ਕੱਟ ਰਹੇ ਹਨ। 31 ਦਸੰਬਰ 2016 ਤਕ ਚੋਰੀ (2.84%) ਜ਼ਿਆਦਾਤਰ ਦੋਸ਼ੀ 87.82% ਭਾਰਤੀ ਦੰਡਾਵਲੀ (ਇੰਡੀਅਨ ਪੀਨਲ ਕੋਡ 1860) ਅਪਰਾਧਾਂ ਲਈ ਦੋਸ਼ੀ ਹਨ ਜਦਕਿ 19.25% ਤੇ ਵਿਸ਼ੇਸ਼ ਅਤੇ ਸਥਾਨਕ ਕਾਨੂੰਨਾਂ ਦੀ ਉਲੰਘਣਾ ਕਰਨ ਦੇ ਦੋਸ਼ ਲਗਾਇਆ ਗਿਆ ਹੈ। ਭਾਰਤ ਦੀਆਂ 80% ਜੇਲ੍ਹਾਂ ਅੰਤਰਰਾਸ਼ਟਰੀ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੀਆਂ।

(ਬਾਕੀ ਸਫ਼ਾ 30 'ਤੇ)

# ਧਰਮ ਦੇ ਨਾਂਅ 'ਤੇ ਅਖੌਤੀ ਬਾਬਿਆਂ ਵਲੋਂ ਪੈਰੋਕਾਰਾਂ ਦਾ ਸ਼ੋਸ਼ਣ ਤੇ ਠੱਗੀ

ਪੂਰਨ ਚੰਦ

ਅਜਿਹੇ ਲੋਕਾਂ ਬਾਰੇ ਅਕਸਰ ਸੰਚਾਰ ਮਾਧਿਅਮਾਂ ਅਤੇ ਸੋਸ਼ਲ ਮੀਡੀਆ ਤੋਂ ਪਤਾ ਲਗਦਾ ਰਹਿੰਦਾ ਹੈ, ਜੋ ਖ਼ੁਦ ਨੂੰ 'ਅਧਿਆਤਮਿਕ ਗੁਰੂ' ਕਹਿੰਦੇ ਹਨ। ਜੋ ਵੀ ਲੋਕ ਇਨ੍ਹਾਂ ਦੇ ਸੰਪਰਕ ਵਿੱਚ ਆਉਂਦੇ ਹਨ ਉਨ੍ਹਾਂ ਨੂੰ ਆਪਣਾ ਤਨ, ਮਨ ਅਤੇ ਧਨ ਸਮਰਪਿਤ ਕਰਨ ਲਈ ਕਹਿੰਦੇ ਹੀ ਨਹੀਂ, ਸਗੋਂ ਮਜਬੂਰ ਵੀ ਕਰਦੇ ਹਨ। ਪੈਰੋਕਾਰ ਆਪਣੇ ਗੁਰੂ ਪ੍ਰਤੀ ਆਸਥਾ, ਵਿਸ਼ਵਾਸ ਅਤੇ ਸਮਰਪਣ ਦੀ ਭਾਵਨਾ ਰੱਖਦੇ ਹੋਏ ਉਨ੍ਹਾਂ ਨੂੰ ਰੱਬ ਮੰਨਣ ਲੱਗ ਪੈਂਦੇ ਹਨ। ਅਧਿਆਤਮਿਕਤਾ ਦੇ ਨਾਂਅ 'ਤੇ ਆਪਣੇ ਚੇਲਿਆਂ ਦਾ ਸ਼ੋਸ਼ਣ ਕਰਨ ਵਾਲੇ ਬਹੁਤ ਹੀ ਚਲਾਕੀ, ਪਖੰਡ ਅਤੇ ਜ਼ੋਰ-ਜ਼ਬਰਦਸਤੀ ਕਰਦੇ ਹੋਇਆਂ ਉਨ੍ਹਾਂ ਨੂੰ ਇੱਕ ਤਰ੍ਹਾਂ ਨਾਲ ਆਪਣਾ ਗ਼ੁਲਾਮ ਬਣਾ ਲੈਂਦੇ ਹਨ, ਜਿਨ੍ਹਾਂ ਦੇ ਚੁੰਗਲ 'ਚੋਂ ਨਿਕਲ ਪਾਉਣਾ ਮੁਸ਼ਕਿਲ ਹੀ ਨਹੀਂ, ਨਾਮੁਮਕਿੰਨ ਜਿਹਾ ਹੋ ਜਾਂਦਾ ਹੈ।

ਅਖੌਤੀ ਗੁਰੂਆਂ ਦੀ ਕਾਰਜਸ਼ੈਲੀ

ਅਜਿਹੇ ਲੋਕਾਂ ਦੇ ਨਾਂਅ ਲੋਕਾਂ ਦੀ ਜ਼ੁਬਾਨ 'ਤੇ ਹਨ, ਜਿਨ੍ਹਾਂ ਨੇ ਆਮ ਲੋਕਾਂ ਨੂੰ ਧੋਖਾ ਦੇ ਕੇ ਬੇਹਿਸਾਬ ਧਨ-ਸੰਪਤੀ ਬਣਾਈ, ਆਸ਼ਰਮ ਦੇ ਨਾਂਅ 'ਤੇ ਇਮਾਰਤਾਂ ਬਣਵਾਈਆਂ ਅਤੇ ਇਕ ਤਰ੍ਹਾਂ ਨਾਲ ਆਪਣਾ ਇਕ ਸਾਮਰਾਜ ਖੜ੍ਹਾ ਕਰ ਲਿਆ। ਇਨ੍ਹਾਂ ਥਾਵਾਂ 'ਤੇ ਜਾਣ ਅਤੇ ਬਾਬੇ ਨੂੰ ਮਿਲਣ ਲਈ ਸੁਰੱਖਿਆ ਦੀ ਲੰਬੀ ਪ੍ਰਕਿਰਿਆ ਵਿਚੋਂ ਲੰਘਣਾ ਪੈਂਦਾ ਹੈ ਅਤੇ ਸਿਰਫ਼ ਉਹ ਹੀ ਲੋਕ ਬਾਬੇ ਤੱਕ ਪਹੁੰਚ ਪਾਉਂਦੇ ਹਨ, ਜੋ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਸੇਵਾ ਕਰ ਸਕਦੇ ਹੋਣ। ਅਜਿਹੇ ਵੀ ਕਈ ਲੋਕ ਹੁੰਦੇ ਹਨ, ਜੋ ਆਪਣੇ ਪਰਿਵਾਰ ਦੀਆਂ ਔਰਤਾਂ ਖ਼ਾਸਕਰ ਨਾਬਾਲਗ ਜਾਂ ਨੌਜਵਾਨ ਲੜਕੀਆਂ ਨੂੰ ਲੈ ਕੇ ਪ੍ਰੇਸ਼ਾਨ ਰਹਿੰਦੇ ਹਨ ਅਤੇ ਇਨ੍ਹਾਂ ਅਖੌਤੀ ਬਾਬਿਆਂ ਦੀ ਸ਼ਰਨ ਵਿੱਚ ਉਨ੍ਹਾਂ ਨੂੰ ਲੈ ਜਾਂਦੇ ਹਨ। ਹੁਣ ਬਾਬਾ ਉਸ ਪਰਿਵਾਰ 'ਤੇ ਦਇਆ ਦਿਖਾਉਂਦੇ ਹੋਏ ਉਨ੍ਹਾਂ ਨੂੰ ਆਪਣੀ ਸ਼ਰਨ 'ਚ ਲੈ ਲੈਂਦਾ ਹੈ ਅਤੇ ਕੁਝ ਸਮੇਂ ਬਾਅਦ ਉਨ੍ਹਾਂ ਦੇ ਪਰਿਵਾਰ ਵਾਲੇ ਆਪਣੀਆਂ ਲੜਕੀਆਂ ਤੱਕ ਨਹੀਂ ਪਹੁੰਚ ਪਾਉਂਦੇ।ਬਾਬਾ ਉਨ੍ਹਾਂ ਨੂੰ ਸੁਧਾਰਨ ਦੇ ਨਾਂਅ 'ਤੇ ਉਨ੍ਹਾਂ ਦੇ ਸ਼ੋਸ਼ਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੰਦਾ ਹੈ ਅਤੇ ਦਕਸ਼ਣਾ ਦੇ ਰੂਪ ਵਿੱਚ ਉਹ ਉਨ੍ਹਾਂ ਨੂੰ ਆਪਣੀ ਦੇਹ ਤੱਕ ਸਮਰਪਨ ਕਰਵਾਉਣ 'ਚ ਸਫਲ ਹੋ ਜਾਂਦਾ ਹੈ।ਉਸ ਦੇ ਪੈਰੋਕਾਰਾਂ, ਪ੍ਰਸ਼ੰਸਕਾਂ ਅਤੇ ਦਰਬਾਰ ਵਿੱਚ ਆਉਣ ਵਾਲੇ ਭਗਤਾਂ ਦੀ ਗਿਣਤੀ ਵਧਦੀ ਜਾਂਦੀ ਹੈ ਅਤੇ ਉਹ ਸਾਰੇ ਉਸ ਦੀ ਇੱਕ ਝਲਕ ਪਾਉਣ ਅਤੇ ਆਪਣੇ ਤੱਕ ਪਹੁੰਚਣ ਦੇਣ ਤੱਕ ਨੂੰ ਆਪਣਾ ਸੁਭਾਗ ਸਮਝਦੇ ਹਨ। ਉਨ੍ਹਾਂ ਲੋਕਾਂ ਨੂੰ ਦੂਰ ਰੱਖਣ ਦਾ ਪੂਰਾ ਪ੍ਰਬੰਧ ਹੁੰਦਾ ਹੈ ਜਿਨ੍ਹਾਂ ਦੇ ਪਰਿਵਾਰ ਦੀਆਂ ਲੜਕੀਆਂ ਅਤੇ ਔਰਤਾਂ ਇਸ ਗੁਰੂ ਦੀ ਸੇਵਾ 'ਚ ਉਸ ਦੇ ਆਸ਼ਰਮ ਵਿੱਚ ਰਹਿੰਦੀਆਂ ਹਨ ਤਾਂ ਕਿ ਕੋਈ ਅਸਲੀਅਤ ਨਾ ਜਾਣ ਸਕੇ। ਅਜਿਹੇ ਪਖੰਡੀ ਬਾਬਿਆਂ ਦੀ ਲੰਬੀ ਸੂਚੀ ਹੈ ਅਤੇ ਦਿਨ-ਬਦਿਨ ਉਸ ਵਿੱਚ ਨਵੇਂ ਨਾਂਅ ਜੁੜਦੇ ਰਹਿੰਦੇ ਹਨ। ਕੁਝ ਬਾਬਿਆਂ ਨੂੰ ਉਮਰ ਕੈਦ ਤੱਕ ਦੀ ਸਜ਼ਾ ਹੋ ਚੁੱਕੀ ਹੈ, ਕੁਝ ਜੇਲ੍ਹ ਜਾ ਚੁੱਕੇ ਹਨ ਪਰ ਗੰਢ-ਤੁੱਪ ਕਰਕੇ ਬਾਹਰ ਆਉਣ 'ਚ ਸਫਲ ਹੋ ਗਏ, ਕਈਆਂ ਦੀ ਪੁਲਿਸ ਅਤੇ ਸੀ.ਬੀ.ਆਈ. ਦੀ ਜਾਂਚ ਚੱਲ ਰਹੀ ਹੈ ਅਤੇ ਇਕ ਦਿਨ ਜ਼ਰੂਰ ਹੀ ਉਨ੍ਹਾਂ ਨੂੰ ਵੀ ਸਜ਼ਾ ਮਿਲੇਗੀ। ਇਨ੍ਹਾਂ ਲੋਕਾਂ 'ਚ ਸਜ਼ਾ ਕੱਟ ਰਹੇ ਆਸਾਰਾਮ, ਰਾਮ ਰਹੀਮ, ਰਾਮਪਾਲ, ਨਿੱਤਿਆਨੰਦ, ਇੱਛਾਧਾਰੀ ਭੀਮਾਨੰਦ, ਵਿਕਾਸਾਨੰਦ, ਦਿੱਲੀ 'ਚ ਅਸੋਲਾ 'ਚ ਸ਼ਨੀਧਾਮ ਦੇ ਨਾਂਅ ਨਾਲ ਆਪਣਾ ਜਾਲ ਫੈਲਾਉਣ ਵਾਲੇ ਮਦਨ ਲਾਲ ਦਾਤੀ, ਅਧਿਆਤਮਕ ਵਿਸ਼ਵ ਵਿਦਿਆਲਿਆ ਦੇ ਨਾਂਅ ਨਾਲ ਆਸ਼ਰਮ ਚਲਾਉਣ ਵਾਲੇ ਵਰਿੰਦਰ ਦੇਵ ਦੀਕਸ਼ਿਤ, ਸ੍ਰੀਲੰਕਾ ਤੋਂ ਆ ਕੇ ਤਿਰੂਚਿਰਾਪੱਲੀ 'ਚ ਆਪਣਾ ਸੰਗਠਨ ਕਾਇਮ ਕਰਨ ਵਾਲੇ ਪ੍ਰੇਮਾਨੰਦ, ਸਵਾਮੀ ਸਦਾਚਾਰੀ, ਸੰਤੋਸ਼ ਮਾਧਵਨ ਤੋਂ ਬਣੇ ਸਵਾਮੀ ਅੰਮ੍ਰਿਤ ਚੈਤੰਨਿਆ ਸਮੇਤ ਪਤਾ ਨਹੀਂ ਕਿੰਨੇ ਪਖੰਡੀ ਲੋਕ ਹਨ ਜੋ ਦੇਸ਼ ਭਰ 'ਚ ਆਪਣਾ ਜਾਲ ਫੈਲਾਈ ਬੈਠੇ ਹਨ।



ਹੈਰਾਨੀ ਇਸ ਗੱਲ ਦੀ ਨਹੀਂ ਕਿ ਭੋਲੇ-ਭਾਲੇ, ਦਿਹਾਤੀ, ਅਨਪੜ੍ਹ ਜਾਂ ਕਿਸੇ ਬਿਮਾਰੀ ਜਾਂ ਰੋਗਾਂ ਤੋਂ ਪੀੜਤ ਲੋਕ ਹੀ ਇਨ੍ਹਾਂ ਬਾਬਿਆਂ ਦੇ ਚੁੰਗਲ ਵਿੱਚ ਫਸ ਜਾਂਦੇ ਹਨ, ਸਗੋਂ ਇਸ ਗੱਲ ਦੀ ਹੈ ਕਿ ਪੜ੍ਹੇ-ਲਿਖੇ, ਉੱਚੇ ਅਹੁਦਿਆਂ 'ਤੇ ਕੰਮ ਕਰਨ ਵਾਲੇ ਅਧਿਕਾਰੀ, ਸਰਕਾਰੀ ਹੋਵੇ ਜਾਂ ਨਿੱਜੀ ਸੰਸਥਾਵਾਂ ਦੇ ਕਰਮਚਾਰੀ, ਇੱਥੋਂ ਤੱਕ ਕਿ ਦੇਸ਼ ਦੀ ਸੁਰੱਖਿਆ ਨਾਲ ਜੁੜੇ ਲੋਕ ਵੀ ਇਨ੍ਹਾਂ ਬਾਬਿਆਂ ਦੇ ਦਰਸ਼ਨ ਕਰਨ ਅਤੇ ਆਪਣੀ ਮਨੋਕਾਮਨਾ ਦੀ ਪੂਰਤੀ ਲਈ ਜਾਂਦੇ ਹਨ।ਹੁਣ ਕਿਉਂਕਿ ਇਹ ਲੋਕ ਸਮਰੱਥ ਅਤੇ ਪ੍ਰਭਾਵਸ਼ਾਲੀ ਹੁੰਦੇ ਹਨ ਤਾਂ ਉਸ ਦਾ ਲਾਭ ਇਨ੍ਹਾਂ ਬਾਬਿਆਂ ਨੂੰ ਮਿਲਣਾ ਤੈਅ ਹੈ। ਇਨ੍ਹਾਂ ਦੀ ਗਿਣਤੀ ਵਧਦੀ ਜਾਂਦੀ ਹੈ ਅਤੇ ਅੰਧ ਭਗਤੀ ਦਾ ਨਜ਼ਾਰਾ ਉਦੋਂ ਦੇਖਣ ਨੂੰ ਮਿਲਦਾ ਹੈ, ਜਦੋਂ ਕੋਈ ਬਾਬਾ ਸਜ਼ਾ ਕੱਟ ਕੇ ਜਾਂ ਜ਼ਮਾਨਤ ਜਾਂ ਪੈਰੋਲ 'ਤੇ ਬਾਹਰ ਆਉਂਦਾ ਹੈ, ਹਜ਼ਾਰਾਂ-ਲੱਖਾਂ ਦੀ ਭੀੜ ਉਸ ਦਾ ਸਵਾਗਤ ਕਰਨ ਪਹੁੰਚਦੀ ਹੈ, ਜਿਵੇਂ ਉਹ ਕੋਈ ਸਜ਼ਾਯਾਫ਼ਤਾ ਨਹੀਂ, ਸਗੋਂ ਹੀਰੋ ਹੋਵੇ।

ਕਿਵੇਂ ਬਣਦੇ ਹਨ ਬਾਬੇ ?

ਅਸੀਂ ਉਨ੍ਹਾਂ ਅਧਿਆਤਮਿਕ, ਗਿਆਨੀ ਅਤੇ ਜਨ ਸੇਵਾ ਲਈ ਸਮਰਪਿਤ ਤੇ ਆਪਣੇ ਆਚਰਨ, ਵਿਵਹਾਰ ਨਾਲ ਪਵਿੱਤਰਤਾ ਨੂੰ ਸਾਕਾਰ ਕਰਨ ਵਾਲਿਆਂ ਅਤੇ ਆਪਣਾ ਸਭ ਕੁਝ ਦੇਸ਼ ਅਤੇ ਸਮਾਜ ਦੀ ਤਰੱਕੀ ਵਿਚ ਲਗਾਉਣ ਵਾਲੇ ਤੇ ਅਕਸਰ ਗੁਮਨਾਮ ਰਹਿਣ ਵਾਲੇ ਵਿਅਕਤੀਆਂ ਦੀ ਚਰਚਾ ਨਹੀਂ ਕਰ ਰਹੇ, ਸਗੋਂ ਉਨ੍ਹਾਂ ਦੀ ਕਰ ਰਹੇ ਹਾਂ, ਜੋ ਆਪਣੇ ਗਿਆਨ, ਬੁੱਧੀ ਅਤੇ ਸਮਰੱਥਾ ਦੀ ਵਰਤੋਂ ਲੋਕਾਂ ਨੂੰ ਠੱਗਣ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਲੁੱਟਣ ਲਈ ਕਰਦੇ ਹਨ। ਸਭ ਤੋਂ ਪਹਿਲਾ ਕੰਮ ਇਹ ਕਰਦੇ ਹਨ ਕਿ ਉਹ ਅਜਿਹੇ ਲੋਕਾਂ ਦੀਆਂ ਜੀਵਨੀਆਂ ਪੜ੍ਹਦੇ ਹਨ ਜੋ ਦੁਨੀਆਂ ਭਰ 'ਚ ਇੱਕ ਅਧਿਆਤਮਿਕ ਵਿਅਕਤੀ ਦੇ ਰੂਪ 'ਚ ਜਾਣੇ ਜਾਂਦੇ ਹਨ। ਇਸ ਦੇ ਨਾਲ ਹੀ ਇਹ ਯੋਗ ਵਿਧੀਆਂ ਖ਼ਾਸਕਰ ਧਿਆਨ ਲਗਾਉਣਾ (ਮੈਡੀਟੇਸ਼ਨ ਕਰਨਾ) ਸਿੱਖਦੇ ਹਨ। ਇਸ ਕਿਰਿਆ ਰਾਹੀਂ ਉਹ ਸਾਹਮਣੇ ਬੈਠੇ ਵਿਅਕਤੀ ਦੇ ਮਨ ਨੂੰ ਪੜ੍ਹਨ ਦੀ ਕਲਾ ਸਿੱਖ ਲੈਂਦੇ ਹਨ। ਜਦੋਂ ਇਹ ਲੋਕ ਕਿਸੇ ਆਮ ਵਿਅਕਤੀ ਮੂਹਰੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹਨ ਤਾਂ ਉਹ ਇਨ੍ਹਾਂ ਲੋਕਾਂ ਨੂੰ ਮਹਾਂ ਗਿਆਨੀ, ਸਰਬ ਸ਼ਕਤੀਮਾਨ ਤੇ ਰੱਬ ਤੱਕ ਮਨ ਲੈਂਦੇ ਹਨ। ਬੱਸ ਇੱਥੋਂ ਹੀ ਉਨ੍ਹਾਂ ਲੋਕਾਂ ਦਾ ਨਿਰਮਾਣ ਹੁੰਦਾ ਹੈ, ਜਿਨ੍ਹਾਂ ਦਾ ਉਦੇਸ਼ ਆਪਣੇ ਗਿਆਨ ਅਤੇ ਮਨ ਨੂੰ ਪੜ੍ਹ ਸਕਣ ਵਾਲੀ ਕਲਾ ਦੀ ਵਰਤੋਂ ਜੋ ਵੀ ਉਨ੍ਹਾਂ ਕੋਲ ਆਏ, ਉਨ੍ਹਾਂ ਦਾ ਸ਼ੋਸ਼ਣ ਕਰਨਾ ਹੁੰਦਾ ਹੈ। ਅਜਿਹੇ ਪਖੰਡੀ ਬਾਬਿਆਂ ਦਾ ਕੋਈ ਨੈਤਿਕ ਸਿਧਾਂਤ ਨਹੀਂ ਹੁੰਦਾ, ਉਨ੍ਹਾਂ ਦਾ ਇਹੀ ਟੀਚਾ ਹੁੰਦਾ ਹੈ ਕਿ ਵੱਧ ਤੋਂ ਵੱਧ ਲੋਕ ਉਨ੍ਹਾਂ ਦੇ ਪੈਰੋਕਾਰ ਬਣਨ ਅਤੇ ਉਹ ਇਕ ਜਾਦੂਗਰ ਵਾਂਗ ਉਨ੍ਹਾਂ ਨੂੰ ਕੁਝ ਅਜਿਹੀਆਂ ਹਰਕਤਾਂ ਨਾਲ ਪ੍ਰਭਾਵਿਤ ਕਰ ਸਕਣ, ਜਿਨ੍ਹਾਂ ਨੂੰ ਲੋਕ ਉਨ੍ਹਾਂ ਦਾ ਚਮਤਕਾਰ ਸਮਝਣ ਲੱਗਣ। ਇਨ੍ਹਾਂ ਲੋਕਾਂ ਦਾ ਉਦੇਸ਼ ਆਪਣੀ ਕਾਮਵਾਸਨਾ ਦੀ ਪੂਰਤੀ ਕਰਨਾ ਹੁੰਦਾ ਹੈ। ਇਸ ਲਈ ਉਹ ਅਜਿਹੀਆਂ ਨਾਬਾਲਗ ਲੜਕੀਆਂ ਨੂੰ ਆਪਣੀਆਂ ਚੇਲੀਆਂ ਬਣਾਉਣ ਲਈ ਅਜਿਹੇ ਪਰਿਵਾਰਾਂ ਨੂੰ ਪ੍ਰਮੁੱਖਤਾ ਦਿੰਦੇ ਹਨ, ਜੋ ਗ਼ਰੀਬ ਹਨ ਬੱਚਿਆਂ ਨੂੰ ਸਿੱਖਿਆ ਜਾਂ ਉਨ੍ਹਾਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਨਹੀਂ ਚੁੱਕ ਸਕਦੇ। ਇਹ ਲੋਕ ਉਨ੍ਹਾਂ ਲਈ ਛੋਟੇ-ਮੋਟੇ ਸਕੂਲ ਅਤੇ ਹੋਸਟਲ ਖੋਲ੍ਹ ਦਿੰਦੇ ਹਨ। ਮਾਤਾ-ਪਿਤਾ ਸਮਝਦੇ ਹਨ ਕਿ ਉਨ੍ਹਾਂ ਦੀ ਲੜਕੀ ਸਹੀ ਥਾਂ ਹੈ, ਇਸ ਲਈ ਉਨ੍ਹਾਂ ਨੂੰ ਆਪਣੀ ਲੜਕੀ ਦੀ ਕੋਈ ਚਿੰਤਾ ਨਹੀਂ ਰਹਿੰਦੀ। ਇਨ੍ਹਾਂ ਲੜਕੀਆਂ ਦੇ ਨਾਲ ਜਦੋਂ ਕੁਝ ਮਾੜਾ ਹੁੰਦਾ ਹੈ ਅਤੇ ਉਹ ਆਪਣੇ ਪਿਤਾ ਜਾਂ ਭਰਾ ਨੂੰ ਕੁਝ ਕਹਿਣਾ ਵੀ ਚਾਹੁੰਦੀਆਂ ਹਨ ਤਾਂ ਉਹ ਕਿਸੇ ਤਰ੍ਹਾਂ ਸੰਭਵ ਨਹੀਂ ਹੁੰਦਾ, ਸਗੋਂ ਇਸ ਗੱਲ ਦਾ ਪਤਾ ਲੱਗਣ 'ਤੇ ਉਨ੍ਹਾਂ ਦਾ ਪਰਿਵਾਰ ਹੀ ਸੰਕਟ ਵਿੱਚ ਆ ਜਾਂਦਾ ਹੈ। ਇਨ੍ਹਾਂ ਅਖੌਤੀ ਬਾਬਿਆਂ ਸੰਬੰਧੀ ਕੁਝ ਉਦਾਹਰਨਾਂ ਮਿਲਦੀਆਂ ਹਨ, ਜਿਵੇਂ ਇੱਕ ਵੱਡੇ ਅਧਿਕਾਰੀ ਦੀ ਆਪਣੇ ਵਿਭਾਗ 'ਚ ਤਰੱਕੀ ਨਹੀਂ ਹੋ ਰਹੀ ਸੀ ਅਤੇ ਉਸ ਨੇ ਇਕ ਬਾਬੇ ਦੀ ਸ਼ਰਨ ਲਈ। ਬਾਬੇ ਨੇ ਉਸ ਨੂੰ ਕੁਝ ਮੰਤਰ ਦਿੱਤੇ ਅਤੇ ਯੱਗ ਜਾਂ ਪੂਜਾ ਕਰਨ ਲਈ ਕਿਹਾ, ਜਿਸ ਵਿੱਚ ਕਾਫ਼ੀ ਪੈਸਾ ਲੱਗਾ। ਇਹ ਵਿਅਕਤੀ ਪੂਰੀ ਸ਼ਰਧਾ ਨਾਲ ਇਹ ਸਭ ਕਰਦਾ ਰਿਹਾ। ਹੁਣ ਹੋਇਆ ਇਹ ਕਿ ਆਮ ਪ੍ਰਕਿਰਿਆ ਵਿੱਚ ਉਸ ਵਿਅਕਤੀ ਦੀ ਤਰੱਕੀ ਹੋ ਗਈ। ਇਸ ਅਧਿਕਾਰੀ ਨੇ ਪੂਰਾ ਸਿਹਰਾ ਆਪਣੇ ਬਾਬੇ ਨੂੰ ਦਿੱਤਾ। ਹੁਣ ਉਹ ਆਪਣੇ ਪਰਿਵਾਰ, ਮਿੱਤਰਾਂ ਅਤੇ ਨਾਲ ਕੰਮ ਕਰਨ ਵਾਲਿਆਂ ਨੂੰ ਆਪਣੀ ਮਨੋਕਾਮਨਾ ਪੂਰੀ ਕਰਨ ਲਈ ਇਸ ਬਾਬੇ ਦੀ ਸ਼ਰਨ 'ਚ ਜਾਣ ਲਈ ਉਕਸਾਉਣ ਲੱਗਾ। ਇਨ੍ਹਾਂ ਵਿਚੋਂ ਬਾਬੇ ਕੋਲ ਜੋ ਫਸ ਗਿਆ ਤਾਂ ਉਸ ਦੇ ਲਈ ਪਿੱਛਾ ਛੁਡਾਉਣਾ ਮੁਸ਼ਕਿਲ ਹੋ ਗਿਆ।

ਇਸ ਤਰ੍ਹਾਂ ਇੱਕ ਨੌਜਵਾਨ ਫ਼ਿਲਮ ਨਿਰਮਾਤਾ ਇਸ ਦੇ ਜਾਲ 'ਚ ਫਸ ਗਈ। ਬਾਬੇ ਨੇ ਇਸ ਲੜਕੀ ਦੇ ਮਨ ਵਿੱਚ ਇਹ ਬਿਠਾ ਦਿੱਤਾ ਕਿ ਉਸ ਨੂੰ ਜੋ ਵੀ ਕੰਮ ਮਿਲੇਗਾ, ਉਹ ਉਸ ਦੀ ਕ੍ਰਿਪਾ ਨਾਲ ਮਿਲੇਗਾ। ਹੁਣ ਇਹ ਲੜਕੀ ਬਾਬੇ ਦੇ ਕਹਿਣ 'ਤੇ ਚੱਲਣ ਲੱਗੀ, ਇੱਥੋਂ ਤੱਕ ਆਪਣੇ ਘਰ ਵਾਲਿਆਂ ਤੋਂ ਛਿਪਾ ਕੇ ਉਸ ਨੂੰ ਪੈਸਾ, ਕੱਪੜੇ, ਗਹਿਣੇ ਆਦਿ ਵੀ ਦੇਣ ਲੱਗੀ। ਬਾਬੇ ਦਾ ਉਦੇਸ਼ ਪੂਰਾ ਹੋ ਰਿਹਾ ਸੀ ਅਤੇ ਇਕ ਦਿਨ ਮੌਕਾ ਪਾ ਕੇ ਉਸ ਦਾ ਜਬਰ-ਜਨਾਹ ਕਰ ਦਿੱਤਾ, ਜਿਸ ਨੂੰ ਬਾਬੇ ਨੇ ਉਸ ਦੇ ਆਤਮ ਸਮਰਪਣ ਦੀ ਕਿਰਿਆ ਦਾ ਪੂਰਾ ਹੋਣਾ ਦੱਸਿਆ। ਜਦੋਂ ਉਸ ਲੜਕੀ ਨੂੰ ਇਹ ਗਿਆਨ ਹੋਇਆ ਕਿ ਉਸ ਦਾ ਤਾਂ ਸਭ ਕੁਝ ਲੁੱਟਿਆ ਗਿਆ, ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਉਸ ਨੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਸ ਵਿੱਚ ਸਫਲ ਨਹੀਂ ਹੋਈ। ਇਸ ਸਭ ਦੀ ਜਾਣਕਾਰੀ ਪਰਿਵਾਰ ਅਤੇ ਦੋਸਤਾਂ ਨੂੰ ਹੋਈ ਤਾਂ ਕਿਸੇ ਤਰੀਕੇ ਨਾਲ ਉਸ ਨੂੰ ਬਾਹਰ ਕੱਢਿਆ ਜਾ ਸਕਿਆ। ਇੱਕ ਬਾਬੇ ਨੇ ਆਪਣੀਆਂ ਹੋਰ ਚੇਲੀਆਂ ਦਾ ਵੀ ਜਬਰ-ਜਨਾਹ ਕੀਤਾ, ਉਨ੍ਹਾਂ ਵਿਚੋਂ ਇੱਕ ਤਾਂ ਆਈ.ਏ.ਐਸ. ਸੀ ਅਤੇ ਜ਼ਿਲ੍ਹਾ ਅਧਿਕਾਰੀ ਸੀ। ਉਹ ਅਸਤੀਫ਼ਾ ਦੇ ਕੇ ਇਸ ਬਾਬੇ ਦੀ ਸ਼ਰਨ ਵਿੱਚ ਆਈ ਸੀ। ਅਜਿਹੀਆਂ ਬਹੁਤ ਸਾਰੀਆਂ ਲੜਕੀਆਂ ਸਨ, ਜੋ ਇਸ ਦੇ ਚੁੰਗਲ 'ਚ ਸਨ। ਇੱਕ ਨੇ ਹਿੰਮਤ ਕਰਕੇ ਪੁਲਿਸ 'ਚ ਰਿਪੋਰਟ ਲਿਖਾਈ, ਇਸ ਬਾਬੇ ਦੀ ਗ੍ਰਿਫ਼ਤਾਰੀ ਹੋਈ, ਸੀ.ਬੀ.ਆਈ (**ਬਾਕੀ ਸਫ਼ਾ 31 'ਤੇ**)

# ਔਰਤਾਂ ਪ੍ਰਤੀ ਹਿੰਸਾ ਨੂੰ ਠੱਲ੍ਹ ਪਾਉਣ ਦੀ ਲੋੜ



ਕੁੱਕੀ ਗਿੱਲ




ਕੋਲਕਾਤਾ ਦੇ ਆਰ.ਜੀ. ਕਾਰ ਮੈਡੀਕਲ ਕਾਲਜ ਵਿੱਚ 31 ਸਾਲਾ ਮਹਿਲਾ ਡਾਕਟਰ ਦਾ ਕਤਲ ਅਤੇ ਬਲਾਤਕਾਰ ਇੰਨਾ ਬੇਰਹਿਮ ਜਾਪਦਾ ਹੈ ਕਿ ਉਸ ਵਹਿਸ਼ੀ ਬੇਰਹਿਮੀ ਦੇ ਪੱਧਰ ਨੂੰ ਬਿਆਨ ਕਰਨ ਲਈ ਕੋਈ ਵੀ ਸ਼ਬਦ ਜਾਂ

ਵਾਕਾਂਸ਼ ਕਾਫ਼ੀ ਨਹੀਂ ਹੋ ਸਕਦੇ, ਮੈਂ ਹੁਣੇ ਹੀ ਉਸ ਦੇ ਪਰਿਵਾਰ ਦੁਆਰਾ ਹੰਢਾਈ ਗਈ ਭਾਵਨਾਤਮਕ ਅਤੇ ਮਾਨਸਿਕ ਪੀੜਾ ਦੇ ਵੇਰਵੇ ਪੜ੍ਹ ਰਿਹਾ ਸੀ। ਪਹਿਲਾਂ ਤਾਂ ਹਸਪਤਾਲ ਦੇ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਨ੍ਹਾਂ ਦੀ ਬੇਟੀ ਦੀ ਮੌਤ ਖ਼ੁਦਕੁਸ਼ੀ ਕਰ ਕੇ ਹੋਈ ਹੈ ਪਰ ਤਿੰਨ ਘੰਟੇ ਦੇ ਇੰਤਜ਼ਾਰ ਤੋਂ ਬਾਅਦ ਜਦੋਂ ਉਨ੍ਹਾਂ ਨੇ ਉਸ ਦੀ ਨਾ ਪਛਾਣੀ ਜਾ ਸਕਣ ਦੀ ਹਾਲਤ ਵਿੱਚ ਲਾਸ਼ ਦੇਖੀ ਤਾਂ ਇਹ ਸਮਝ ਵਿੱਚ ਆਇਆ ਕਿ ਉਸ ਨਾਲ ਬੇਰਹਿਮੀ ਅਤੇ ਤਸ਼ੱਦਦ ਨਾਲ ਬਲਾਤਕਾਰ ਕੀਤਾ ਗਿਆ ਹੈ।ਸਾਡੇ ਸਮਾਜ ਇੱਕ ਔਰਤ ਜਾਂ ਇੱਥੋਂ ਤੱਕ ਕਿ ਇੱਕ ਬੱਚੇ ਦੀ ਸੁਰੱਖਿਆ ਅਤੇ ਬਚਾਅ ਬਹੁਤ ਔਖਾ ਹੁੰਦਾ ਜਾ ਰਿਹਾ ਹੈ ... ਮਨੀਪੁਰ ਵਿੱਚ ਬਲਾਤਕਾਰ ਅਤੇ ਕਤਲ ਕੀਤੀਆਂ ਗਈਆਂ ਕੁੱਕੀ ਔਰਤਾਂ ਨੂੰ ਨਾ ਭੁੱਲੀਏ ਅਤੇ ਕਠੂਆ ਦੀ 8 ਸਾਲਾ ਆਸਿਫਾ ਬਾਨੋ ਦੇ ਬਲਾਤਕਾਰੀਆਂ ਅਤੇ ਕਾਤਲਾਂ ਦੇ ਹੱਕ ਵਿੱਚ ਹਿੰਦੂਤਵੀ ਮੁਹਿੰਮਾਂ ਅਤੇ ਹਾਥਰਸ ਬਲਾਤਕਾਰ ਪੀੜਤਾ, ਜਿਸਦਾ ਸਰਕਾਰੀ ਤੰਤਰ ਦੁਆਰਾ ਰਾਤੋ-ਰਾਤ ਸਸਕਾਰ ਕੀਤਾ ਗਿਆ ਸੀ, ਨੂੰ ਵੀ ਕਵਰ-ਅੱਪ ਕੀਤਾ ਜਾਣਾ ਨਹੀਂ ਭੁੱਲਣਾ ਚਾਹੀਦਾ।

ਭਾਵੇਂ ਕਾਤਲਾਂ-ਕਾਤਲਾਂ-ਬਲਾਤਕਾਰੀਆਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਜਾਂਦੀਆਂ ਹਨ, ਪਰ ਇਸ ਤੱਥ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਣਾ ਚਾਹੀਦਾ ਕਿ ਅੱਜ ਬਲਾਤਕਾਰੀਆਂ ਨੂੰ ਵੀ ਪੈਰੋਲ ਦਿੱਤੀ ਜਾਂਦੀ ਹੈ ... ਉਹ ਫਰਲੋ 'ਤੇ ਅਜ਼ਾਦ ਬਾਹਰ ਘੁੰਮਦੇ ਹਨ। ਉਹ ਸਾਰੇ ਕੌਣ ਹਨ ਜੋ ਬਲਾਤਕਾਰੀ ਲੰਬੇ ਜਾਂ ਛੋਟੇ ਬ੍ਰੇਕ ਲਈ ਬਾਹਰ ਹੋ ਸਕਦੇ ਹਨ। ਸਿਰਫ਼ ਕੁਝ ਨਾਵਾਂ ਦਾ ਜ਼ਿਕਰ ਕਰਨਾ ਹੈ- ਆਸਾਰਾਮ ਬਾਪੂ ਸੱਤ ਦਿਨਾਂ ਦੀ ਪੈਰੋਲ 'ਤੇ ਜੇਲ੍ਹ ਤੋਂ ਬਾਹਰ ਹੈ। ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ 21 ਦਿਨਾਂ ਦੀ ਫਰਲੋ ਦਿੱਤੀ ਗਈ ਹੈ। ਇਸ ਤੱਥ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਕਿ ਪਿਛਲੇ ਸਾਲ ਬਿਲਕਿਸ ਬਾਨੋ ਨਾਲ ਬਲਾਤਕਾਰ ਦੇ ਦੋਸ਼ੀ ਠਹਿਰਾਏ ਗਏ ਸਾਰੇ 11 ਵਿਅਕਤੀਆਂ ਨੂੰ ਸਮੇਂ ਤੋਂ ਪਹਿਲਾਂ ਰਿਹਾਅ ਕਰ ਦਿੱਤਾ ਗਿਆ ਸੀ, ਬੇਸ਼ੱਕ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਉਹ ਮੁੜ ਜੇਲ੍ਹ ਵਿੱਚ ਹਨ।

ਜੇਕਰ ਕੋਈ ਇਹ ਸਵਾਲ ਪੁੱਛਦਾ ਹੈ ਕਿ ਔਰਤਾਂ ਦੇ ਖ਼ਿਲਾਫ਼ ਅਪਰਾਧਾਂ ਵਿੱਚ ਇਹ ਤੇਜ਼ੀ ਕਿਉਂ ਆਈ ਹੈ, ਤਾਂ ਬ੍ਰਿੰਦਾ ਕਰਤ ਦੀ ਉਸਦੀ ਨਵੀਨਤਮ ਕਿਤਾਬ - ਹਿੰਦੂਤਵਾ ਐਂਡ ਵਾਇਲੈਂਸ ਅਗੇਂਸਟ ਵੂਮੈਨ (ਸਪੀਕਿੰਗ ਟਾਈਗਰ ਬੁੱਕਸ) ਤੋਂ ਹਵਾਲਾ ਦੇਣਾ ਸਭ ਤੋਂ ਵਧੀਆ ਹੈ - ਭਾਰਤ ਵਿੱਚ, ਅਸੀਂ ਆਪਣੇ ਇਤਿਹਾਸ ਦੇ ਅਨੁਭਵ ਦੁਆਰਾ ਅਤੇ ਸੁਤੰਤਰਤਾ ਸੰਗਰਾਮ, ਜਾਤ ਪ੍ਰਣਾਲੀ ਸਮੇਤ ਰਾਜਨੀਤਿਕ, ਸਮਾਜਿਕ-ਆਰਥਿਕ, ਸੱਭਿਆਚਾਰਕ ਹਕੀਕਤਾਂ ਦੇ ਸੰਦਰਭ ਵਿੱਚ ਔਰਤਾਂ ਵਿਰੁੱਧ ਹਿੰਸਾ ਦੇ ਕਈ ਰੂਪਾਂ ਅਤੇ ਤਰੀਕਿਆਂ ਸਮੇਤ ਔਰਤਾਂ ਦੀ ਸਥਿਤੀ ਨੂੰ ਸਮਝਦੇ ਹਾਂ। ਇਸ ਵਿਆਪਕ ਢਾਂਚੇ ਵਿੱਚ ਔਰਤਾਂ ਵਿਰੁੱਧ ਹਿੰਸਾ ਦੇ ਮੁੱਦੇ ਨੂੰ ਦੇਖਦੇ ਹੋਏ ਸਾਨੂੰ ਅੱਜ ਭਾਰਤ ਵਿੱਚ ਔਰਤਾਂ ਵਿਰੁੱਧ ਹਿੰਸਾ ਦੇ ਬਦਲਦੇ ਆਯਾਮਾਂ ਦਾ ਪਤਾ ਲੱਗਦਾ ਹੈ। ਸੰਭਾਵੀ ਤੌਰ 'ਤੇ, ਮੇਰਾ ਮਤਲਬ ਜ਼ਰੂਰੀ ਤੌਰ 'ਤੇ ਕੁਝ ਨਵਾਂ ਨਹੀਂ ਹੈ - ਮੌਜੂਦਾ, ਨਕਾਰਾਤਮਕ ਅਤੇ ਕਈ ਵਾਰ ਜ਼ਹਿਰੀਲੇ ਰੁਝਾਨਾਂ ਦੀ ਤੀਬਰਤਾ, ਜੋ ਕਿ ਬਹੁਤ ਸਾਰੇ ਕਾਰਕਾਂ ਦੇ ਕਾਰਨ ਪ੍ਰਮੁੱਖ ਰੁਝਾਨ ਬਣ ਜਾਂਦੇ ਹਨ, ਵੀ ਬਦਲਾਅ ਨੂੰ ਜੋੜਦੇ ਹਨ। ਇਹ ਤਬਦੀਲੀਆਂ ਭਾਰਤ ਦੇ ਰਾਜਨੀਤਿਕ ਅਤੇ ਸਮਾਜਿਕ ਜੀਵਨ ਵਿੱਚ ਸੱਜੇ-ਪੱਖੀ ਫਿਰਕੂ ਅਤੇ ਸੰਪਰਦਾਇਕ ਸ਼ਕਤੀਆਂ ਦੁਆਰਾ ਪ੍ਰਾਪਤ ਕੀਤੇ ਗਏ ਦਬਦਬੇ ਦੇ ਨਤੀਜੇ ਵਜੋਂ ਵਾਪਰ ਰਹੀਆਂ ਹਨ, ਜਿਸ ਨਾਲ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਸਰਕਾਰ ਬਣ ਗਈ ਹੈ ਜੋ ਕਿ ਰਾਸ਼ਟਰੀ ਸਵੈਮ ਸੇਵਕ

ਸੰਘ (ਆਰ.ਐੱਸ.ਐੱਸ.) ਵੱਲੋਂ ਆਓ ਇਸਨੂੰ ਆਰ.ਐਸ.ਐਸ. ਅਤੇ ਇਸਦੇ ਸਿਆਸੀ ਵਿੰਗ, ਬੀ.ਜੇ.ਪੀ. ਦਾ ਸਾਂਝਾ ਉੱਦਮ ਕਹੀਏ... ਉਹ ਅੱਗੇ ਕਹਿੰਦੀ ਹੈ, ਪਰ ਮੌਜੂਦਾ ਸਰਕਾਰ ਦੇ ਸ਼ਾਸਨ ਦੇ ਦਹਾਕੇ ਵਿੱਚ, ਅਸੀਂ ਭਾਰਤ ਵਿੱਚ ਬੁਨਿਆਦੀ ਤੌਰ 'ਤੇ ਬਦਲੀ ਹੋਈ ਸਥਿਤੀ ਦੇਖ ਸਕਦੇ ਹਾਂ। ਏਜੰਡਾ ਅਤੇ ਆਰ.ਐਸ.ਐਸ. ਦੁਆਰਾ 1925 ਵਿੱਚ ਆਪਣੀ ਸ਼ੁਰੂਆਤ ਤੋਂ ਤੈਅ ਕੀਤੇ ਗਏ ਪ੍ਰੋਗਰਾਮ ਦਾ ਇੱਕ ਹੀ ਏਜੰਡਾ ਹਿੰਦੂ ਰਾਸ਼ਟਰ ਬਣਾਉਣ ਦਾ ਹੈ।

ਇਹ ਵਾਰ—ਵਾਰ ਦੁਹਰਾਉਣ ਦੀ ਲੋੜ ਹੈ ਕਿ ਬੁਨਿਆਦੀ ਢਾਂਚਾ ਫੇਲ੍ਹ ਹੋ ਰਿਹਾ ਹੈ ਅਤੇ ਟੁੱਟ ਰਿਹਾ ਹੈ। ਅੱਜ ਦੀ ਸਰਕਾਰ ਦੁਆਰਾ ਬਹੁਤ ਜ਼ਿਆਦਾ ਪ੍ਰਚਾਰਿਤ ਭਰੋਸੇ ਵੀ ਅਸਫਲ ਹੁੰਦੇ ਜਾਪਦੇ ਹਨ ਅਤੇ ਇਹ ਲਗਭਗ ਹਰ ਖੇਤਰ ਵਿੱਚ ਹੁੰਦਾ ਹੈ। ਕਿਸੇ ਨੂੰ ਸਿਰਫ਼ ਘੁੰਮਣਾ ਪੈਂਦਾ ਹੈ ਅਤੇ ਦੇਖਣਾ ਹੁੰਦਾ ਹੈ ਕਿ ਗੰਭੀਰ ਨੁਕਸਾਨ ਅਤੇ ਹਿੰਸਾ ਦੇ ਵਿਚਕਾਰ ਜਨਤਾ ਕਿਵੇਂ ਬਚ ਰਹੀ ਹੈ। ਲੋਕਾਂ ਨੂੰ ਹਿੰਸਾ, ਨਗਨ ਔਰਤਾਂ ਦੀ ਪਰੇਡ ਅਤੇ ਮਨੀਪੁਰ ਵਿੱਚ ਕੁੱਕੀ ਔਰਤਾਂ ਦੇ ਬਲਾਤਕਾਰ ਅਤੇ ਕਤਲ ਨੂੰ ਨਹੀਂ ਭੁੱਲਣਾ ਚਾਹੀਦਾ ਕਿਉਂਕਿ ਸੂਬੇ ਅਤੇ ਕੇਂਦਰ ਸਰਕਾਰ ਦੇ ਅਧਿਕਾਰੀ ਨਿੰਦਾ ਦਾ ਇੱਕ ਸ਼ਬਦ ਨਹੀਂ ਬੋਲਦੇ।

# ਰੇਗਿਸਤਾਨ ਦਾ 'ਵਰਤਮਾਨ' ਬਣ ਰਿਹੈ ਪੰਜਾਬ ਦਾ 'ਭਵਿੱਖ'

## 'ਮੂਰਥਲ' ਦੇ ਢਾਬਿਆਂ ਦੀਆਂ ਰੰਗੀਨੀਆਂ ਵਿੱਚ ਗੁਆਚੇ ਪੰਜਾਬੀ, ਪੰਜਾਬ ਨੂੰ 'ਮਾਰੂਥਲ' ਬਣਨ ਤੋਂ ਬਚਾਉਣ

### ਸਾਮਰਾਜੀ ਖੇਤੀ ਮਾਡਲ ਤੇ ਕਾਰਪੋਰੇਟ ਪੱਖੀ ਸਨਅਤੀ ਨੀਤੀ ਕਾਰਨ ਸਥਿਤੀ ਬਣੀ ਚਿੰਤਾਜਨਕ


ਪੰਜਾਬ ਡਾਇਰੀ
ਜਗਮੋਹਨ ਸਿੰਘ 'ਲੱਕੀ'
9463819174

### ਪੰਜਾਬ ਬਚਾਉਣ ਲਈ ਕੁਦਰਤ ਪੱਖੀ ਹੰਢਣਸਾਰ ਖੇਤੀ ਮਾਡਲ ਦੀ ਲੋੜ



ਪੰਜਾਂ ਦਰਿਆਵਾਂ ਵਾਲੇ ਪੰਜਾਬ ਦੀ ਧਰਤੀ ਪਾਣੀ ਅਤੇ ਜ਼ਮੀਨ ਦੇ ਡੂੰਘੇ ਸੰਕਟ ਵਿੱਚੋਂ ਲੰਘ ਰਹੀ ਹੈ, ਜਿਸ ਕਰਕੇ ਪੰਜਾਬ ਤੇਜ਼ੀ ਨਾਲ ਰੇਗਿਸਤਾਨ ਬਣਨ ਵੱਲ ਵੱਧ ਰਿਹਾ ਹੈ। ਪੰਜਾਬ 'ਚ ਧਰਤੀ ਹੇਠਲੇ ਪਾਣੀ ਦਾ ਲਗਾਤਾਰ ਦੋਹਨ ਕੀਤੇ ਜਾਣ ਕਾਰਨ ਹੁਣ ਪੰਜਾਬ ਦੀ ਧਰਤੀ ਹੇਠਲਾ ਪਾਣੀ ਖ਼ਤਮ ਹੋਣ ਕੰਢੇ ਪਹੁੰਚ ਗਿਆ ਹੈ। ਉਥੇ ਖੇਤੀ ਵਿੱਚ ਰਸਾਇਣਿਕ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਕਾਰਨ ਪੰਜਾਬ ਦੀ ਉਪਜਾਊ ਜ਼ਮੀਨ ਬੰਜਰ ਹੁੰਦੀ ਜਾ ਰਹੀ ਹੈ। ਖੇਤੀ ਅਤੇ ਜਲ ਮਾਹਿਰ ਕਹਿ ਰਹੇ ਹਨ ਕਿ ਪੰਜਾਬ 'ਚ ਧਰਤੀ ਹੇਠਲੇ ਪਾਣੀ ਨੂੰ ਜੇ ਇਸੇ ਤਰਾਂ ਕੱਢਿਆ ਜਾਂਦਾ ਰਿਹਾ ਤਾਂ ਪੰਜਾਬ ਦੀ ਧਰਤੀ ਹੇਠਲਾ ਪਾਣੀ ਬਿਲਕੁਲ ਖ਼ਤਮ ਹੋ ਜਾਵੇਗਾ ਅਤੇ ਜੇ ਖੇਤਾਂ ਵਿੱਚ ਰਸਾਇਣਿਕ ਖਾਦਾਂ ਦੀ ਇਸੇ ਤਰ੍ਹਾਂ ਵੱਡੀ ਵਰਤੋਂ ਜਾਰੀ ਰਹੇਗੀ ਤਾਂ ਪੰਜਾਬ ਦੀ ਧਰਤੀ ਬੰਜਰ ਹੋ ਜਾਵੇਗੀ। ਅੱਜ ਦੇ ਸਮੇਂ 'ਚ ਪੰਜਾਬ ਲਗਾਤਾਰ ਰੇਗਿਸਤਾਨ ਬਣਨ ਵੱਲ ਵਧਦਾ ਜਾ ਰਿਹਾ ਹੈ। ਅਜਿਹੀ ਸਥਿਤੀ ਵੇਲੇ ਪੰਜ ਦਰਿਆਵਾਂ ਵਾਲੇ ਪੰਜਾਬ ਦੇ ਲੋਕ ਬੂੰਦ ਬੂੰਦ ਪਾਣੀ ਨੂੰ ਵੀ ਤਰਸਣਗੇ। ਵਿਗਿਆਨੀਆਂ ਵੱਲੋਂ ਅੰਦਾਜ਼ੇ ਲਾਏ ਜਾ ਰਹੇ ਹਨ ਕਿ 2040 ਤੱਕ ਪੰਜਾਬ ਦਾ ਬਹੁਤਾ ਹਿੱਸਾ ਬੰਜਰ ਹੋ ਜਾਵੇਗਾ। ਇਸ ਸਮੇਂ ਪੰਜਾਬ ਦੇ ਪੇਂਡੂ ਵਿਕਾਸ ਬਲਾਕਾਂ ਦੇ ਲਗਭਗ 80 ਬਲਾਕਾਂ 'ਚ ਧਰਤੀ ਹੇਠਲੇ ਪਾਣੀ ਦੀ ਹਾਲਤ ਅਤਿ ਨਾਜ਼ਕ ਹੈ।

ਸੈਂਟਰ ਫਾਰ ਸਾਇੰਸ ਐਂਡ ਐਨਵਾਇਰਮੈਂਟ ਦੀ ਕੁਝ ਸਾਲ ਪਹਿਲਾਂ ਜਾਰੀ ਕੀਤੀ ਗਈ ਰਿਪੋਰਟ ਮੁਤਾਬਿਕ ਦੇਸ਼ ਦੀ 30 ਫ਼ੀਸਦੀ ਜ਼ਮੀਨ ਬੰਜਰ ਹੋਣ ਦੇ ਕੰਢੇ 'ਤੇ ਹੈ। ਇਸ ਦਾ ਕਾਰਨ ਯੂਰੀਆ ਦੀ ਅੰਨ੍ਹੇਵਾਹ ਵਰਤੋਂ ਹੈ, ਜਿਸ ਨੂੰ ਹਰੀ ਕ੍ਰਾਂਤੀ ਦੌਰਾਨ ਉਤਪਾਦਨ ਵਧਾਉਣ ਦਾ ਪੱਕਾ ਮੰਤਰ ਮੰਨਿਆ ਜਾਂਦਾ ਸੀ। ਯੂਰੀਆ ਦੀ ਜ਼ਿਆਦਾ ਵਰਤੋਂ ਕਾਰਨ ਨਾਈਟ੍ਰੋਜਨ ਚੱਕਰ ਪ੍ਰਭਾਵਿਤ ਹੋ ਰਿਹਾ ਹੈ।

ਪੰਜਾਬ ਸਰਕਾਰ ਦੇ ਜਲ ਸਰੋਤ ਸੈੱਲ ਵੱਲੋਂ ਪਿਛਲੇ ਸਾਲ ਪੰਜਾਬ 'ਚ ਜ਼ਮੀਨਦੋਜ਼ ਪਾਣੀ ਸਬੰਧੀ ਪੇਸ਼ ਕੀਤੀ ਗਈ ਰਿਪੋਰਟ ਅਨੁਸਾਰ ਪੰਜਾਬ ਦੇ 9 ਜ਼ਿਲ੍ਹਿਆਂ ਵਿੱਚ ਉਸ ਤੋਂ ਪਿਛਲੇ ਇੱਕ ਸਾਲ ਵਿੱਚ ਜ਼ਮੀਨ ਹੇਠਲਾ ਪਾਣੀ ਔਸਤਨ 0.77 ਮੀਟਰ ਤੋਂ 1.59 ਮੀਟਰ (ਡੇਢ ਮੀਟਰ) ਤੋਂ ਜ਼ਿਆਦਾ ਹੇਠਾਂ ਚਲਾ ਗਿਆ। ਰਿਪੋਰਟ ਵਿੱਚ ਸਭ ਤੋਂ ਗੰਭੀਰ ਸਥਿਤੀ ਬਰਨਾਲਾ, ਬਠਿੰਡਾ, ਲੁਧਿਆਣਾ, ਸ਼ਹੀਦ ਭਗਤ ਸਿੰਘ ਨਗਰ, ਸੰਗਰੂਰ, ਪਟਿਆਲਾ, ਮੋਗਾ, ਜਲੰਧਰ ਤੇ ਸ੍ਰੀ ਫ਼ਤਹਿਗੜ੍ਹ ਸਾਹਿਬ ਜ਼ਿਲ੍ਹਿਆਂ ਦੀ ਦਿਖਾਈ ਗਈ ਸੀ। ਰਿਪੋਰਟ ਅਨੁਸਾਰ ਜਿੱਥੇ ਮਾਰਚ 2014 ਵਿੱਚ ਬਰਨਾਲਾ ਜ਼ਿਲ੍ਹੇ ਵਿੱਚ ਧਰਤੀ ਹੇਠਲਾ ਪਾਣੀ ਔਸਤਨ 19.33 ਮੀਟਰ ਡੂੰਘਾ ਸੀ। ਉੱਥੇ ਮਾਰਚ 2023 ਮਹੀਨੇ ਕੀਤੀ ਜਾਂਚ ਦੌਰਾਨ ਪਾਣੀ ਦਾ ਪੱਧਰ ਔਸਤਨ 1.59 ਮੀਟਰ ਹੋਰ ਹੇਠਾਂ ਚਲਿਆ ਗਿਆ। ਮਾਹਿਰ ਕਹਿੰਦੇ ਹਨ ਕਿ ਧਰਤੀ ਹੇਠਲਾ ਪਾਣੀ ਲਗਾਤਾਰ ਖਤਮ ਹੋਣ ਕੰਢੇ ਹੈ। ਇਹ ਸਾਮਰਾਜੀ ਖੇਤੀ ਮਾਡਲ ਤੇ ਕਾਰਪੋਰੇਟ ਪੱਖੀ ਸਨਅਤੀ ਨੀਤੀ ਕਾਰਨ ਵਾਪਰ ਰਿਹਾ ਹੈ। ਇਸ ਲਈ ਕੁਦਰਤ ਪੱਖੀ ਹੰਢਣਸਾਰ ਖੇਤੀ ਮਾਡਲ ਦੀ ਜ਼ਰੂਰਤ ਹੈ।



ਕੇਂਦਰੀ ਭੂ-ਜਲ ਬੋਰਡ ਦੀ ਰਿਪੋਰਟ ਨੇ ਬੜੇ ਭਿਆਨਕ ਅੰਕੜੇ ਪੇਸ਼ ਕੀਤੇ ਹਨ। ਰਿਪੋਰਟ ਮੁਤਾਬਕ ਧਰਤੀ ਹੇਠਲੇ ਤਿੰਨ ਪੱਤਣਾਂ ਦਾ ਪਾਣੀ ਮੁੱਕ ਚੱਲਿਆ ਹੈ। ਇਨ੍ਹਾਂ ਪੱਤਣਾਂ 'ਚ 320 ਅਰਬ ਘਣ ਮੀਟਰ ਪਾਣੀ ਹੈ ਤੇ ਹਰੇਕ ਸਾਲ ਮੀਂਹਾਂ ਰਾਹੀਂ 21 ਅਰਬ ਘਣ ਮੀਟਰ ਪਾਣੀ ਧਰਤੀ 'ਚ ਸਿੰਮਦਾ ਹੈ। ਰਿਪੋਰਟ ਅਨੁਸਾਰ ਪੰਜਾਬੀ ਹਰ ਸਾਲ 35 ਅਰਬ ਘਣ ਮੀਟਰ ਪਾਣੀ ਧਰਤੀ ਹੇਠੋਂ ਕੱਢ ਰਹੇ ਹਨ। ਇਸ ਤਰ੍ਹਾਂ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਸਿਰਫ਼ 17 ਸਾਲਾਂ ਦਾ ਹੀ ਬਚਿਆ ਹੈ। ਆਈ.ਆਈ.ਟੀ. ਖੜਗਪੁਰ, ਅਮਰੀਕਾ ਦੀ ਨਾਸਾ ਏਜੰਸੀ, ਪੰਜਾਬ ਖੇਤੀਬਾੜੀ ਵਿਭਾਗ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਸਮੇਤ ਵੱਖ-ਵੱਖ ਸੰਸਥਾਵਾਂ ਵੱਲੋਂ ਕੀਤੇ ਗਏ ਅਧਿਐਨਾਂ ਅਨੁਸਾਰ ਪੰਜਾਬ ਬੜੀ ਤੇਜ਼ੀ ਨਾਲ ਰੇਗਿਸਤਾਨ ਬਣਨ ਵੱਲ ਵੱਧ ਰਿਹਾ ਹੈ।

ਪੰਜਾਬ ਵਿੱਚ ਇਸ ਵੇਲੇ 15 ਲੱਖ ਤੋਂ ਵੱਧ ਟਿਊਬ-ਵੈੱਲ ਹਨ, ਜਿਨ੍ਹਾਂ ਵਿੱਚ 14 ਲੱਖ 20 ਹਜ਼ਾਰ 'ਤੇ ਬਿਜਲੀ ਦੀਆਂ ਮੋਟਰਾਂ ਤੇ ਬਾਕੀਆਂ 'ਤੇ ਡੀਜ਼ਲ ਇੰਜਣ ਲੱਗੇ ਹੋਏ ਹਨ। ਇਨ੍ਹਾਂ ਟਿਊਬ-ਵੈੱਲਾਂ ਰਾਹੀਂ ਪਾਣੀ ਕੱਢਣ ਲਈ ਸਾਢੇ 7 ਹਾਰਸ ਪਾਵਰ ਤੋਂ 12 ਹਾਰਸ ਪਾਵਰ ਤੱਕ ਦੀਆਂ ਮੋਟਰਾਂ ਲੱਗੀਆਂ ਹੋਈਆਂ ਹਨ। ਝੋਨੇ ਦੀ ਬਿਜਾਈ ਸਮੇਂ 15 ਜੂਨ ਤੋਂ 30 ਸਤੰਬਰ ਤੱਕ 8-8 ਘੰਟੇ ਚੱਲਦੀਆਂ ਮੋਟਰਾਂ ਧਰਤੀ ਹੇਠਲੇ ਪਾਣੀ ਦੇ ਅਥਾਹ ਭੰਡਾਰ ਨੂੰ ਲਗਾਤਾਰ ਖਤਮ ਕਰ ਰਹੀਆਂ ਹਨ। ਖੇਤੀਬਾੜੀ ਲਈ ਮੋਟਰਾਂ ਸਾਲ ਵਿੱਚ 8 ਤੋਂ 9 ਹਜ਼ਾਰ ਯੂਨਿਟ ਬਿਜਲੀ ਫੂਕਦੀਆਂ ਹਨ।

ਖੇਤੀ ਮਾਹਿਰ ਕਹਿੰਦੇ ਹਨ ਕਿ ਰਸਾਇਣਿਕ ਖਾਦਾਂ ਦੀ ਜ਼ਿਆਦਾ ਵਰਤੋਂ ਪੌਦਿਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ, ਜ਼ਮੀਨਾਂ ਬੰਜਰ ਹੁੰਦੀਆਂ ਜਾ ਰਹੀਆਂ ਹਨ, ਸਾਨੂੰ ਇਨ੍ਹਾਂ ਤੋਂ ਬਚਣਾ ਚਾਹੀਦਾ ਹੈ ਤੇ ਧਰਤੀ ਦੇ ਵਾਤਾਵਰਣ ਨੂੰ ਬਚਾਉਣਾ ਹੋਵੇਗਾ। ਅਸਲ ਵਿੱਚ ਰਸਾਇਣਿਕ ਖਾਦਾਂ ਤੇ ਕੀਟ ਨਾਸ਼ਕਾਂ ਨੇ ਧਰਤੀ ਦੀ ਸਿਹਤ ਨੂੰ ਖ਼ਰਾਬ ਕਰਨ ਵਿੱਚ ਵੱਡਾ ਯੋਗਦਾਨ ਪਾਇਆ ਹੈ।

ਪੰਜਾਬ ਨੇ ਹਰੀ ਕ੍ਰਾਂਤੀ ਰਾਹੀਂ ਦੇਸ਼ ਦੇ ਅੰਨ ਭੰਡਾਰ ਵਿੱਚ ਵੱਡਾ ਯੋਗਦਾਨ ਪਾਇਆ ਹੈ, ਪਰ ਇਸ ਦਾ ਵੱਡਾ ਨੁਕਸਾਨ ਪੰਜਾਬੀਆਂ ਨੂੰ ਹੁਣ ਉਠਾਉਣਾ ਪੈ ਰਿਹਾ ਹੈ। ਇੱਕ ਪਾਸੇ ਪੰਜਾਬ ਦਾ ਜ਼ਮੀਨ ਹੇਠਲਾ ਪਾਣੀ ਮੁੱਕਦਾ ਜਾ ਰਿਹਾ ਹੈ, ਦੂਜੇ ਪਾਸੇ ਪੰਜਾਬ ਦੀ ਜ਼ਮੀਨ ਬੰਜਰ ਹੁੰਦੀ ਜਾ ਰਹੀ ਹੈ। ਦੋਵੇਂ ਹੀ ਸਥਿਤੀਆਂ ਪੰਜਾਬ ਤੇ ਪੰਜਾਬੀਆਂ ਲਈ ਚਿੰਤਾਜਨਕ ਹਨ। ਵੱਡੀ ਗਿਣਤੀ ਪੰਜਾਬੀ ਮੂਰਥਲ ਅਤੇ ਪੰਜਾਬ ਦੇ ਵੱਡੇ ਢਾਬਿਆਂ, ਸ਼ਾਪਿੰਗ ਮਾਲਾਂ ਦੀਆਂ ਰੰਗੀਨੀਆਂ ਵਿੱਚ ਗੁਆਚੇ ਹੋਏ ਹਨ, ਉਹਨਾਂ ਨੂੰ ਮਾਰੂਥਲ ਬਣਦਾ ਜਾ ਰਿਹਾ ਪੰਜਾਬ ਦਿਖਾਈ ਨਹੀਂ ਦੇ ਰਿਹਾ। ਪੰਜਾਬ ਨੂੰ ਰੇਗਿਸਤਾਨ ਬਣਨ ਤੋਂ ਬਚਾਉਣ ਲਈ ਜਿਥੇ ਪਾਣੀ ਦੇ ਕੁਦਰਤੀ ਸੋਮੇ ਬਚਾਉਣ ਦੀ ਲੋੜ ਹੈ, ਉਥੇ ਖੇਤਾਂ ਵਿੱਚ ਰਸਾਇਣਿਕ ਖਾਦਾਂ ਦੀ ਥਾਂ ਕੁਦਰਤੀ ਖਾਦਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਪੰਜਾਬੀਆਂ ਨੂੰ ਹੁਣ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਆਪਣੇ ਅਤੇ ਸਮੁੱਚੇ ਪੰਜਾਬ ਦੇ ਭਵਿੱਖ ਬਾਰੇ ਫੈਸਲਾ ਕਰਨਾ ਹੁਣ ਉਨ੍ਹਾਂ ਦੇ ਹੱਥ ਵਿੱਚ ਹੈ।



### ਜਲ ਅਤੇ ਜ਼ਮੀਨ ਨੂੰ ਬਚਾਉਣ ਦੀ ਜ਼ਰੂਰਤ



ਜਿੱਥੇ ਸਾਰੇ ਧਰਮਾਂ ਵਿੱਚ ਪਾਣੀ ਨੂੰ ਪਵਿੱਤਰ ਮੰਨਿਆ ਜਾਂਦਾ ਹੈ, ਉੱਥੇ ਵਿਗਿਆਨ ਅਨੁਸਾਰ ਵੀ ਪਾਣੀ ਤੋਂ ਬਿਨਾਂ ਜੀਵਨ ਅਸੰਭਵ ਹੈ।

ਧਰਤੀ ਦੇ 70 ਫ਼ੀਸਦੀ ਹਿੱਸੇ 'ਤੇ ਪਾਣੀ ਹੈ, ਜਿਸ ਵਿੱਚ 97.5 ਫੀਸਦੀ ਸਮੁੰਦਰ ਅਤੇ ਹੋਰ ਖਾਰੇ ਪਾਣੀ ਦੇ ਸੋਮੇ ਹਨ। ਬਾਕੀ 2.5 ਫ਼ੀਸਦੀ ਪਾਣੀ 'ਚ 68.7 ਫੀਸਦੀ ਧਰੁਵਾਂ ਅਤੇ ਗਲੇਸ਼ੀਅਰਾਂ 'ਤੇ ਜੰਮਿਆ ਹੋਇਆ ਹੈ। ਕੇਵਲ 30 ਫੀਸਦੀ ਪਾਣੀ ਭੂਮੀਗਤ ਹੈ, ਬਾਕੀ 1.2 ਫੀਸਦੀ ਸਤਹੀ ਪਾਣੀ ਦੇ ਰੂਪ ਵਿੱਚ ਹੈ। ਇਸੇ ਤਰ੍ਹਾਂ ਪੰਜਾਬ ਦੀ ਜ਼ਮੀਨ ਬਹੁਤ ਉਪਜਾਊ ਹੈ, ਜੋ ਕਿ ਹੁਣ ਰਸਾਇਣਿਕ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਕਾਰਨ ਬੰਜਰ ਹੁੰਦੀ ਜਾ ਰਹੀ ਹੈ। ਪੰਜਾਬ ਦੀ ਜਿਹੜੀ ਸ਼ਕਤੀਸ਼ਾਲੀ ਤੇ ਉਪਜਾਊ ਮਿੱਟੀ ਨੂੰ ਲੋਕ ਸੱਟ ਲੱਗਣ ਤੇ ਸੱਟ ਵਾਲੀ ਥਾਂ ਲਗਾ ਲੈਂਦੇ ਸੀ ਤਾਂ ਉਹਨਾਂ ਦੀ ਸੱਟ ਠੀਕ ਹੋ ਜਾਂਦੀ ਸੀ ਪਰ ਹੁਣ ਉਹੀ 'ਉਪਜਾਊ ਮਿੱਟੀ' ਖੁਦ ਜਮਾਂ ਹੀ 'ਮਿੱਟੀ' ਭਾਵ ਅਸਰਹੀਣ ਤੇ ਬੰਜਰ ਹੋ ਗਈ ਹੈ। ਇਸ ਕਰਕੇ ਹੁਣ ਪੰਜਾਬ ਦੇ ਜਲ ਤੇ ਜ਼ਮੀਨ ਨੂੰ ਬਚਾਉਣ ਦੀ ਵੱਡੀ ਲੋੜ ਹੈ।

# ਪੰਜਾਬ ਗੰਭੀਰ ਸੰਕਟ ਵਿੱਚ ਕਿਉਂ?

## ਕਰਜ਼ਿਆਂ ਕਾਰਨ ਕਿਸਾਨੀ ਦੀ ਨਵੀਂ ਪੀੜ੍ਹੀ ਪੱਛਮ ਤੇ ਖਾੜੀ ਦੇਸ਼ਾਂ ਵੱਲ ਕਰ ਰਹੀ ਹੈ ਪ੍ਰਵਾਸ

## ਖੇਤੀ ਤੇ ਸਨਅਤੀ ਆਰਥਿਕ ਸੰਕਟ, ਬੇਰੁਜ਼ਗਾਰੀ, ਅਪਰਾਧ ਤੇ ਨਸ਼ੇ ਪੰਜਾਬ ਦੇ ਸੰਕਟ ਦਾ ਕਾਰਨ



ਸਤਨਾਮ ਮਾਣਕ
ਸੀਨੀਅਰ ਪੱਤਰਕਾਰ

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਖੇਤੀ ਇਸ ਦੀ ਆਰਥਿਕਤਾ ਦੀ ਰੀੜ੍ਹ ਹੈ। ਇਹ ਖੇਤਰ ਗੰਭੀਰ ਸੰਕਟ 'ਚੋਂ ਗੁਜ਼ਰ ਰਿਹਾ ਹੈ। ਕਿਸਾਨੀ ਕਰਜ਼ੇ ਹੇਠ ਹੈ ਅਤੇ ਆਏ ਸਾਲ ਕਰਜ਼ੇ ਦੀ ਪੰਡ ਭਾਰੀ ਹੋ ਰਹੀ ਹੈ। ਕਰਜ਼ੇ ਕਾਰਨ ਕਿਸਾਨ ਖ਼ੁਦਕੁਸ਼ੀਆਂ ਲਈ ਮਜਬੂਰ ਹਨ। ਕਿਸਾਨੀ ਦੀ ਨਵੀਂ ਪੀੜ੍ਹੀ ਆਪਣੇ ਭਵਿੱਖ ਦੇ ਵਿਹੜੇ ਵਿੱਚ ਪਸਰਿਆ ਹਨੇਰਾ ਦੇਖ ਕੇ ਯੂਰੋਪ ਅਤੇ ਉਤਰੀ ਅਮਰੀਕਾ ਦੇ ਮੁਲਕਾਂ ਵੱਲ ਪਰਵਾਸ ਕਰ ਰਹੀ ਹੈ। ਛੋਟੀ ਕਿਸਾਨੀ ਜੋ ਵਧੇਰੇ ਪੈਸਾ ਨਹੀ ਖ਼ਰਚ ਸਕਦੀ, ਉਨ੍ਹਾਂ ਦੀ ਨਵੀਂ ਪੀੜ੍ਹੀ ਖਾੜੀ ਮੁਲਕਾਂ ਵਿੱਚ ਸਖ਼ਤ ਮੁਸ਼ੱਕਤ ਕਰਨ ਲਈ ਮਜਬੂਰ ਹੈ। ਜੋ ਬਾਹਰ ਨਹੀਂ ਜਾ ਸਕਦੇ ਜਾਂ ਖਾੜੀ ਮੁਲਕਾਂ ਵਿੱਚ ਜਾਣ ਲਈ ਤਿਆਰ ਨਹੀਂ, ਉਹ ਨਸ਼ਿਆਂ ਦੀ ਦਲਦਲ ਵਿੱਚ ਗ਼ਲਤਾਨ ਹੋ ਜਾਂਦੇ ਹਨ। ਮਹਿੰਗੇ ਨਸ਼ਿਆਂ ਲਈ ਪੈਸੇ ਨਾ ਹੋਣ ਕਰਕੇ ਉਹ ਲੁੱਟਾਂ-ਖੋਹਾਂ, ਚੋਰੀਆਂ-ਚਕਾਰੀਆਂ ਕਰਨ ਲਗਦੇ ਹਨ ਜਾਂ ਗੁੰਡਾ ਗਰੋਹਾਂ ਵਿਚ ਜਾ ਰਲਦੇ ਹਨ। ਖੇਤੀ ਸੰਕਟ ਦੇ ਸੰਭਾਵੀ ਹੱਲ ਬਾਰੇ ਕਿਸੇ ਪਾਰਟੀ ਕੋਲ ਕਹਿਣ ਲਈ ਕੁਝ ਨਹੀਂ ਹੈ।

ਦੂਸਰਾ, ਪੰਜਾਬ ਵਿੱਚ ਬੇਰੁਜ਼ਗਾਰੀ ਦਾ ਮੁੱਦਾ ਹੈ। ਬੇਰੁਜ਼ਗਾਰੀ ਦੇ ਦੋ ਪਹਿਲੂ ਹਨ। ਇੱਕ ਤਾਂ ਪੜ੍ਹੇ-ਲਿਖੇ ਲੋਕਾਂ ਲਈ ਰੁਜ਼ਗਾਰ ਦਾ ਮਾਮਲਾ ਹੈ। ਨਿੱਜੀਕਰਨ ਤੇ ਠੇਕਾਕਰਨ ਨਾਲ ਚਿੱਟ-ਕੱਪੜੀਆ ਨੌਕਰੀਆਂ ਨੂੰ ਪੱਕੇ ਰੁਜ਼ਗਾਰ ਦੀਆਂ ਸੰਭਾਵਨਾਵਾਂ ਬਹੁਤ ਘਟੀਆਂ ਹਨ। ਪੱਕੇ ਰੁਜ਼ਗਾਰ ਲਈ ਪੜ੍ਹੇ-ਲਿਖੇ ਲੋਕਾਂ ਦੇ ਸੰਘਰਸ਼ ਹੋ ਰਹੇ ਹਨ। ਬੇਰੁਜ਼ਗਾਰੀ ਦਾ ਦੂਸਰਾ ਪਹਿਲੂ ਕਿਰਤੀਆਂ ਦੀ ਬੇਰੁਜ਼ਗਾਰੀ ਹੈ, ਖ਼ਾਸਕਰ ਪਿੰਡਾਂ ਵਿੱਚ ਮਜ਼ਦੂਰਾਂ/ਦਲਿਤਾਂ ਲਈ ਰੁਜ਼ਗਾਰ ਦਾ ਮਸਲਾ ਹੈ। ਖੇਤੀ ਵਿੱਚ ਮਸ਼ੀਨੀਕਰਨ ਨਾਲ ਖੇਤੀ ਖੇਤਰ ਵਿੱਚ ਕੰਮ ਦੇ ਮੌਕੇ ਘਟੇ ਹਨ ਪਰ ਕਿਸੇ ਪਾਰਟੀ ਕੋਲ ਇਨ੍ਹਾਂ ਦੋਵੇਂ ਤਰ੍ਹਾਂ ਦੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਕੋਈ ਪ੍ਰੋਗਰਾਮ ਨਹੀਂ।

ਪੰਜਾਬ ਸਨਅਤੀ ਤੌਰ 'ਤੇ ਪਛੜਿਆ ਹੋਇਆ ਹੈ। ਸਹਿਕਾਰੀ ਖੇਤਰ ਵਿੱਚ ਖੇਤੀ ਆਧਾਰਿਤ ਸਨਅਤਾਂ ਵਿਚੋਂ ਬਹੁਤੀਆਂ ਬੰਦ ਹੋ ਗਈਆਂ ਹਨ ਅਤੇ ਕਈ ਸੰਕਟਗ੍ਰਸਤ ਹਨ। ਪੰਜਾਬ ਸੰਤਾਪ ਦੌਰਾਨ ਕਾਫ਼ੀ ਸਨਅਤ, ਖ਼ਾਸਕਰ ਸਰਹੱਦੀ ਖੇਤਰਾਂ ਵਿਚੋਂ, ਦੂਸਰੇ ਸੂਬਿਆਂ ਵਿੱਚ ਚਲੀ ਗਈ। ਕੇਂਦਰ ਸਰਕਾਰ ਵੱਲੋਂ ਪਹਾੜੀ ਖੇਤਰਾਂ ਦੇ ਵਿਕਾਸ ਦੇ ਨਾਮ ਤੇ ਸਨਅਤਾਂ ਲਈ ਦਿੱਤੀਆਂ ਰਿਆਇਤਾਂ ਕਾਰਨ ਵੀ ਸਨਅਤਾਂ ਗੁਆਂਢੀ ਪਹਾੜੀ ਰਾਜਾਂ ਵਿੱਚ ਚਲੀਆਂ ਗਈਆਂ। ਪੰਜਾਬ ਦਾ ਸਨਅਤੀ ਪਿਛੜੇਵਾਂ ਨਾ ਸਿਰਫ਼ ਬਰਕਰਾਰ ਹੈ ਬਲਕਿ ਵਧਿਆ ਹੈ। ਪੰਜਾਬ ਦਾ ਸਨਅਤੀਕਰਨ ਕਿਵੇਂ ਹੋਵੇ, ਇਸ ਦਾ ਕਿਸੇ ਪਾਰਟੀ ਕੋਲ ਕੋਈ ਪ੍ਰੋਗਰਾਮ ਨਹੀਂ।



ਇਸ ਤੋਂ ਬਿਨਾ ਸਿਹਤ, ਸਿੱਖਿਆ ਅਤੇ ਵਾਤਾਵਰਨ ਦਾ ਮੁੱਦਾ ਹੈ। ਨਿੱਜੀਕਰਨ ਦੀਆਂ ਨੀਤੀਆਂ ਨਾਲ ਕੁਆਲਿਟੀ ਸਿਹਤ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈ। ਇਕ ਪਾਸੇ ਪੰਜ ਤਾਰਾ ਹਸਪਤਾਲ ਹਨ ਜਿਨ੍ਹਾਂ ਦਾ ਖ਼ਰਚਾ ਕਿਰਤੀ ਲੋਕ ਤਾਂ ਇਕ ਪਾਸੇ, ਮੱਧਵਰਗ ਦੇ ਵੀ ਵੱਸ ਦੀ ਗੱਲ ਨਹੀਂ। ਦੂਜੇ ਪਾਸੇ ਸਰਕਾਰੀ ਹਸਪਤਾਲ ਹਨ ਜੋ ਇਲਾਜ ਨਾਲੋਂ ਵੱਧ ਬਿਮਾਰੀਆਂ ਦੇ ਕੇਂਦਰ ਜਾਪਦੇ ਹਨ। ਮਸ਼ੀਨਰੀ ਬੇਕਾਰ ਪਈ ਹੈ, ਮਾਹਿਰ ਡਾਕਟਰਾਂ ਦੀਆਂ ਅਸਾਮੀਆਂ ਖਾਲੀ ਹਨ। ਦਵਾਈਆਂ ਨਹੀਂ ਮਿਲਦੀਆਂ। ਇਸੇ ਤਰ੍ਹਾਂ ਸਿੱਖਿਆ ਦੀਆਂ ਦੋ ਪ੍ਰਣਾਲੀਆਂ ਹਨ : ਇਕ ਸਰਕਾਰੀ ਅਤੇ ਦੂਜੀ ਨਿੱਜੀ। ਸਰਕਾਰੀ ਸਕੂਲਾਂ ਦੀ ਬੁਰੀ ਹਾਲਤ ਹੈ ਅਤੇ ਨਿੱਜੀ ਅਦਾਰਿਆਂ ਵਿੱਚ ਪੜ੍ਹਾਈ ਮਿਹਨਤਕਸ਼ ਲੋਕਾਂ ਦੀ ਪਹੁੰਚ ਵਿੱਚ ਨਹੀਂ। ਇਕ ਸਰਵੇਖਣ ਅਨੁਸਾਰ ਯੂਨੀਵਰਸਿਟੀ ਵਿੱਚ ਸਿਰਫ਼ 2 ਪ੍ਰਤੀਸ਼ਤ ਪੇਂਡੂ ਵਿਦਿਆਰਥੀ ਹੀ ਪਹੁੰਚਦੇ ਹਨ। ਉਹ ਵੀ ਪੇਂਡੂ ਸਮਾਜ ਦੇ ਉੱਪਰਲੇ ਤਬਕੇ ਨਾਲ ਸਬੰਧਤ ਹੁੰਦੇ ਹਨ।

ਪੰਜਾਬ ਦਾ ਇੱਕ ਹੋਰ ਮਹੱਤਵਪੂਰਨ ਮੁੱਦਾ ਪਾਣੀਆਂ ਦਾ ਹੈ। ਕੌਮਾਂਤਰੀ ਕਾਨੂੰਨ ਅਨੁਸਾਰ ਦਰਿਆਵਾਂ ਦੇ ਪਾਣੀਆਂ ਦੀ ਵੰਡ ਦਾ ਰਿਪੇਰੀਅਨ ਅਧਿਕਾਰ ਦਾ ਕਾਨੂੰਨ ਮਾਨਤਾ ਪ੍ਰਾਪਤ ਹੈ ਪਰ ਇਸ ਕਾਨੂੰਨ ਦੀ ਉਲੰਘਣਾ ਕਰ ਕੇ ਪੰਜਾਬ ਦਾ ਦਰਿਆਈ ਪਾਣੀ ਦੂਸਰੇ ਸੂਬਿਆਂ ਨੂੰ ਦਿੱਤਾ ਗਿਆ ਹੈ ਅਤੇ ਸਤਲੁਜ-ਯਮੁਨਾ ਲਿੰਕ ਨਹਿਰ ਬਣਾ ਕੇ ਹੋਰ ਪਾਣੀ ਹਰਿਆਣਾ ਨੂੰ ਦੇਣ ਦੀਆਂ ਕੋਸ਼ਿਸ਼ਾਂ ਹਨ। ਇਹੀ ਨਹੀਂ, ਪੰਜਾਬ ਦੇ ਹੈੱਡ ਵਰਕਸ ਨੂੰ ਕੇਂਦਰ ਨੇ ਆਪਣੇ ਕਬਜ਼ੇ ਵਿੱਚ ਰੱਖਿਆ ਹੋਇਆ ਹੈ। ਪੰਜਾਬ ਦੀ ਰਾਜਧਾਨੀ, ਚੰਡੀਗੜ੍ਹ ਵੀ ਕੇਂਦਰ ਦੇ ਅਧਿਕਾਰ ਵਿੱਚ ਹੈ। ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਬਣਾਉਣ ਦੀਆਂ ਕੋਸ਼ਿਸ਼ਾਂ ਹਨ। ਪੰਜਾਬ ਤੋਂ ਬਾਹਰ ਰਹਿ ਗਏ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿੱਚ ਸ਼ਾਮਿਲ ਕਰਨ ਦਾ ਮੁੱਦਾ ਜਿਉਂ ਦਾ ਤਿਉਂ ਹੈ। ਇਨ੍ਹਾਂ ਮੁੱਦਿਆਂ ਦੇ ਹੱਲ ਲਈ ਕੋਈ ਪਾਰਟੀ ਨਹੀਂ ਬੋਲ ਰਹੀ। ਕਿਸੇ ਸਮੇਂ ਅਕਾਲੀ ਦਲ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਮੋਰਚੇ ਲਾਉਂਦਾ ਰਿਹਾ ਪਰ ਸੱਤਾ ਵਿੱਚ ਆ ਕੇ ਇਨ੍ਹਾਂ ਨੂੰ ਠੰਡੇ ਬਸਤੇ ਪਾ ਦਿੰਦਾ ਰਿਹਾ।

ਹੁਣ ਇਨ੍ਹਾਂ ਮੁੱਦਿਆਂ ਦੇ ਹੱਲ ਬਾਰੇ ਚਰਚਾ ਕਰੀਏ। ਖੇਤੀ ਖੇਤਰ ਦੇ ਸੰਕਟ ਦੀ ਬੁਨਿਆਦ/ਜੜ੍ਹ ਹਰੇ ਇਨਕਲਾਬ ਦੇ ਕੁ-ਨਾਂ ਨਾਲ ਪ੍ਰਚੱਲਿਤ ਖੇਤੀ ਮਾਡਲ ਵਿੱਚ ਹੈ। 'ਵੱਧ ਤੋਂ ਵੱਧ ਵਰਤੋਂ' ਦੇ ਸਿਧਾਂਤ ਤੇ ਆਧਾਰਿਤ ਇਸ ਮਾਡਲ ਨੇ ਧਰਤੀ ਹੇਠਲੇ ਪਾਣੀ ਦੀਆਂ ਉੱਪਰਲੀਆਂ ਤੱਗੀਆਂ ਖਾ ਲਈਆਂ। ਰਸਾਇਣਾਂ ਦੀ ਬਾਹਲੀ ਵਰਤੋਂ ਨੇ ਜ਼ਮੀਨ ਦੀ ਉਪਜਾਊ ਸ਼ਕਤੀ ਨਸ਼ਟ ਕਰ ਦਿੱਤੀ ਜਿਸ ਕਰਕੇ ਪੈਦਾਵਾਰ ਦਾ ਪੱਧਰ ਬਰਕਰਾਰ ਰੱਖਣ ਲਈ ਖੇਤੀ ਖਰਚਿਆਂ ਵਿੱਚ ਬੇਹੱਦ ਵਾਧਾ ਹੋਇਆ ਹੈ। ਇਸ ਦਾ ਸਿੱਟਾ ਕਿਸਾਨੀ ਦੇ ਕਰਜ਼ਈ ਹੋਣ ਵਿੱਚ ਨਿਕਲਿਆ ਹੈ। ਦੂਸਰੇ, ਕੀਮਤ ਕੰਡਾ ਕਾਰਪੋਰੇਟ ਦੇ ਹਿੱਤ ਵਿੱਚ ਝੁਕਿਆ ਹੋਇਆ ਹੈ। ਸਨਅਤੀ ਖੇਤਰ ਦੀ ਪੈਦਾਵਾਰ, ਖੇਤੀ ਲਾਗਤ ਵਸਤਾਂ ਦੀਆਂ ਕੀਮਤਾਂ ਵਿੱਚ 1967 ਤੋਂ ਲੈ ਕੇ ਖੇਤੀ ਵਸਤਾਂ ਦੀਆਂ ਕੀਮਤਾਂ ਨਾਲੋਂ ਢਾਈ ਤੋਂ ਚਾਰ ਗੁਣਾ ਤੱਕ ਵਾਧਾ ਹੋਇਆ ਹੈ। ਇਸ ਨਾਲ ਖੇਤੀ ਘਾਟੇਵੰਦਾ ਧੰਦਾ ਬਣ ਗਿਆ ਹੈ। ਇਹ ਖੇਤੀ ਸੰਕਟ ਦਾ ਦੂਸਰਾ ਵੱਡਾ ਕਾਰਨ ਹੈ। ਤੀਸਰੇ ਇਹ ਖੇਤੀ ਮਾਡਲ ਵੱਡੇ ਫਾਰਮਾਂ ਲਈ ਹੈ। ਪੰਜਾਬ ਦੀ ਛੋਟੀ ਮਾਲਕੀ ਵਾਲੀ ਖੇਤੀ ਤੇ ਠੋਸਿਆ ਮਾਡਲ ਸੰਕਟ ਦਾ ਕਾਰਨ ਹੈ। ਇਸ ਲਈ ਖੇਤੀ ਸੰਕਟ ਦੇ ਹੱਲ ਲਈ ਸਥਾਨਕ ਹਾਲਤਾਂ ਅਨੁਸਾਰੀ ਖੇਤੀ ਮਾਡਲ ਬਣਾਉਣਾ ਤੇ ਲਾਗੂ ਕਰਨਾ ਹੈ। ਦੂਸਰੇ ਖੇਤੀ ਵਸਤਾਂ ਦੇ ਭਾਅ ਸੀ2+50 ਵਾਲੇ ਸਵਾਮੀਨਾਥਨ ਦੇ ਫਾਰਮੂਲੇ ਅਨੁਸਾਰ ਮਿੱਥੇ ਜਾਣ। ਕਿਸਾਨੀ ਦੇ ਕਰਜ਼ੇ ਮੁਆਫ਼ ਕੀਤੇ ਜਾਣ। ਸੰਕਟ ਦਾ ਸਭ ਤੋਂ ਵਧੇਰੇ ਬੋਝ ਛੋਟੇ, ਗ਼ਰੀਬ ਅਤੇ ਬੇਜ਼ਮੀਨੇ ਕਿਸਾਨਾਂ ਤੇ ਹੈ। ਇਸ ਕਰਕੇ ਜ਼ਮੀਨ ਦੀ ਮੁੜ-ਵੰਡ ਕਰਕੇ, ਵਾਫ਼ਰ ਜ਼ਮੀਨ ਦਲਿਤਾਂ, ਬੇਜ਼ਮੀਨੇ ਤੇ ਗ਼ਰੀਬ ਕਿਸਾਨਾਂ ਵਿਚ ਵੰਡੀ ਜਾਵੇ ਪਰ ਇਹ ਪ੍ਰੋਗਰਾਮ ਕਿਸੇ ਵੀ ਪਾਰਟੀ ਦਾ ਨਹੀਂ।

ਦੂਜਾ ਵੱਡਾ ਮਸਲਾ ਬੇਰੁਜ਼ਗਾਰੀ ਹੈ। ਨਸ਼ੇ, ਵਿਦੇਸ਼ਾਂ ਨੂੰ ਪਰਵਾਸ ਅਤੇ ਗੁੰਡਾ ਗਰੋਹ ਇਸੇ ਦੀ ਪੈਦਾਵਾਰ ਹਨ। ਬੇਰੁਜ਼ਗਾਰੀ ਦਾ ਹੱਲ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨਾ ਹੈ। ਰੁਜ਼ਗਾਰ ਦਾ ਬੁਨਿਆਦੀ ਸੋਮਾ ਪੈਦਾਵਾਰ ਹੈ। ਚਿੱਟ-ਕਪੜੀਆ ਰੁਜ਼ਗਾਰ ਵੀ ਇਸੇ ਬੁਨਿਆਦ ਦੁਆਲੇ ਹੀ ਪੈਦਾ ਹੁੰਦਾ ਹੈ। ਜ਼ਮੀਨ ਲਗਭਗ ਸਾਰੀ ਵਾਹੀ ਹੇਠ ਹੈ। ਇਹ ਵਧ ਨਹੀਂ ਸਕਦੀ ਬਲਕਿ ਸੜਕਾਂ ਅਤੇ ਉਸਾਰੀ ਹੇਠ ਆਉਣ ਨਾਲ ਘਟ ਰਹੀ ਹੈ। ਪੇਂਡੂ ਖੇਤਰ ਵਿੱਚ ਬਹੁਤ ਸਾਰੀ ਅਰਧ ਬੇਰੁਜ਼ਗਾਰੀ ਅਤੇ ਲੁਕਵੀਂ ਬੇਰੁਜ਼ਗਾਰੀ ਹੈ। ਇਸ ਦਾ ਇਕੋ ਇੱਕ ਹੱਲ ਪੰਜਾਬ ਦਾ ਸਨਅਤੀਕਰਨ ਹੈ। ਇਸ ਦੇ ਰਾਹ ਵਿੱਚ ਵੱਡੀ ਰੁਕਾਵਟ ਹੈ ਕਿ ਤਕਨੀਕ, ਕੱਚੇ ਮਾਲ ਦੇ ਸੋਮੇ ਅਤੇ ਮੰਡੀ ਉੱਤੇ ਸਾਮਰਾਜੀ ਅਤੇ ਉਸ ਦੇ ਜੋਟੀਦਾਰ ਭਾਰਤੀ ਕਾਰਪੋਰੇਟ ਦਾ ਏਕਾਧਿਕਾਰ ਹੈ। ਪੰਜਾਬ ਖੇਤੀ ਆਧਾਰਿਤ ਸਨਅਤਾਂ ਦਾ ਆਧਾਰ ਤਾਂ ਹੈ ਪਰ ਤਕਨੀਕ ਅਤੇ ਮੰਡੀ ਤੇ ਬਹੁਕੌਮੀ ਕੰਪਨੀਆਂ ਦਾ ਕਬਜ਼ਾ ਹੋਣ ਕਰ ਕੇ ਇਹ ਸਨਅਤ ਟਿਕ ਨਹੀਂ ਸਕਦੀ।

ਇਸ ਦਾ ਹੱਲ ਪੰਜਾਬ ਵਿਚ ਨਹੀਂ, ਇਹ ਹੱਲ ਭਾਰਤ ਸਰਕਾਰ ਹੀ ਕਰ ਸਕਦੀ ਹੈ ਪਰ ਡਾਕਟਰ ਮਨਮੋਹਨ ਸਿੰਘ ਵੱਲੋਂ ਨਵੀਂ ਆਰਥਿਕ ਨੀਤੀ ਅਤੇ ਸੰਸਾਰ ਵਪਾਰ ਸੰਗਠਨ ਬਣਨ ਨਾਲ, ਦੇਸੀ ਵਿਦੇਸ਼ੀ ਕਾਰਪੋਰੇਟ ਤੇ ਜਿਹੜੀਆਂ ਥੋੜ੍ਹੀਆਂ ਬਹੁਤ ਰੋਕਾਂ ਸਨ, ਉਹ ਵੀ ਖਤਮ ਕਰ ਦਿੱਤੀਆਂ। ਏਕਾਧਿਕਾਰ ਰੋਕੂ ਕਾਨੂੰਨ ਅਤੇ ਕਮਿਸ਼ਨ ਖਤਮ ਕਰ ਦਿੱਤੇ। ਵਿਦੇਸ਼ੀ ਦਰਾਮਦ 'ਤੇ ਮਾਤਰਿਕ ਰੋਕਾਂ ਖਤਮ ਕਰ ਦਿੱਤੀਆਂ, ਡਿਊਟੀ ਘਟਾ ਦਿੱਤੀ। ਘਰੇਲੂ, ਛੋਟੇ ਅਤੇ ਦਰਮਿਆਨੇ ਉਦਯੋਗ ਲਈ ਰਿਜ਼ਰਵ ਖੇਤਰਾਂ ਨੂੰ ਡੀ-ਰਿਜ਼ਰਵ ਕਰ ਦਿੱਤਾ ਗਿਆ ਹੈ। ਜਨਤਕ ਖੇਤਰ ਨੂੰ ਕੌਡੀਆਂ ਦੇ ਭਾਅ ਕਾਰਪੋਰੇਟ ਹਵਾਲੇ ਕੀਤਾ ਜਾ ਰਿਹਾ ਹੈ। ਇਸ ਨੀਤੀ ਢਾਂਚੇ ਵਿੱਚ ਪੰਜਾਬ ਦਾ ਸਨਅਤੀਕਰਨ ਕਿਸੇ ਹਾਲਤ ਵਿਚ ਵੀ ਸੰਭਵ ਨਹੀਂ। ਇਸ ਦਾ ਇਕੋ ਹੱਲ ਹੈ ਕਿ ਵਿਦੇਸ਼ੀ ਕਾਰਪੋਰੇਟ ਅਤੇ ਉਸ ਦੇ ਸੰਗੀ ਦੇਸੀ ਕਾਰਪੋਰੇਟ ਦਾ ਸਰਮਾਇਆ ਜ਼ਬਤ ਕੀਤਾ ਜਾਵੇ। ਕੌਮੀ ਮੁੜ-ਨਿਰਮਾਣ ਨੀਤੀ ਲਿਆਂਦੀ ਜਾਵੇ। ਕੌਮਾਂਤਰੀ ਵਪਾਰ ਬਰਾਬਰੀ ਦੇ ਅਧਾਰ 'ਤੇ ਕੀਤਾ ਜਾਵੇ। ਸਵੈ-ਨਿਰਭਰ ਵਿਕਾਸ ਨੂੰ ਕੌਮੀ ਨਿਸ਼ਾਨਾ ਮਿੱਥਿਆ ਜਾਵੇ।

ਕੀ ਹੱਲ ਹੋਵੇ?

ਸਭ ਲਈ ਵਧੀਆ ਸਿੱਖਿਆ ਤੇ ਸਿਹਤ ਅਤੇ ਬਿਨਾ ਕਿਸੇ ਮੁਨਾਫੇ ਤੋਂ, ਵਿਸ਼ਾਲ ਜਨ-ਸਮੂਹ ਦਾ ਬੁਨਿਆਦੀ ਮੁੱਦਾ ਹੈ। ਇਸ ਸਮੇਂ ਕੁਆਲਿਟੀ ਸਿੱਖਿਆ ਅਤੇ ਸਿਹਤ ਮੰਡੀ ਦੀਆਂ ਵਸਤੂਆਂ ਬਣੀਆਂ ਹੋਈਆਂ ਹਨ। ਇਨ੍ਹਾਂ ਖੇਤਰਾਂ, ਖ਼ਾਸਕਰ ਸਿਹਤ ਦੇ ਖੇਤਰ ਵਿੱਚ ਕਾਰਪੋਰੇਟ ਦਾ ਬੋਲਬਾਲਾ ਹੈ। ਇਸ ਦਾ ਇਕੋ ਹੱਲ ਹੈ ਕਿ ਸਾਰੀਆਂ ਜਨਤਕ ਸੇਵਾਵਾਂ ਨੂੰ ਸਰਕਾਰੀ ਖੇਤਰ ਵਿੱਚ ਲਿਆਂਦਾ ਜਾਵੇ, ਕੌਮੀਕਰਨ ਕੀਤਾ ਜਾਵੇ। ਨਿੱਜੀਕਰਨ ਦੀਆਂ ਨੀਤੀਆਂ ਨੂੰ ਬੁਨਿਆਦੀ ਮੋੜਾ ਦਿੱਤੇ ਬਿਨਾ ਇਹ ਸੰਭਵ ਨਹੀਂ। ਇਸ ਕਰ ਕੇ ਇਹ ਕਿਸੇ ਪਾਰਟੀ ਦਾ ਏਜੰਡਾ ਨਹੀਂ।

ਪੰਜਾਬ ਦੇ ਪਾਣੀਆਂ ਤੇ ਪੰਜਾਬ ਦਾ ਹੱਕ ਤਸਲੀਮ ਕਰਨਾ ਚਾਹੀਦਾ ਹੈ। ਪਹਿਲਾਂ ਦਿੱਤੇ ਜਾ ਰਹੇ ਪਾਣੀ ਦੀ ਰਾਇਲਟੀ ਮਿਲਣੀ ਚਾਹੀਦੀ ਹੈ। ਪੰਜਾਬ ਦੇ ਹੈੱਡ ਵਰਕਸ ਪੰਜਾਬ ਦੇ ਹਵਾਲੇ ਕੀਤੇ ਜਾਣ। ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿੱਚ ਮਿਲਾਏ ਜਾਣ। ਪੰਜਾਬੀ ਭਾਸ਼ਾ ਹਰ ਪੱਧਰ ਤੇ ਲਾਗੂ ਹੋਵੇ ਪਰ ਇਹ ਕਿਸੇ ਪਾਰਟੀ ਦਾ ਏਜੰਡਾ ਨਹੀਂ। ਮੁਲਕ ਦਾ ਸਿਆਸੀ ਪ੍ਰਬੰਧ ਨਿਘਾਰ ਵੱਲ ਜਾ ਰਿਹਾ ਹੈ। ਕਿਸੇ ਸਮੇਂ ਛਲਾਵਾ ਦੇਣ ਦੀ ਪੱਧਰ 'ਤੇ ਹੀ ਸਹੀ ਪਰ ਮੁੱਦਿਆਂ ਦੀ ਸਿਆਸਤ ਹੁੰਦੀ ਸੀ। ਇੰਦਰਾ ਗਾਂਧੀ ਨੇ ਕੌਮੀਕਰਨ ਤੇ ਜਮਹੂਰੀ ਸਮਾਜਵਾਦ ਦੇ ਨਾਅਰੇ ਨਾਲ ਚੋਣ ਜਿੱਤੀ। 1977 'ਚ ਚੋਣ ਫਾਸ਼ੀਵਾਦ ਬਨਾਮ ਜਮਹੂਰੀਅਤ ਦੇ ਮੁੱਦੇ ਤੇ ਹੋਈ ਪਰ 1980 ਤੱਕ ਇਨ੍ਹਾਂ ਮੁੱਦਿਆਂ ਦਾ ਹੀਜ-ਪਿਆਜ ਨੰਗਾ ਹੋ ਗਿਆ। 1980 ਦੀ ਚੋਣ 'ਸਰਕਾਰ ਚੁਣੋ ਜੋ ਕੰਮ ਕਰੇ' ਦੇ ਨਾਅਰੇ ਨਾਲ ਜਿੱਤੀ ਗਈ। ਅਗਲੇ ਦਹਾਕਿਆਂ ਵਿਚ ਬੁਨਿਆਦੀ ਮੁੱਦਿਆਂ ਤੋਂ ਹਟ ਕੇ ਗੱਲ ਭ੍ਰਿਸ਼ਟਾਚਾਰ ਜਿਹੇ ਮੁੱਦਿਆਂ ਤੇ ਟਿਕੀ ਰਹੀ। 1983 ਤੋਂ ਸਿਆਸਤ ਵਿਚ ਫਿ ?ਰਕਾਪ੍ਰਸਤੀ ਦਾ ਬੋਲਬਾਲਾ ਸ਼ੁਰੂ ਹੋ ਗਿਆ। ਕਾਂਗਰਸ ਨੇ 1984 ਦੀ ਚੋਣ ਬਹੁਗਿਣਤੀ ਸ਼ਾਵਨਵਾਦ ਵਰਤ ਕੇ ਜਿੱਤੀ। ਇੱਕੀਵੀਂ ਸਦੀ ਵਿਚ ਬਹੁਗਿਣਤੀ ਸ਼ਾਵਨਵਾਦ ਦੇ ਹਥਿਆਰ ਦੀ ਵਰਤੋਂ ਲਈ ਕਾਂਗਰਸ-ਭਾਜਪਾ ਮੁਕਾਬਲਾ ਚੱਲਦਾ ਰਿਹਾ ਅਤੇ ਜਿੱਤ ਭਾਜਪਾ ਦੀ ਹੋਈ। ਹੁਣ ਮੁੱਦੇ ਪਿਛਾਂਹ ਛੁੱਟ ਗਏ ਹਨ।








# ਕੌਣ ਸੁਣੇਗਾ 'ਮੌਨਸੂਨ ਦੀਆਂ ਦੁਲਹਣਾਂ' ਦਾ ਦਰਦ?

## 2022 ਦੇ ਵੱਡੇ ਹੜ੍ਹਾਂ ਤੋਂ ਬਾਅਦ ਸ਼ੁਰੂ ਹੋ ਗਈ ਹੈ 'ਮੌਨਸੂਨ ਬ੍ਰਾਈਡਲ' ਨਾਮ ਦੀ ਨਵੀਂ ਪਰੰਪਰਾ

## ਹੜ੍ਹਾਂ ਦੌਰਾਨ ਪਾਕਿਸਤਾਨ ਵਿੱਚ ਨਾਬਾਲਗ ਲੜਕੀਆਂ ਦਾ ਅਧਖੜ ਮਰਦਾਂ ਨਾਲ ਕਰ ਦਿੱਤਾ ਜਾਂਦਾ ਹੈ ਵਿਆਹ

### ਯੂਨੀਸੈਫ ਦੀ ਇੱਕ ਰਿਪੋਰਟ ਕਰਦੀ ਹੈ ਇਸ ਸਭ ਦੀ ਪੁਸ਼ਟੀ





ਇੱਕ ਪਾਸੇ ਦੁਨੀਆਂ ਭਰ ਦੇ ਵਿਗਿਆਨੀ 'ਚੰਦ' ਉੱਪਰ ਮਨੁੱਖੀ ਬਸਤੀਆਂ ਵਸਾਉਣ ਦੇ ਯਤਨ ਕਰ ਰਹੇ ਹਨ, ਉਥੇ ਹੁਣ ਪਾਕਿਸਤਾਨ ਵਿੱਚ 'ਮੌਨਸੂਨ ਬ੍ਰਾਈਡਲ' ਨਾਮ ਦੀ ਨਵੀਂ ਪਰੰਪਰਾ ਸ਼ੁਰੂ ਹੋ ਗਈ ਹੈ, ਜੋ ਕਿ 'ਬਾਲ ਵਿਆਹ' ਵਰਗੀ ਪੁਰਾਤਨ ਕੁਪ੍ਰਥਾ ਵਰਗੀ ਹੀ ਹੈ। ਮੌਨਸੂਨ ਬ੍ਰਾਈਡਲ ਨੂੰ 'ਮੌਨਸੂਨ ਦੀਆਂ ਦੁਲਹਣਾਂ' ਵੀ ਕਿਹਾ ਜਾਂਦਾ ਹੈ। 'ਮੌਨਸੂਨ ਬ੍ਰਾਈਡਲ' ਨਾਮ ਦੀ ਇਹ ਕੁਪ੍ਰਥਾ ਕੋਈ ਜਿਆਦਾ ਪੁਰਾਣੀ ਨਹੀਂ ਹੈ ਸਗੋਂ ਇਸ ਦਾ ਜਨਮ ਪਾਕਿਸਤਾਨ ਵਿੱਚ ਸਿਰਫ਼ ਦੋ ਤਿੰਨ ਸਾਲ ਪਹਿਲਾਂ ਹੀ ਹੋਇਆ ਹੈ। ਅਸਲ ਵਿੱਚ ਸਾਲ 2022 ਵਿੱਚ ਪਾਕਿਸਤਾਨ ਵਿੱਚ ਵੱਡੇ ਹੜ੍ਹ ਆਏ ਸਨ, ਜਿਸ ਕਾਰਨ ਪਾਕਿਸਤਾਨ ਦੇ ਕਈ ਇਲਾਕਿਆਂ ਵਿੱਚ ਵੱਡੀ ਗਿਣਤੀ ਲੋਕਾਂ ਦੇ ਘਰ ਤਬਾਹ ਹੋ ਗਏ ਸਨ, ਜਿਸ ਕਰਕੇ ਉਹਨਾਂ ਨੂੰ ਰਹਿਣ ਲਈ ਘਰ ਅਤੇ ਖਾਣ ਲਈ ਰੋਟੀ ਦਾ ਜੁਗਾੜ ਕਰਨਾ ਮੁਸ਼ਕਿਲ ਹੋ ਗਿਆ ਸੀ। ਅਜਿਹੇ ਸਮੇਂ ਵਿੱਚ ਹੀ 'ਮੌਨਸੂਨ ਬ੍ਰਾਈਡਲ' ਨਾਮ ਦੀ ਕੁਪ੍ਰਥਾ ਦਾ ਜਨਮ ਹੋਇਆ। ਉਸ ਸਮੇਂ ਹੜ੍ਹਾਂ ਵਿੱਚ ਉੱਜੜੇ ਲੋਕਾਂ ਨੇ ਆਪਣੀ ਰੋਟੀ ਦੇ ਜੁਗਾੜ ਲਈ ਆਪਣੀਆਂ ਨਾਬਾਲਗ ਧੀਆਂ ਨੂੰ ਅਮੀਰ ਪਰ ਅਧਖੜ ਉਮਰ ਦੇ ਵਿਅਕਤੀਆਂ ਨਾਲ ਵਿਆਹੁਣਾ ਸ਼ੁਰੂ ਕਰ ਦਿੱਤਾ, ਬਦਲੇ ਵਿੱਚ ਉਹਨਾਂ ਨੂੰ ਅਮੀਰਾਂ ਵੱਲੋਂ ਕੁਝ ਰਕਮ ਦਿੱਤੀ ਜਾਣ ਲੱਗੀ। ਉਸ ਸਮੇਂ ਤੋਂ ਬਾਅਦ ਹਰ ਸਾਲ ਹੀ ਮੌਨਸੂਨ ਵਿੱਚ ਪਾਕਿਸਤਾਨ ਵਿੱਚ ਹੜ੍ਹ ਆਉਣ ਦੌਰਾਨ 'ਮੌਨਸੂਨ ਬ੍ਰਾਈਡਲ' ਕੁਪ੍ਰਥਾ ਸ਼ੁਰੂ ਹੋ ਜਾਂਦੀ ਹੈ ਅਤੇ ਅਨੇਕਾਂ ਲੋਕ ਆਪਣੀਆਂ ਧੀਆਂ ਦੇ ਵਿਆਹ ਅਮੀਰ ਪਰ ਅਧਖੜ ਉਮਰ ਦੇ ਲੋਕਾਂ ਨਾਲ ਕਰ ਦਿੰਦੇ ਹਨ। ਮੀਡੀਆ ਰਿਪੋਰਟਾਂ ਅਨੁਸਾਰ ਇਹ ਅਮੀਰ ਲਾੜੇ ਧੀਆਂ ਦੇ ਮਾਪਿਆਂ ਨੂੰ ਦੋ ਲੱਖ ਅਮਰੀਕੀ ਰੁਪਏ ਜਾਂ 720 ਡਾਲਰ ਦਿੰਦੇ ਹਨ। ਪਾਕਿਸਤਾਨ ਦੇ ਵੱਡੀ ਗਿਣਤੀ ਲੋਕ ਇੱਕ ਡਾਲਰ ਜਾਂ ਸਿਰਫ਼ 80 ਰੁਪਏ ਵਿੱਚ ਆਪਣਾ ਦਿਨ ਗੁਜ਼ਾਰ ਲੈਂਦੇ ਹਨ। ਅਜਿਹੇ ਲੋਕਾਂ ਲਈ 720 ਡਾਲਰ ਦੀ ਰਕਮ ਬਹੁਤ ਹੁੰਦੀ ਹੈ। ਇਸ ਤੋਂ ਇਲਾਵਾ ਇਹ ਰਕਮ ਘਟਦੀ ਵੱਧਦੀ ਵੀ ਰਹਿੰਦੀ ਹੈ।



ਪਾਕਿਸਤਾਨ ਵਿੱਚ ਇਸ ਸਮੇਂ ਬਰਸਾਤ ਦਾ ਮੌਸਮ ਚੱਲ ਰਿਹਾ ਹੈ। ਪਰ ਇਸ ਵਾਰ ਵੀ ਇਹ ਮੌਸਮ ਪਾਕਿਸਤਾਨ ਦੀਆਂ ਮੁਟਿਆਰਾਂ ਲਈ ਕਿਸੇ ਸਮੱਸਿਆ ਤੋਂ ਘੱਟ ਨਹੀਂ ਹੈ। ਪਾਕਿਸਤਾਨ ਦੇ ਸਿੰਧ ਇਲਾਕੇ ਵਿੱਚ ਅਜਿਹੀਆਂ ਘਟਨਾਵਾਂ ਤੇਜ਼ੀ ਨਾਲ ਵੱਧ ਰਹੀਆਂ ਹਨ, ਜਿਨ੍ਹਾਂ ਵਿੱਚ ਲੋਕ ਨਾਬਾਲਗ ਧੀਆਂ ਨੂੰ ਅਧਖੜ ਪਰ ਅਮੀਰ ਲੋਕਾਂ ਨਾਲ ਵਿਆਹ ਰਹੇ ਹਨ। ਸਿੰਧ ਸੂਬੇ ਦੇ ਖਾਨ ਮੁਹੰਮਦ ਮੱਲਾਹ ਵਰਗੇ ਪਿੰਡਾਂ ਵਿੱਚ ਅਜਿਹੇ ਮਾਮਲੇ ਲਗਾਤਾਰ ਵਧ ਰਹੇ ਹਨ। ਪਾਕਿਸਤਾਨ ਵਿੱਚ ਲੜਕੀ ਦੀ ਵਿਆਹ ਦੀ ਉਮਰ ਵੱਖ -ਵੱਖ ਇਲਾਕਿਆਂ ਵਿੱਚ 16 ਤੋਂ 18 ਸਾਲ ਦੇ ਵਿਚਾਲੇ ਹੈ ਪਰ ਮੌਨਸੂਨ ਦੌਰਾਨ ਹੁਣ ਪਾਕਿਸਤਾਨ ਦੇ ਕਈ ਇਲਾਕਿਆਂ ਵਿੱਚ 13-14 ਸਾਲ ਦੀਆਂ ਕੁੜੀਆਂ ਦਾ ਵਿਆਹ ਕਰ ਦਿੱਤਾ ਜਾਂਦਾ ਹੈ।

ਅਸਲ ਵਿੱਚ ਗਰੀਬੀ, ਮਜਬੂਰੀ ਅਤੇ ਲਾਚਾਰੀ ਅਜਿਹੀਆਂ ਸਮੱਸਿਆਵਾਂ ਹਨ, ਜਿਨ੍ਹਾਂ ਕਾਰਨ ਗਰੀਬ ਲੋਕ ਆਪਣੀਆਂ ਜਿਗਰ ਦੇ ਟੋਟੇ ਸਮਝੀਆਂ ਜਾਂਦੀਆਂ ਖੂਬਸੂਰਤ ਧੀਆਂ ਨੂੰ ਹੀ ਜਵਾਨ ਹੋਣ ਤੋਂ ਪਹਿਲਾਂ ਹੀ ਅਧਖੜ ਪਰ ਅਮੀਰ ਲੋਕਾਂ ਨਾਲ ਵਿਆਹੁਣ ਲਈ ਮਜਬੂਰ ਹੋ ਜਾਂਦੇ ਹਨ। ਅਸਲ ਵਿੱਚ ਮੌਨਸੂਨ ਦੇ ਬੱਦਲ ਕਈਆਂ ਲਈ ਖੁਸ਼ੀਆਂ ਅਤੇ ਕਈਆਂ ਲਈ ਮੁਸੀਬਤਾਂ ਲਿਆਉਂਦੇ ਹਨ ਪਰ ਇਹ ਪਾਕਿਸਤਾਨ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਨਾਬਾਲਗ ਲੜਕੀਆਂ ਲਈ ਨਰਕ ਦਾ ਦਰਵਾਜ਼ਾ ਖੋਲ੍ਹਦੇ ਹਨ। ਪਾਕਿਸਤਾਨ ਦੇ ਵੱਡੀ ਗਿਣਤੀ ਇਲਾਕਿਆਂ ਵਿੱਚ ਮੌਨਸੂਨ ਵੱਡੀ ਗਿਣਤੀ ਪਰਿਵਾਰਾਂ ਲਈ ਅਜਿਹੀ ਮੁਸੀਬਤ ਬਣ ਜਾਂਦੀ ਹੈ ਕਿ ਇਸ ਨੂੰ ਦੂਰ ਕਰਨਾ ਵੱਡੀ ਚੁਣੌਤੀ ਬਣ ਜਾਂਦਾ ਹੈ। ਮੌਨਸੂਨ ਤੋਂ ਬਾਅਦ ਵੀ ਜੀਵਨ ਜਾਰੀ ਰੱਖਣ ਲਈ ਇਨ੍ਹਾਂ ਪਰਿਵਾਰਾਂ ਨੂੰ ਕਿਸੇ ਨਾ ਕਿਸੇ ਮੈਂਬਰ ਦੀ ਜਾਨ ਦਾਅ 'ਤੇ ਲਗਾਉਣੀ ਪੈਂਦੀ ਹੈ। ਜਿਵੇਂ ਕਿ ਸਾਰੇ ਪਿਤਾ-ਪੁਰਖੀ ਸਮਾਜਾਂ ਦਾ ਅਣਲਿਖਿਆ ਕਾਨੂੰਨ ਹੈ, ਜ਼ਿੰਦਗੀ ਦਾਅ 'ਤੇ ਲਗਾਉਣ ਦੀ ਇਹ ਜ਼ਿੰਮੇਵਾਰੀ ਕੁੜੀਆਂ 'ਤੇ ਆਉਂਦੀ ਹੈ। ਪਰਿਵਾਰ ਆਪਣੀਆਂ ਨਾਬਾਲਗ ਧੀਆਂ ਨੂੰ ਵਿਆਹ ਦੀ ਮੰਗ ਕਰਨ ਵਾਲੇ ਅੱਧਖੜ੍ਹ ?ਉਮਰ ਦੇ ਮਰਦਾਂ ਨੂੰ ਮਹਿੰਗੇ ਭਾਅ 'ਤੇ ਵੇਚ ਦਿੰਦੇ ਹਨ। ਉੱਚ ਕੀਮਤ ਦਾ ਕੀ ਮਤਲਬ ਹੈ ? ਔਸਤਨ ਦੋ ਲੱਖ ਪਾਕਿਸਤਾਨੀ ਰੁਪਏ।

ਯੂਨੀਸੇਫ ਦੀ ਇੱਕ ਰਿਪੋਰਟ ਇਸ ਸਭ ਦੀ ਪੁਸ਼ਟੀ ਕਰਦੀ ਹੈ ਅਤੇ ਕਹਿੰਦੀ ਹੈ ਕਿ 2022 ਦੇ ਹੜ੍ਹ ਤੋਂ ਬਾਅਦ ਪਾਕਿਸਤਾਨ ਵਿੱਚ ਨਾਬਾਲਗ ਕੁੜੀਆਂ ਦੇ ਵਿਆਹ ਵਿੱਚ ਅੰਦਾਜ਼ਨ 18 ਫੀਸਦੀ ਵਾਧਾ ਹੋਇਆ ਹੈ। ਦੂਜੇ ਸ਼ਬਦਾਂ ਵਿੱਚ, ਇਸਦਾ ਅਰਥ ਹੈ ਪਿਛਲੇ ਪੰਜ ਸਾਲਾਂ ਦੀ ਤਰੱਕੀ ਨੂੰ ਰੱਦ ਕਰਨਾ। ਪਰ ਅੰਕੜੇ ਆਪਣੀ ਥਾਂ ਰੱਖਦੇ ਹਨ। ਸਭ ਤੋਂ ਕੌੜੀ ਸੱਚਾਈ ਇਹ ਹੈ ਕਿ ਇਸ ਤਰ੍ਹਾਂ ਵਿਕਣ ਵਾਲੀਆਂ ਕੁੜੀਆਂ ਦੀ ਜ਼ਿੰਦਗੀ ਦਾ ਅੱਗੇ ਕੀ ਹੋਵੇਗਾ ?, ਇਹ ਸੋਚਣ ਦਾ ਕਿਸੇ ਕੋਲ ਸਮਾਂ ਨਹੀਂ ਹੈ। ਪਰਿਵਾਰ ਆਪਣੀ ਜਾਨ ਦੀ ਕੀਮਤ 'ਤੇ ਕੁਝ ਮਹੀਨਿਆਂ ਦੀ ਰਾਹਤ ਖਰੀਦ ਕੇ ਸੰਤੁਸ਼ਟ ਹੈ, ਜਿਸ ਵਿਅਕਤੀ ਨੇ ਉਨ੍ਹਾਂ ਨੂੰ ਖ਼ਰੀਦਿਆ ਹੈ, ਉਸ ਲਈ ਉਨ੍ਹਾਂ ਦੀ ਕੀਮਤ ਬਾਜ਼ਾਰ ਵਿੱਚ ਵਿਕਣ ਵਾਲੀ ਵਸਤੂ ਤੋਂ ਵੱਧ ਨਹੀਂ ਹੈ ਅਤੇ ਇਸ ਸਭ ਕੁਝ ਨੂੰ ਕੁਦਰਤੀ ਆਫ਼ਤ 'ਤੇ ਜ਼ਿੰਮੇਵਾਰ ਠਹਿਰਾਉਣ ਦੀ ਸਹੂਲਤ ਹੈ। ਇਥੋਂ ਦੇ ਲੋਕ ਮੌਨਸੂਨ ਬ੍ਰਾਈਡਲ ਪ੍ਰਥਾ ਦੀ ਸਾਰੀ ਜ਼ਿੰਮੇਵਾਰੀ ਮੌਨਸੂਨ ਦੌਰਾਨ ਆਉਂਦੇ ਹੜ੍ਹਾਂ 'ਤੇ ਸੁੱਟ ਦਿੰਦੇ ਹਨ।

ਪਰ ਕੀ ਕਿਸੇ ਨੇ ਉਹਨਾਂ ਕੁੜੀਆਂ ਦਾ ਦਰਦ ਮਹਿਸੂਸ ਕੀਤਾ ਹੈ ?, ਜਿਨ੍ਹਾਂ ਕੁੜੀਆਂ ਨੂੰ ਜਵਾਨ ਹੋਣ ਤੋਂ ਪਹਿਲਾਂ ਹੀ ਅਲ੍ਹੜ ਉਮਰ ਵਿੱਚ ਆਪਣੇ ਹਾਣ ਦੇ ਮਾਹੀ ਦੀ ਥਾਂ ਅਧਖੜ ਜਾਂ ਬੁੱਢੇ ਆਦਮੀ ਨਾਲ ਵਿਆਹ ਦਿੱਤਾ ਜਾਂਦਾ ਹੈ। ਅਜਿਹੇ ਵਿਆਹ ਕਰਵਾਉਣ ਵਾਲੀਆਂ ਕੁੜੀਆਂ ਦੀਆਂ ਸਾਰੀਆਂ ਸੱਧਰਾਂ ਤੇ ਚਾਅ ਮਰ ਜਾਂਦੇ ਹਨ। ਉਹਨਾਂ ਦੇ ਬੁਢੜੇ ਕੰਤ ਉਹਨਾਂ ਦੀਆਂ ਮਾਨਸਿਕ ਤੇ ਸਰੀਰਕ ਲੋੜਾਂ ਪੂਰੀਆਂ ਕਰਨ ਤੋਂ ਅਸਮਰਥ ਹੁੰਦੇ ਹਨ। ਅਜਿਹੀਆਂ ਮੁਟਿਆਰਾਂ ਆਪਣਾ ਦਰਦ ਵੀ ਕਿਸੇ ਨੂੰ ਬਿਆਨ ਨਹੀਂ ਕਰ ਸਕਦੀਆਂ। ਉਹ 'ਅੱਧੀ ਰਾਤੀਂ ਵੱਡੇ ਤੜਕੇ' ਬੁੱਲ ਮੀਟਦੀਆਂ ਤੇ ਹੌਂਕੇ ਭਰਦੀਆਂ ਆਪਣੀ ਜਿੰਦਗੀ 'ਤੇ ਰੋਂਦੀਆਂ ਹਨ। ਉਹਨਾਂ ਦੀਆਂ ਹਿੱਕਾਂ ਵਿੱਚ ਜਵਾਨੀ ਦੀ ਅੱਗ ਮੱਚਦੀ ਹੈ, ਜਿਸ ਦਾ ਕੋਈ ਧੂੰਆਂ ਤਾਂ ਨਹੀਂ ਹੁੰਦਾ ਪਰ ਸੇਕ ਬਹੁਤ ਹੁੰਦਾ ਹੈ। ਅਜਿਹੀਆਂ ਮੁਟਿਆਰਾਂ ਨੂੰ ਜਿਥੇ ਆਪਣੇ ਮਾਪਿਆਂ ਦੀ ਗਰੀਬੀ ਤੇ ਲਾਚਾਰੀ ਦਿਖਾਈ ਦਿੰਦੀ ਹੈ, ਉਥੇ ਉਹ ਸਮਾਜ ਦੇ ਠੇਕੇਦਾਰਾਂ ਅਤੇ ਅਜਿਹੀ ਕੁਪ੍ਰਥਾ ਸ਼ੁਰੂ ਕਰਨ ਵਾਲਿਆਂ ਨੂੰ ਵੀ ਕੋਸਦੀਆਂ ਹਨ।



ਗੁਲਾਬੀ ਸੁਪਨੇ ਲੈਣ ਵਾਲੀ ਜਿਹੜੀ ਅਲ੍ਹੜ ਉਮਰ ਵਿੱਚ ਇਹਨਾਂ ਮੁਟਿਆਰਾਂ ਨੇ ਸਕੂਲ/ਕਾਲਜਾਂ ਵਿੱਚ ਚੰਗੀ ਪੜ੍ਹਾਈ ਕਰਕੇ ਜ਼ਿੰਦਗੀ ਦੀ ਉੱਚੀ ਉਡਾਣ ਭਰਨੀ ਸੀ, ਉਸੇ ਉਮਰ ਵਿੱਚ ਹੀ ਉਹਨਾਂ ਦੇ ਵਿਆਹ ਕਰਕੇ ਉਹਨਾਂ ਦੇ ਉਡਾਣ ਭਰਨ ਵਾਲੇ ਖੰਭ ਹੀ ਕੁਤਰ ਦਿੱਤੇ ਗਏ। 'ਮੌਨਸੂਨ ਬ੍ਰਾਈਡਲ' ਪਰੰਪਰਾ ਦਾ ਸ਼ਿਕਾਰ ਇਹਨਾਂ ਮੁਟਿਆਰਾਂ ਦਾ ਭਵਿੱਖ ਕੀ ਹੋਵੇਗਾ ? ਇਸ ਬਾਰੇ ਸੋਚਣ ਲਈ ਸਮਾਂ ਨਾ ਤਾਂ ਇਹਨਾਂ ਦੇ ਮਾਪਿਆਂ ਕੋਲ ਹੈ, ਨਾ ਹੀ ਸਮਾਜ ਦੇ ਅਖੌਤੀ ਸੁਧਾਰਕਾਂ ਕੋਲ ਤੇ ਨਾ ਹੀ ਪਾਕਿਸਤਾਨ ਦੀ ਸਰਕਾਰ ਕੋਲ।

# ‘ਭਗਵਾਨ ਬਲਾਸ ਸੁਖਨਲ ਸਾਰ’

**ਡਾ. ਦਿਲਵਰ ਸਿੰਘ**
ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ
ਪੰਜਾਬ ਸਰਕਾਰ 9417306371



ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਿਤ ਬਾਵਾ ਭਗਵਾਨ ਦਾਸ ਕ੍ਰਿਤ ‘ਭਗਵਾਨ ਬਲਾਸ ਸੁਖਨਲ ਸਾਰ’ ਗ੍ਰੰਥ ਦਾ ਪਾਠ- ਸੰਪਾਦਨ, ਸ਼ਬਦਾਰਥ ਅਤੇ ਭਾਵਾਰਥ ਡਾ. ਪਰਮਵੀਰ ਸਿੰਘ ਅਤੇ ਡਾ. ਕੁਲਵਿੰਦਰ ਸਿੰਘ ਨੇ ਬੜੀ ਮਿਹਨਤ ਅਤੇ ਲਗਨ ਨਾਲ ਤਿਆਰ ਕੀਤਾ ਹੈ। ਇਸ ਗ੍ਰੰਥ ਦੇ ਕੁਲ 450 ਪੰਨੇ ਹਨ। ਇਸ ਗ੍ਰੰਥ ਵਿੱਚ ਬਾਵਾ ਭਗਵਾਨ ਦਾਸ ਜੀ ਰਚਿਤ 195 ਸਵਈਏ, 208 ਕਬਿਤ,16 ਦੋਹਰੇ,4 ਰੈਹਕਲੇ ਅਤੇ 31 ਸੀਹਰਫੀਆਂ ਦਰਜ ਹਨ। ਇਹ ਸਾਰਾ ਗ੍ਰੰਥ ਕਾਵਿ ਰੂਪ ਵਿੱਚ ਲਿਖਿਆ ਹੋਇਆ ਹੈ। ਬਾਵਾ ਭਗਵਾਨ ਦਾਸ ਜੀ ਨੇ ਇਸ ਗ੍ਰੰਥ ਦੀ ਸੰਪੂਰਨਤਾ 1903 ਈ. ਵਿੱਚ ਕੀਤੀ ਸੀ ਜੋ ਇਸ ਗ੍ਰੰਥ ਦੀ ਅੰਦਰਲੀ ਗਵਾਹੀ ਤੋਂ ਹੀ ਸਪਸ਼ਟ ਹੋ ਜਾਂਦਾ ਹੈ। ਇਸ ਗ੍ਰੰਥ ਦੀ ਲਿਪੀ ਗੁਰਮੁਖੀ ਵਰਤੀ ਗਈ ਹੈ ਪਰ ਅਨੇਕਾਂ ਭਾਸ਼ਾਵਾਂ ਦੇ ਸ਼ਬਦ ਜਿਵੇਂ ਪੰਜਾਬੀ, ਅਰਬੀ, ਫਾਰਸੀ, ਉਰਦੂ, ਅੰਗ੍ਰੇਜੀ, ਆਦਿ ਵਰਤੇ ਗਏ ਹਨ। ਬਾਵਾ ਦਾ ਭਾਵ ਹੈ ਸਾਧੂ। ਸੋ ਸਾਧੂ ਭਗਵਾਨ ਦਾਸ ਜੀ ਨੇ ਆਪਣੇ ਅਨੁਭਵ ਨੂੰ ਲਿਖਤੀ ਰੂਪ ਵਿੱਚ ਦਰਜ ਕਰਦਿਆਂ ਜੋ ਗ੍ਰੰਥ ਤਿਆਰ ਕੀਤਾ ਉਸ ਦਾ ਨਾਂ ‘ਭਗਵਾਨ ਬਲਾਸ ਸੁਖਨਲ ਸਾਰ’ ਰਖਿਆ। ਇਸ ਗ੍ਰੰਥ ਵਿੱਚ ਉਹਨਾਂ ਨੇ ਆਪਣਾ ਤਖਲਸ ਮੌਜਦਿਲ ਵੀ ਵਰਤਿਆ ਹੈ ਅਤੇ ਉਹਨਾਂ ਦੇ ਸ਼ਰਧਾਲੂ ਉਹਨਾਂ ਨੂੰ ‘ਰਾਜਾ ਸਾਹਿਬ’ ਨਾਲ ਸੰਬੋਧਨ ਕਰਦੇ ਸਨ ਅਤੇ ਕਰਦੇ ਹਨ ਅਤੇ ਉਹਨਾਂ ਦੀ ਯਾਦ ਵਿੱਚ ਜੋ ਗੁਰਦੁਆਰਾ ਸਾਹਿਬ ਹੈ ਉਸ ਦਾ ਨਾਂ ‘ਗੁਰਦੁਆਰਾ ਦੁਖ ਨਿਵਾਰਨ ਸ੍ਰੀ ਨਾਭ ਕੰਵਲ ਰਾਜਾ ਸਾਹਿਬ’ ਜੀ ਰਖਿਆ ਗਿਆ ਹੈ। ਸੁਖਨਲ ਸ਼ਬਦ ਵਿੱਚ ‘ਸੁਖ਼ਨ’ ਸ਼ਬਦ ਫਾਰਸੀ ਦਾ ਹੈ ਅਤੇ ਸੰਗਿਆ ਬੋਧਕ ਹੈ, ਜਿਸ ਦਾ ਭਾਵ ਹੈ ਬਚਨ, ਗਲ,ਬਾਤ, ਪਦ, ਛੰਦ। ‘ਸਾਰ’ ਸ਼ਬਦ ਵੀ ਸੰਗਿਆ ਹੈ ਅਤੇ ਜਿਸ ਦਾ ਭਾਵ ਹੈ ਕਿਸੇ ਵਸਤੂ ਦਾ ਰਸ/ਸਾਰ । ਸੁਖ਼ਨ ਵਾਂਗ ਹੀ ਦੂਜਾ ਸ਼ਬਦ ‘ਸਖੁਨ’ ਵੀ ਫਾਰਸੀ ਦਾ ਹੈ ਜਿਸ ਦਾ ਭਾਵ ਵੀ ਹੈ ਵਚਨ, ਬਾਤ, ਕਵਿਤਾ ਆਦਿ। ਇਸ ਤਰ੍ਹਾਂ ਇਸ ਦਾ ਸਮੁਚਾ ਭਾਵ ਹੈ ਕਿ ‘ਇਸ ਗ੍ਰੰਥ ਵਿੱਚ ਬਾਵਾ ਭਗਵਾਨ ਦਾਸ ਜੀ ਦੇ ਬਚਨਾਂ ਦਾ ਰਸ/ਸਾਰ ਹੈ’। ਸੁਖਨਲ ਸ਼ਬਦ ਨਾਲ ਜੋ ‘ਲ’ ਅਖਰ ਹੈ, ਮਹਿਸੂਸ ਹੁੰਦਾ ਹੈ ਕਿ ਇਹ ਸੁਖ਼ਨ ਸ਼ਬਦ ਨੂੰ ਬਹੁਵਚਨ ਬਣਾਉਣ ਲਈ ਲਗਾਇਆ ਗਿਆ ਹੋਵੇ ਕਿਉਂਕਿ ਕਵੀਜਨ ਆਪਣੇ ਨਵੇਂ ਸ਼ਬਦ ਘੜ ਕੇ ਵਰਤੋਂ ਵੀ ਕਰਦੇ ਹਨ। ਇਹਨਾਂ ਬਚਨਾਂ ਦੀ ਪ੍ਰਮੁਖ ਸੁਰ ਅਧਿਆਤਮਕ ਹੈ। ਇਹਨਾਂ ਬਚਨਾਂ ਉਤੇ ਗੁਰਬਾਣੀ ਦਾ ਹੀ ਵਧੇਰੇ ਪ੍ਰਭਾਵ ਹੈ। ਗੁਰਬਾਣੀ ਦਾ ਵਧੇਰੇ ਪ੍ਰਭਾਵ ਇਹ ਦਰਸਾਉਂਦਾ ਹੈ ਕਿ ਬਾਵਾ ਭਗਵਾਨ ਦਾਸ ਜੀ ਦਾ ਸਮੁਚਾ ਜੀਵਨ ਗੁਰਬਾਣੀ ਨੂੰ ਸਮਰਪਿਤ ਸੀ। ਦੋਹਾਂ ਵਿਦਵਾਨਾਂ ਨੇ ਇਸ ਗ੍ਰੰਥ ਦੀ ਭੂਮਿਕਾ ਵਿੱਚ ਬਾਵਾ ਭਗਵਾਨ ਦਾਸ ਜੀ ਦਾ ਜੀਵਨ, ਸੁਖਨਲ ਸਾਰ ਬਾਰੇ ਜਾਣਕਾਰੀ ਅਤੇ ਬਾਵਾ ਭਗਵਾਨ ਦਾਸ ਜੀ ਵਲੋਂ ਦਿਤੀਆਂ ਸਿਖਿਆਵਾਂ ਦਾ ਜਿਕਰ ਬਾਖੂਬੀ ਕੀਤਾ ਹੈ। ਜਿਸ ਤਰ੍ਹਾਂ ਕਿ ਇਸ ਗ੍ਰੰਥ ਦੇ ਸਿਰਲੇਖ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਇਸ ਗ੍ਰੰਥ ਦੇ ਮੂਲ-ਪਾਠ ਦਾ ਸੰਪਾਦਨ, ਸ਼ਬਦਾਰਥ ਅਤੇ ਭਾਵਾਰਥ ਦੋਹਾਂ ਵਿਦਵਾਨਾਂ ਨੇ ਤਿਆਰ ਕੀਤਾ ਹੈ ਜੋ ਕਿ ਕੋਈ ਸੁਖੈਨ ਕਾਰਜ ਨਹੀਂ ਸੀ। ਪਰ ਫਿਰ ਵੀ ਵਿਦਵਾਨਾਂ ਨੇ ਪਹਿਲਾਂ ਤਾਂ ਪੀ.ਡੀ.ਐਫ. ਰੂਪ ਵਿੱਚ ਗ੍ਰੰਥ ਦਾ ਮੂਲ ਪਾਠ ਪ੍ਰਾਪਤ ਕੀਤਾ ਜੋ ਅਸਲ ਹਥ ਲਿਖਤ ਦੀ ਫੋਟੋ ਕਾਪੀ ਹੈ, ਉਤਾਰਾ ਨਹੀਂ। ਜਿਸ ਕਰਕੇ ਇਸ ਵਿਚ ਗਲਤੀਆਂ ਦੀ ਸੰਭਾਵਨਾ ਦਾ ਕੋਈ ਡਰ ਨਹੀਂ ਭਾਪਿਆ ਅਤੇ ਉਹਨਾਂ ਨੇ ਲੜੀਵਾਰ ਗ੍ਰੰਥ ਨੂੰ ਪਦਛੇਦ ਕਰਨ ਦਾ ਕੰਮ ਵੀ ਕੀਤਾ ਹੈ। ਇਸ ਗ੍ਰੰਥ ਦੇ ਲੜੀਵਾਰ ਪਾਠ ਦੀ ਇੱਕ ਫੋਟੋ ਵੀ ਵਿਦਵਾਨਾਂ ਨੇ ਪਾਠਕਾਂ ਦੇ ਗਿਆਤ ਹਿਤ ਜਿਲਦ ਉਤੇ ਛਾਪੀ ਹੋਈ ਹੈ। ਪਹਿਲਾਂ ਤਾਂ ਪਦਛੇਦ ਕਰਨਾ ਹੀ ਕੋਈ ਸੁਖੈਨ ਕੰਮ ਨਹੀਂ ਸੀ, ਦੂਜਾ ਉਸ ਮੂਲ ਪਾਠ ਨੂੰ ਪਦਛੇਦ ਕਰਕੇ ਫਿਰ ਉਸਦਾ ਸ਼ਬਦਾਰਥ ਤਿਆਰ ਕੀਤਾ ਗਿਆ ਹੈ ਤਾਂ ਜੋ ਪਾਠਕਾਂ ਨੂੰ ਔਖੇ ਸ਼ਬਦਾਂ ਦੇ ਅਰਥਾਂ ਤੋਂ ਜਾਣੂ ਕਰਵਾਇਆ ਜਾ ਸਕੇ ਜਿਵੇਂ ਕੁਲਫ (ਤਾਲਾ), ਗੈਬੁਲਗੈਬ (ਅਡਿਠ ),ਬਘੰਬਰ (ਸੂਖਮ ਬੁਧੀ ਨਾਲ ਵਿਚਾਰ ਕੇ ਕੀਤੇ ਜਾਣ ਵਾਲੇ ਕੰਮ),ਅਰਬਾ ਇਨਾਸਰ (ਚਾਰ ਤਤ), ਐਹਮਕ (ਮੂਰਖ) ਬਿਗਿਆਨ (ਆਤਮ ਗਿਆਨ), ਬੈਨ ਬੁਕਾਰਾ (ਹਾਲ ਦੁਹਾਈ),ਗੋਸਪੰਦ (ਬਕਰੀ), ਗੁਰਗ (ਬਗਿਆੜ), ਤਵੰਗ੍ਰੀ (ਅਮੀਰੀ), ਕੌਗਲੌ (ਕਦੋਂ ਤੀਕ), ਬੌਰ(ਹਰਨ ਫਸਾਉਣ ਦਾ ਜਾਲ), ਫੁਕਰਾ (ਫਕੀਰ ਦਾ ਬਹੁਵਚਨ), ਆਹਨਗਰ (ਲੁਹਾਰ ),ਅੰਕਲਾ (ਅੰਕਾਂ ਵਾਲਾ) ਆਦਿ ਔਖੇ-ਔਖੇ ਸ਼ਬਦਾਂ ਦੇ ਅਰਥ ਦਰਜ ਕਰਕੇ ਪਾਠਕਾਂ ਨੂੰ ਸੁਖੈਨ ਢੰਗ ਨਾਲ ਅਧਿਐਨ ਕਰਨ ਲਈ ਸਮਗਰੀ ਮੁਹਈਆ ਕਰਵਾਈ ਗਈ ਹੈ। ਤੀਜਾ ਇਸ ਗ੍ਰੰਥ ਵਿੱਚ ਵਿਦਵਾਨਾਂ ਨੇ ਪਾਠ-ਸੰਪਾਦਨ ਅਤੇ ਸ਼ਬਦਾਰਥ ਦੇ ਨਾਲ-ਨਾਲ ਇਸ ਕਾਵਿ ਰਚਨਾ ਨੂੰ ਪਾਠਕਾਂ ਹਿਤ ਹੋਰ ਵੀ ਸੁਖੈਨ ਕਰਦਿਆਂ ਸਾਰੇ ਦੋਹਰੇ, ਸਵਈਏ, ਕਬਿਤ, ਰਹਕਲੇ ਅਤੇ ਸੀਹਰਫੀ ਦਾ ਭਾਵਾਰਥ ਵੀ ਦਰਜ ਕੀਤਾ ਹੈ। ਜਿਸ ਨਾਲ ਇਸ ਗ੍ਰੰਥ ਵਿੱਚ ਦਰਜ ਗੂੜ ਰਹਸਾਂ ਨੂੰ ਜਾਨਣ ਵਿੱਚ ਹੋਰ ਵੀ ਆਸਾਨੀ ਹੋ ਗਈ ਹੈ। ਜੇਕਰ ਇਸ ਗ੍ਰੰਥ ਦਾ ਪਾਠ-ਸੰਪਾਦਨ ਨਾ ਕੀਤਾ ਜਾਂਦਾ ਤਾਂ ਅਜੋਕੇ ਸਮੇਂ ਵਿੱਚ ਲੜੀਵਾਰ ਗ੍ਰੰਥ ਪੜਨ ਵਾਲੇ ਵਿਰਲੇ ਟਾਵੇਂ ਹੀ ਹਨ,ਸੋ ਇਹ ਗ੍ਰੰਥ ਆਮ ਪਾਠਕਾਂ ਦੀ ਪਹੁੰਚ ਤੋਂ ਦੂਰ ਹੋ ਜਾਣਾ ਸੀ ਅਤੇ ਜੇ ਇਸ ਦਾ ਸ਼ਬਦਾਰਥ ਤੇ ਭਾਵਾਰਥ ਨਾ ਕੀਤਾ ਜਾਂਦਾ ਤਾਂ ਇਸ ਵਿੱਚ ਆਏ ਅਨੇਕਾਂ ਭਾਸ਼ਾਵਾਂ ਦੇ ਔਖੇ ਸ਼ਬਦਾਂ ਦੇ ਅਰਥਾਂ ਦੀ ਸਮਸਿਆ ਪਾਠਕਾਂ ਨੂੰ ਦਰਪੇਸ਼ ਹੋਣੀ ਸੀ। ਪਰ ਵਿਦਵਾਨਾਂ ਨੇ ਇਸ ਗ੍ਰੰਥ ਨੂੰ ਸਾਰੇ ਪਖਾਂ ਤੋਂ ਸੁਖੈਨ ਕਰਕੇ ਹੀ ਪ੍ਰਕਾਸ਼ਿਤ ਕਰਵਾਇਆ ਹੈ। ਇਸ ਰਚਨਾ ਦੇ ਪ੍ਰਕਾਸ਼ਨ ਨਾਲ ਹੀ ਸੰਭਵ ਹੋ ਸਕੇਗਾ ਕਿ ਬਾਵਾ ਭਗਵਾਨ ਦਾਸ ਜੀ ਪ੍ਰਤੀ ਸ਼ਰਧਾ ਰਖਣ ਵਾਲੇ ਸ਼ਰਧਾਲੂ ਉਹਨਾਂ ਦੇ ਉਪਦੇਸ਼ਾਂ ਦਾ ਅਨੁਸਰਨ ਕਰਕੇ ਉਹਨਾਂ ਵਲੋਂ ਦਸੇ ਮਾਰਗ ਤੇ ਚਲਣਗੇ ਅਤੇ ਗੁਰਮਤਿ ਅਨੁਸਾਰ ਆਪਣਾ ਜੀਵਨ ਜਿਉਂਣਗੇ ਕਿਉਂਕਿ ਬਾਵਾ ਭਗਵਾਨ ਦਾਸ ਜੀ ਦਾ ਨਿਸ਼ਚਾ ਵੀ ਕੇਵਲ ਇੱਕ ਅਕਾਲ ਪੁਰਖ ਅਤੇ ‘ਧੁਰ ਕੀ’ ਬਾਣੀ ’ਤੇ ਹੀ ਸੀ ਜੋ ਕਿ ਉਹਨਾਂ ਦੀ ਰਚਨਾ ਵਿਚੋਂ ਹੀ ਸਪਸ਼ਟ ਹੁੰਦਾ ਹੈ ? ਉਹ ਆਪ ਨਾਮ ਅਭਿਆਸੀ ਅਤੇ ਬਾਣੀ ਦੇ ਪ੍ਰਚਾਰਕ ਸਨ ਅਤੇ ਇਹ ਪ੍ਰਚਾਰ ਉਹਨਾਂ ਨੇ ਸਾਰੀ ਜਿੰਦਗੀ ਕੀਤਾ। ਦੋਹਾਂ ਵਿਦਵਾਨਾਂ ਵੱਲੋਂ ਕੀਤੇ ਗਏ ਇਸ ਪਰਉਪਕਾਰੀ ਯਤਨ ਨਾਲ ਬਾਵਾ ਭਗਵਾਨ ਦਾਸ ਜੀ ਨੂੰ ਸ਼ਰਧਾ ਦੇ ਫੁਲ ਭੇਟ ਕੀਤੇ ਗਏ ਹਨ।






# ਕਿਸਾਨਾਂ ਦੀ ਵਿਗਿਆਨਕ ਸੋਚ ਨੂੰ ਹੁੰਗਾਰਾ ਦੇਣ ਦੀ ਲੋੜ

- ਡਾ. ਨਰੇਸ਼ ਕੁਮਾਰ ਗੁਲਾਟੀ
- ਡਾ. ਗੁਰਦੀਪ ਸਿੰਘ





ਪੰਜਾਬ ’ਚ ਖੇਤੀ ਨੀਤੀ ਨਿਰਮਾਤਾਵਾਂ ਨੂੰ ਨਵੇਂ ਸਿਰਿਓਂ ਸੋਚਣ ਦੀ ਲੋੜ ਹੈ। ਅਜਿਹੀਆਂ ਸੈਂਕੜੇ ਨੀਤੀਆਂ ਹਨ ਜੋ ਕਿਸਾਨਾਂ ਵੱਲੋਂ ਆਪਣੇ ਖੇਤਾਂ ਵਿੱਚ ਟੈਸਟ/ਲਾਗੂ ਕਰਨ ਤੋਂ ਬਾਅਦ ਸਿਰੇ ਤੋਂ ਨਕਾਰ ਦਿੱਤੀਆਂ ਪਰ ਅਜਿਹੀਆਂ ਕਿਸਾਨਾਂ ਵੱਲੋਂ ਨਕਾਰੀਆਂ ਜਾ ਚੁੱਕੀਆਂ ਤਕਨੀਕਾਂ ਨੂੰ ਲਾਗੂ ਕਰਵਾਉਣ ਲਈ ਅਜੇ ਵੀ ਬਜਟ ਦਾ ਵੱਡਾ ਹਿੱਸਾ ਰਿਲੀਜ਼ ਕੀਤਾ ਜਾ ਰਿਹਾ ਹੈ ਤੇ ਮਹੱਤਵਪੂਰਨ ਸਰਮਾਇਆ ਅਜ਼ਾਈਂ ਗਵਾਇਆ ਜਾ ਰਿਹਾ।

ਮਿਸਾਲ ਦੇ ਤੌਰ ’ਤੇ ਖੇਤੀ ਵਿਭਿੰਨਤਾ ਦੇ ਨਾਂ ’ਤੇ ਪਿਛਲੇ ਸਮੇਂ ਤੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਅਸਰ ਨਜ਼ਰ ਨਹੀਂ ਆ ਰਿਹਾ ਬਲਕਿ ਪਿਛਲੇ ਸਾਲਾਂ ਦੌਰਾਨ ਸਾਉਣੀ ਰੁੱਤ ਵਿੱਚ ਝੋਨੇ ਹੇਠ ਰਕਬਾ ਘੱਟਦਾ ਦਿੱਖ ਨਹੀਂ ਰਿਹਾ ਹੈ। ਅੱਜ ਸੂਬੇ ਵਿੱਚ ਸਾਉਣੀ ਰੁੱਤ ਦੀ ਮੱਕੀ ਦਾ ਰਕਬਾ,ਦਾਲਾਂ ਹੇਠ ਰਕਬਾ ਨਾਂਹ ਦੇ ਬਰਾਬਰ ਹੈ। ਇਸੇ ਤਰ੍ਹਾਂ ਝੋਨੇ ਦੀ ਬਚ-ਖੁੱਚ ਦੀ ਸੰਭਾਲ ਦੀਆਂ ਸਕੀਮਾਂ ਦਾ ਵੀ ਅਜਿਹਾ ਹੀ ਕੁਝ ਨਤੀਜਾ ਹੈ। ਅੱਜ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਡੀ.ਐਸ.ਆਰ. ਵਿਧੀ ਅਧੀਨ ਵੀ ਰਕਬਾ ਵਧਣ ਦੀ ਬਜਾਏ ਘੱਟ ਰਿਹਾ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਾਡੀਆਂ ਲਗਾਤਾਰ ਕੋਸ਼ਿਸ਼ਾਂ ਦੇ ਬਾਵਜੂਦ ਕਿਸਾਨ ਨਵੀਆਂ ਤਕਨੀਕਾਂ ਜਾਂ ਪਾਲਸੀਆਂ ਨੂੰ ਅਪਣਾਉਂਦਾ ਕਿਉਂ ਨਹੀਂ ਹੈ। ਕੀ ਸਾਡਾ ਕਿਸਾਨ ਸਮਝਦਾ ਨਹੀਂ ਹੈ ਜਾਂ ਸਾਡੇ ’ਚ ਤਕਨੀਕਾਂ ਦੀ ਮਹੱਤਤਾ ਬਾਰੇ ਕਿਸਾਨਾਂ ਨੂੰ ਸਮਝਾਉਣ ਵਿੱਚ ਕਮੀ ਹੈ।

ਇੱਕ ਗੱਲ ਤਾਂ ਬਿਲਕੁੱਲ ਸਪੱਸ਼ਟ ਹੈ ਕਿ ਸਾਡੇ ਪੰਜਾਬ ਦਾ ਕਿਸਾਨ ਕਿਸੇ ਸਾਇੰਸਦਾਨ ਤੋਂ ਘੱਟ ਨਹੀ ਹੈ। ਸਾਡਾ ਕਿਸਾਨ ਬੇਹੱਦ ਤਕਨੀਕੀ ਤੇ ਵਪਾਰਕ ਸਮਝ ਰੱਖਣ ਵਾਲਾ ਹੈ ਤੇ ਇਸ ਗੱਲ ਦਾ ਸਾਨੂੰ ਮਾਣ ਵੀ ਹੈ। ਇਹ ਵੀ ਸਪੱਸ਼ਟ ਹੈ ਕਿ ਸਾਡੇ ਖੇਤੀ ਪਸਾਰ ਮਾਹਿਰ ਵੀ ਕਿਸਾਨਾਂ ਤੱਕ ਤਕਨੀਕਾਂ ਨੂੰ ਪਹੁੰਚਾਉਣ ਵਿੱਚ ਵੱਡੀ ਮੁਹਾਰਤ ਰੱਖਦੇ ਹਨ। ਅਜਿਹੀਆਂ ਤਕਨੀਕਾਂ ਜਿਨ੍ਹਾਂ ਦਾ ਕਿਸਾਨ ਨੂੰ ਫ਼ਾਇਦਾ ਹੁੰਦਾ ਹੈ ਅਤੇ ਜੋ ਕਿਸਾਨ ਅਨੁਸਾਰ ਉਸ ਲਈ ਲਾਭਦਾਇਕ ਹਨ, ਕਿਸਾਨ ਅਜਿਹੀਆਂ ਤਕਨੀਕਾਂ ਨੂੰ ਹੀ ਅਪਣਾਉਂਦਾ ਹੈ। ਉਦਾਹਰਣ ਵਜੋਂ ਲੈਂਡ ਲੇਜ਼ਰ ਲੈੱਵਲਰ ਭਾਵ ਕੰਪਿਊਟਰ ਕੁਰਾਹਾ, ਝੋਨੇ ਦੀ ਸਮੇਂ ਸਿਰ ਲਵਾਈ ਦਾ ਕਾਨੂੰਨ-ਸਬ ਸੁਆਇਲ ਵਾਟਰ ਪ੍ਰੀਜ਼ਰਵੇਸ਼ਨ ਐਕਟ , ਪਰਾਲੀ ਦੀ ਸਾਂਭ-ਸੰਭਾਲ ਲਈ ਵਰਤੀ ਜਾਂਦੀ ਮਸ਼ੀਨ ਬੇਲਰ, ਹੈਪੀ ਸੀਡਰ, ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਕਾਸ਼ਤ ਵਗੈਰਾ।

ਇਨ੍ਹਾਂ ਤਕਨੀਕਾਂ ਦਾ ਪਸਾਰਾ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਜਿਨ੍ਹਾਂ ਤਕਨੀਕਾਂ ਦਾ ਫ਼ਾਇਦਾ ਕਿਸਾਨ ਨੂੰ ਹੁੰਦਾ ਹੈ ਕਿਸਾਨ ਆਪ-ਮੁਹਾਰੇ ਅਜਿਹੀਆਂ ਤਕਨੀਕਾਂ ਨੂੰ ਅਪਣਾ ਲੈਂਦਾ ਹੈ। ਇਸ ਗੱਲ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਕਿਸਾਨ ਦੀ ਲੋੜ ਅਨੁਸਾਰ ਹੀ ਜਿਥੇ ਤਕਨੀਕਾਂ ਦਾ ਨਿਰਮਾਣ ਕਰਨਾ ਚਾਹੀਦਾ ਹੈ ਬਲਕਿ ਕਿਸਾਨ ਵੱਲੋਂ ਆਪਣੇ ਪੱਧਰ ’ਤੇ ਅਪਣਾਏ ਜਾ ਰਹੇ ਤਰੀਕੀਆਂ ਵਿੱਚ ਲੋੜੀਂਦੇ ਸੁਧਾਰ ਦਾ ਸਿਲਸਿਲਾ ਚਲਾਉਂਦੇ ਹੋਏ ਇਨ੍ਹਾਂ ਤਕਨੀਕਾਂ ਨੂੰ ਸਮੇਂ ਦੇ ਹਾਣੀ ਬਣਾ ਕੇ ਕਿਸਾਨਾਂ ਲਈ ਵਧੇਰੇ ਲਾਭਕਾਰੀ ਬਣਾਉਣਾ ਚਾਹੀਦਾ ਹੈ ਨਾ ਕਿ ਕਿਤਾਬੀ ਪੱਖੀ ਤਕਨੀਕਾਂ ਨੂੰ ਜੋ ਖੇਤਾਂ ਵਿੱਚ ਕਿਸਾਨਾਂ ਲਈ ਮੁਸ਼ਕਿਲਾਂ ਦਾ ਸਬੱਬ ਬਣਦੀਆਂ ਹਨ। ਸਾਡੇ ਕਿਸਾਨਾਂ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਦੀ ਤਕਨੀਕ ਨੂੰ ਚੰਗਾ ਹੁੰਗਾਰਾ ਨਹੀਂ ਦਿੱਤਾ ਜਾ ਰਿਹਾ ਜਿਸ ਦਾ ਸਿੱਧਾ ਮਤਲਬ ਹੈ ਕਿ ਕਿਸਾਨ ਦੇ ਖੇਤਾਂ ਵਿੱਚ ਇਸ ਵਿਧੀ ਨੇ ਕੁਝ ਅਜਿਹਾ ਪ੍ਰਭਾਵ ਨਹੀਂ ਛੱਡਿਆ ਜਿਸ ਕਰਕੇ ਸਾਨੂੰ ਅੱਗੇ ਇਸ ਤਕਨੀਕ ’ਚ ਸੁਧਾਰ ਲਿਆਉਣਾ ਚਾਹੀਦਾ ਹੈ।

ਜੇ ਇਹ ਤਕਨੀਕ ਕਿਸਾਨ ਲਈ ਲਾਹੇਵੰਦੀ ਹੁੰਦੀ ਤਾਂ ਸਰਕਾਰ ਵੱਲੋਂ ਮਾਣ ਭੱਤੇ ਦੇ ਹੋਣ ਦੇ ਕਰਕੇ ਇਸ ਤਕਨੀਕ ਵੱਡੇ ਪੱਧਰ ’ਤੇ ਅਪਣਾਈ ਜਾਣੀ ਚਾਹੀਦੀ ਸੀ ਪਰ ਅਜਿਹਾ ਨਹੀ ਹੋ ਰਿਹਾ। ਇਸ ’ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਫ਼ਸਲੀ ਵਿਭਿੰਨਤਾ ’ਤੇ ਵੀ ਜ਼ੋਰ ਲਗਾਉਣ ਬਦਲੇ ਧਰਤੀ ਹੇਠਲੇ ਪਾਣੀ ਦੀ ਬੱਚਤ ਲਈ ਵੱਡੇ ਪੱਧਰ ’ਤੇ ਮੁਹਿੰਮ ਚਲਾਉਣ ਦੀ ਲੋੜ ਹੈ। ਸਾਡੇ ਨੀਤੀ ਨਿਰਮਾਤਾਵਾਂ ਨੂੰ ਇਸ ਕੌੜੀ ਸਚਾਈ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕਿਸਾਨ ਲਈ ਝੋਨੇ ਦੀ ਫ਼ਸਲ ਦੀ ਜਿਤਨਾ ਚਿਰ ਤੱਕ ਸਰਕਾਰ ਦੀ ਖ਼ਰੀਦ ਚੱਲ ਰਹੀ ਹੈ ਤੇ ਦੇਸ਼ ਨੂੰ ਅੰਨ ਦੀ ਲੋੜ ਹੈ, ਨੂੰ ਛੱਡਣਾ ਮੁਸ਼ਕਿਲ ਹੈ ਸਾਨੂੰ ਕਿਸਾਨ ਦੇ ਨਾਲ ਚੱਲਦੇ ਹੋਏ ਅਜਿਹੇ ਢੰਗ ਤਰੀਕਿਆਂ ’ਤੇ ਜ਼ੋਰ ਲਗਾਉਣ ਦੀ ਲੋੜ ਹੈ ਜਿਨ੍ਹਾਂ ਨਾਲ ਪਾਣੀ ਬਚਾਇਆ ਜਾ ਸਕਦਾ ਹੋਵੇ। ਝੋਨੇ ਵਾਸਤੇ ਠੋਸ ਨੀਤੀ ਜੋ ਕਿਸਾਨਾਂ ਨਾਲ ਆਮ ਕਿਸਾਨਾਂ ਨਾਲ ਮਿੱਲ ਕੇ ਘੜੀ ਜਾਵੇ, ਨਾਲ ਹੀ ਹੌਲੀ ਹੌਲੀ ਰਕਬਾ ਘਟਾਇਆ ਜਾ ਸਕਦਾ ਹੈ। ਅੱਜ ਸਾਡੇ ਸੂਬੇ ਦੇ ਕਿਸਾਨਾਂ ਨੇ ਆਪਣੇ ਪੱਧਰ ’ਤੇ ਉਪਰਾਲੇ ਕਰਦੇ ਹੋਏ ਝੋਨੇ ਦੀ ਕੁੱਦੂ ਕਰਨ ਤੋਂ ਬਗੈਰ ਕਾਸ਼ਤ ਕਰਕੇ ਕਾਮਯਾਬੀ ਦੀ ਕਹਾਣੀ ਲਿਖ ਦਿੱਤੀ ਹੈ।

ਸਾਡੇ ਕਿਸਾਨਾਂ ਵੱਲੋਂ ਸੁੱਕੇ ਕੁੱਦੂ ਤੇ ਏ.ਐਸ. ਆਰ. ਫਗਵਾੜਾ ਵਿਧੀ ਨੂੰ ਅਪਣਾ ਕੇ ਝੋਨੇ ਦੀ ਫ਼ਸਲ ਵਿੱਚ ਕਿਸਾਨਾਂ ਅਨੁਸਾਰ ਲਗਪਗ 50% ਤੱਕ ਪਾਣੀ ਦੀ ਬੱਚਤ ਕੀਤੀ ਜਾ ਰਹੀ ਹੈ। ਕਿਸਾਨਾਂ ਵੱਲੋਂ ਡਾ. ਦਲੇਰ ਸਿੰਘ ਤੇ ਅਵਤਾਰ ਸਿੰਘ ਫਗਵਾੜਾ ਵੱਲੋਂ ਸੁਝਾਈਆਂ ਤਕਨੀਕਾਂ ਨੂੰ ਅਪਣਾਇਆ ਜਾ ਰਿਹਾ ਹੈ। ਹੁਣ ਸਾਡੇ ਨੀਤੀ ਨਿਰਮਾਤਾਵਾਂ ਦਾ ਫ਼ਰਜ਼ ਬਣਦਾ ਹੈ ਕਿ ਕਿਸਾਨਾਂ ਵੱਲੋਂ ਆਪ-ਮੁਹਾਰੇ ਇਨ੍ਹਾਂ ਤਕਨੀਕਾਂ ਨੂੰ ਅਪਣਾਉਣ ਬਾਰੇ ਖੋਜ ਖ਼ਬਰ ਲਈ ਜਾਵੇ। ਇਹ ਵਿਗਿਆਨਿਕ ਆਧਾਰ ਮਿੱਲਣ ਨਾਲ ਕਿਸਾਨਾਂ ’ਚ ਤਕਨੀਕ ਪ੍ਰਤੀ ਭਰੋਸੇ ਦੀ ਭਾਵਨਾ ਪੈਦਾ ਹੋਵੇਗੀ ਕਿਉਂਕਿ ਕਿਸਾਨਾਂ ਵੱਲੋਂ ਸੁੱਕਾ ਕੱਦੂ ਤੇ ਏ.ਐਸ. ਆਰ. ਵਿਧੀ ਅਪਣਾ ਕੇ ਕਾਮਯਾਬੀ ਨਾਲ ਝੋਨਾ ਪੈਦਾ ਕੀਤਾ ਜਾ ਰਿਹਾ ਹੈ।

DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਪੰਜਾਬੀ ਜੀਵਨ-ਜਾਚ ਵਿੱਚੋਂ ਲੋਪ ਹੋ ਰਿਹਾ ਛੱਜ



ਗੁਰਦੀਪ ਢੁੱਡੀ

ਹਰੇਕ ਖਿੱਤੇ ਦੀਆਂ ਆਪਣੀਆਂ ਵਿਸ਼ੇਸ਼ ਲੋੜਾਂ ਹੁੰਦੀਆਂ ਹਨ ਅਤੇ ਇਸੇ ਅਨੁਸਾਰ ਹੀ ਉੱਥੋਂ ਦਾ ਸਾਜ਼ੋ-ਸਮਾਨ ਹੁੰਦਾ ਹੈ। ਸਮਾਂ ਪਾ ਕੇ ਇਹ ਸਾਜ਼ੋ-ਸਮਾਨ ਸਾਡੇ ਰੋਜ਼ਾਨਾ ਜੀਵਨ ਦਾ ਅੰਗ ਬਣਦਾ ਹੈ। ਜਿਵੇਂ ਜੀਵਨ-ਜਾਚ, ਲੋੜਾਂ ਦੀ ਅਨੁਸਾਰੀ ਹੁੰਦੀ ਹੈ ਤਿਵੇਂ ਹੀ ਲੋੜਾਂ ਪ੍ਰਾਪਤ ਹਾਲਤਾਂ ਅਤੇ ਸਥਿਤੀਆਂ ਵਿੱਚੋਂ ਪੈਦਾ ਹੁੰਦੀਆਂ ਤੇ ਲੋਪ ਹੁੰਦੀਆਂ ਹਨ। ਬੜੇ ਵਾਰੀ ਇਸ ਤਰ੍ਹਾਂ ਵੀ ਵੇਖਣ ਵਿੱਚ ਆਉਂਦਾ ਹੈ ਕਿ ਇੱਕ ਹੀ ਚੀਜ਼ ਦੀ ਲੋੜ ਵਧੇਰੇ ਖਿੱਤਿਆਂ ਵਿੱਚ ਹੁੰਦੀ ਹੈ ਪ੍ਰੰਤੂ ਇਸ ਦੀ ਬਣਤਰ ਵਿੱਚ ਸਥਾਨਕ ਲੋੜਾਂ ਅਤੇ ਹਾਲਤਾਂ ਕਰਕੇ ਥੋੜ੍ਹਾ ਬਹੁਤਾ ਅੰਤਰ ਵੇਖਣ ਨੂੰ ਮਿਲਦਾ ਹੈ। ਕਦੇ ਕਿਸਾਨੀ ਜੀਵਨ ਦਾ ਅੰਗ ਰਿਹਾ ਗੱਡਾ ਪੰਜਾਬ ਵਿੱਚ ਵੱਡੇ ਆਕਾਰ ਅਤੇ ਬੜੇ ਚਾਵਾਂ ਨਾਲ ਬਣਾਇਆ ਹੁੰਦਾ ਸੀ ਜਦੋਂ ਕਿ ਇਹੀ ਗੱਡਾ ਉੱਤਰ ਪ੍ਰਦੇਸ਼, ਬਿਹਾਰ ਅਤੇ ਹੋਰਨਾਂ ਸੂਬਿਆਂ ਵਿੱਚ ਗੱਡੇ ਦੇ ਇਸਤਰੀ ਲਿੰਗ ਗੱਡੀ ਵਰਗਾ ਹੁੰਦਾ ਸੀ। ਜਦੋਂ ਇਸ ਦੀ ਤਹਿ ਵਿੱਚ ਜਾਇਆ ਗਿਆ ਤਾਂ ਉਸ ਸਮੇਂ ਦੇ ਪੰਜਾਬ ਵਿੱਚ ਉਪਰੋਕਤ ਸੂਬਿਆਂ ਦੇ ਮੁਕਾਬਲਤਨ ਵਧੇਰੇ ਜਿਣਸ ਦਾ ਉਤਪਾਦਨ ਹੁੰਦਾ ਸੀ ਜਿਸ ਨੂੰ ਇੱਕ ਥਾਂ ਤੋਂ ਦੂਸਰੇ ਥਾਂ ਲਿਜਾਣ ਲਈ ਵਧੇਰੇ ਸਮਰੱਥਾ ਵਾਲੇ ਸਾਧਨ ਦੀ ਲੋੜ ਹੁੰਦੀ ਸੀ। ਇਸ ਕਰਕੇ ਇਹ ਵੱਡਾ ਵੀ ਹੁੰਦਾ ਸੀ ਅਤੇ ਇਸ ਦੀ ਬਣਤਰ ਵਿੱਚ ਵੀ ਫ਼ਰਕ ਹੁੰਦਾ ਸੀ। ਇਸੇ ਤਰ੍ਹਾਂ ਹੀ ਹੋਰ ਵਸਤੂਆਂ ਦਾ ਵੀ ਹੁੰਦਾ ਹੈ।

ਛੱਜ ਵੀ ਪੰਜਾਬ ਵਿੱਚ ਇਨ੍ਹਾਂ ਸੂਬਿਆਂ ਨਾਲੋਂ ਸੋਹਣਾ, ਮਜ਼ਬੂਤ ਅਤੇ ਕਲਾਤਮਕਤਾ ਭਰਪੂਰ ਹੁੰਦਾ ਹੈ। ਇਹ ਪੰਜਾਬੀ ਸੱਭਿਆਚਾਰ ਵਿੱਚ ਵਿਸ਼ੇਸ਼ ਪਛਾਣ ਰੱਖਦਾ ਹੈ। ਪੰਜਾਬ ਦੇ ਛੱਜ ਨੂੰ ਕਿਸਾਨੀ ਦੇ ਇਲਾਵਾ ਹਰੇਕ ਘਰ ਦੀ ਵਰਤੋਂ ਵਾਲੀ ਚੀਜ਼ ਵਜੋਂ ਵੇਖਿਆ ਜਾਂਦਾ ਰਿਹਾ ਹੈ। ਪੰਜਾਬ ਵਿੱਚ ਬਣਿਆ ਅਤੇ ਵਰਤੋਂ ਵਿੱਚ ਆਉਣ ਵਾਲਾ ਛੱਜ ਤਿੰਨ ਪਾਸਿਓਂ ਉੱਚਾ ਅਤੇ ਅੱਗਿਓਂ ਖੁੱਲ੍ਹਾ ਹੁੰਦਾ ਹੈ। ਇਸ ਦੇ ਆਹਮੋ-ਸਾਹਮਣੇ ਵਾਲੇ ਦੋਵੇਂ ਪਾਸੇ ਇੱਕੋ ਜਿਹੇ, ਢਲਵੇਂ ਅਤੇ ਘਟਦੇ ਆਕਾਰ ਵਿੱਚ ਹੁੰਦੇ ਹਨ ਜਦੋਂ ਕਿ ਪਿਛਲਾ ਬੰਦ ਪਾਸਾ ਥੋੜ੍ਹਾ ਜਿਹਾ ਉੱਚਾ, ਮੋਟਾ ਅਤੇ ਵਧੇਰੇ ਮਜ਼ਬੂਤ ਬਣਿਆ ਹੁੰਦਾ ਹੈ। ਬੰਦ ਪਾਸੇ ਅਤੇ ਖੁੱਲ੍ਹੇ ਪਾਸੇ ਦੀ ਚੌੜਾਈ ਵਿੱਚ ਵੀ ਫ਼ਰਕ ਹੁੰਦਾ ਹੈ। ਇੱਕ ਵਿਸ਼ੇਸ਼ ਜਾਤੀ ਦੇ ਲੋਕ ਇਸ ਨੂੰ ਪੂਰੀ ਕਾਰੀਗਰੀ ਨਾਲ ਬਣਾਉਂਦੇ ਹਨ। ਇਸ ਜਾਤੀ ਨੂੰ ਭਾਵੇਂ ਕੁਝ ਹੋਰ ਨਾਵਾਂ ਨਾਲ ਵੀ ਬੁਲਾਇਆ ਜਾਂਦਾ ਹੋਵੇ ਪ੍ਰੰਤੂ ਮਾਲਵੇ ਦੇ ਪਿੰਡਾਂ ਵਿੱਚ ਇਨ੍ਹਾਂ ਨੂੰ ਸਿਰਕੀਬੰਨ੍ਹ ਜਾਂ ਛੱਜ-ਬੰਨ੍ਹ ਆਖਿਆ ਜਾਂਦਾ ਹੈ। ਕਦੇ ਇਹ ਲੋਕ ਛੱਜ ਤਿਆਰ ਕਰਕੇ ਪਿੰਡ ਦੀਆਂ ਗਲ਼ੀਆਂ ਵਿੱਚ ਵਿਸ਼ੇਸ਼ ਆਵਾਜ਼ ਵਿੱਚ ਹੋਕਾ ਦੇ ਕੇ ਦਿਆ ਕਰਦੇ ਸਨ। 'ਦਿਆ ਕਰਦੇ' ਵਾਕੰਸ਼ ਇੱਥੇ ਇਸ ਲਈ ਵਰਤਿਆ ਗਿਆ ਹੈ ਕਿ ਛੱਜ ਦੇਣ ਵਾਲੇ ਇਸ ਨੂੰ ਪੈਸਿਆਂ ਦੀ ਗਿਣਤੀ ਨਾਲ ਵੇਚਣ ਦੀ ਥਾਂ ਦਾਣੇ ਆਦਿ ਲੈ ਕੇ ਦਿਆ ਕਰਦੇ ਸਨ। ਇਸ ਤਰ੍ਹਾਂ ਜਾਪਦਾ ਹੁੰਦਾ ਸੀ ਕਿ ਛੱਜ ਬੰਨ੍ਹਣ ਵਾਲਿਆਂ ਅਤੇ ਪਿੰਡ ਦੇ ਲੋਕਾਂ ਦੀ ਕੋਈ ਆਪਸੀ ਸਾਂਝ ਵੀ ਹੋਵੇ। ਅੱਜਕੱਲ੍ਹ ਇਹ ਪੈਸਿਆਂ ਦੀ ਗਿਣਤੀ ਵਿੱਚ ਵੇਚਿਆ ਅਤੇ ਖ਼ਰੀਦਿਆ ਜਾਂਦਾ ਹੈ।

ਛੱਜ ਨੂੰ ਕੁਝ ਵੱਡੇ ਆਕਾਰ ਵਿੱਚ ਵੀ ਬਣਾਇਆ ਜਾਂਦਾ ਸੀ। ਇਸ ਨੂੰ ਛੱਜਲੀ ਆਖਿਆ ਜਾਂਦਾ ਸੀ। ਪੰਜਾਬੀ ਬੋਲ-ਬਾਣੀ ਵਿੱਚ ਵਿਆਕਰਣਿਕ ਪੱਖ ਬੜਾ ਅਜੀਬ ਹੈ। ਕਈ ਵਾਰੀ ਮਰਦਾਵੇਂ ਰੂਪ (ਜੰਞ) ਦੇ ਇਕੱਠ ਨੂੰ ਇਸਤਰੀ ਲਿੰਗ ਦਾ ਨਾਮ ਦਿੱਤਾ ਮਿਲਦਾ ਹੈ ਅਤੇ ਇਸ ਦੇ ਵਿਪਰੀਤ ਹੀ ਔਰਤ ਰੂਪ (ਵਿਆਹ ਵਾਲਾ ਮੇਲ) ਦੇ ਨਾਂਵ ਨੂੰ ਮਰਦਾਵੇਂ (ਪੁਲਿੰਗ) ਨਾਮ ਨਾਲ ਬੋਲਿਆ ਜਾਂਦਾ ਹੈ। ਇਵੇਂ ਹੀ ਛੱਜਲੀ ਵੱਡੀ ਹੈ, ਫਿਰ ਵੀ ਇਸਤਰੀ ਲਿੰਗ ਵਾਲਾ ਨਾਮ ਹੈ ਜਦੋਂ ਕਿ ਛੱਜ ਛੋਟਾ ਹੈ ਪ੍ਰੰਤੂ ਇਹ ਪੁਲਿੰਗ ਰੂਪ ਵਾਲਾ ਨਾਂਵ ਹੈ। ਇਹ ਛੱਜਲੀ ਆਮ ਤੌਰ 'ਤੇ ਕਿਸਾਨੀ ਜਾਂ ਕਹੀਏ ਖੇਤੀ ਕਰਨ ਵਾਲਿਆਂ ਦੇ ਕੰਮ ਆਇਆ ਕਰਦੀ ਸੀ। ਜਦੋਂ ਪਿੜਾਂ ਵਿੱਚ ਕਣਕ, ਬਾਜਰਾ ਜਾਂ ਹੋਰ ਫ਼ਸਲਾਂ ਦੀ ਗਹਾਈ ਕੀਤੀ ਜਾਂਦੀ ਸੀ ਤਾਂ ਦਾਣਿਆਂ ਅਤੇ ਫੂਸੜ ਨੂੰ ਵੱਖ ਕਰਨ ਵਾਸਤੇ ਇਸ ਨੂੰ ਛੱਜਲੀ ਵਿੱਚ ਪਾ ਕੇ ਹਵਾ ਦੇ ਰੁਖ ਅਨੁਸਾਰ ਹਿਲਾ ਕੇ ਥੱਲੇ ਸੁੱਟਿਆ ਜਾਂਦਾ ਸੀ। ਫੂਸੜ ਹਵਾ ਨਾਲ ਉੱਡ ਕੇ ਕੁਝ ਅੱਗੇ ਚਲਾ ਜਾਂਦਾ ਸੀ ਜਦੋਂ ਕਿ ਦਾਣੇ, ਉਡਾਉਣ ਵਾਲੇ ਦੇ ਨੇੜੇ ਹੀ ਡਿੱਗਿਆ ਕਰਦੇ ਸਨ। ਹੁਣ ਖੇਤੀ ਦੇ ਕੰਮ ਨੂੰ ਮਸ਼ੀਨੀਕਰਨ ਨੇ ਆਪਣੀ ਲਪੇਟ ਵਿੱਚ ਲੈ ਲਿਆ ਹੈ ਤਾਂ ਫ਼ਸਲਾਂ ਦੀ ਵਢਾਈ ਗਹਾਈ ਦਾ ਕੰਮ ਗਾਇਬ ਹੋ ਗਿਆ ਹੈ ਤਾਂ ਇਸ ਦੇ ਨਾਲ ਹੀ ਛੱਜਲੀ ਵੀ ਲੋਪ ਹੋ ਚੁੱਕੀ ਹੈ।

ਮਸ਼ੀਨੀ ਯੁੱਗ ਨੇ ਸਾਡੇ ਜੀਵਨ ਵਿੱਚੋਂ ਬੜਾ ਕੁਝ ਜੋੜ ਦਿੱਤਾ ਅਤੇ ਬੜਾ ਕੁਝ ਮਨਫ਼ੀ ਕਰ ਦਿੱਤਾ ਹੈ। ਅੱਜ ਛੱਜ ਦੀ ਵਰਤੋਂ ਵੀ ਬਹੁਤ ਘਟ ਗਈ ਹੈ। ਛੱਜ ਦੀ ਵਰਤੋਂ ਔਰਤਾਂ ਦੁਆਰਾ ਘਰੇਲੂ ਲੋੜ ਦੇ ਅਨਾਜ ਦੀ ਸਫ਼ਾਈ ਕਰਨ ਲਈ ਕੀਤੀ ਜਾਂਦੀ ਹੈ। ਆਮ ਤੌਰ 'ਤੇ ਕਣਕ, ਬਾਜਰਾ, ਮੱਕੀ, ਜਵਾਰ ਅਤੇ ਜੌਂਆਂ ਦਾ ਆਟਾ ਪਿਸਾਉਣ ਤੋਂ ਪਹਿਲਾਂ ਛੱਜ ਨਾਲ ਇਨ੍ਹਾਂ ਅਨਾਜਾਂ ਨੂੰ ਛੱਟਿਆ ਜਾਂਦਾ ਹੈ। ਉਂਜ ਤਾਂ ਔਰਤ ਸਰੂਪ ਆਪਣੇ ਆਪ ਵਿੱਚ ਹੀ ਕਲਾਕਾਰ ਹੁੰਦਾ ਹੈ ਅਤੇ ਸਿਰਜਣਾਤਮਕ ਕੰਮ ਜ਼ਿਆਦਾ ਕਰਕੇ ਔਰਤ ਦੁਆਰਾ ਹੀ ਕੀਤੇ ਜਾਂਦੇ ਹਨ, ਫਿਰ ਵੀ ਅਨਾਜ ਦੀ ਛਟਾਈ ਸਮੇਂ ਤਾਂ ਉਹ ਕੁਝ ਗੁਣ-ਗੁਣਾਉਂਦੀਆਂ ਵੀ ਸੁਣੀਆਂ ਜਾ ਸਕਦੀਆਂ ਹਨ। ਜਿਵੇਂ ਉਹ ਮਿੱਠੀ ਮਿੱਠੀ ਸੁਰ ਵਿੱਚ ਸਮਾਜਿਕ ਸਫ਼ਾਈ ਦਾ ਵੀ ਹੋਕਾ ਦਿੰਦੀਆਂ ਹੋਣ। ਥੋੜ੍ਹੀ ਬਹੁਤੀ ਦਾਲ, ਚੌਲ ਆਦਿ ਦੀ ਸਫ਼ਾਈ ਵੇਲੇ ਵੀ ਛੱਜ ਦੀ ਵਰਤੋਂ ਕਰ ਲਈ ਜਾਂਦੀ ਸੀ। ਮਸ਼ੀਨੀ ਯੁੱਗ ਕਾਰਨ ਛੱਜ ਦੀ ਵਰਤੋਂ ਵੀ ਬਹੁਤ ਘਟ ਗਈ ਹੈ। ਬਹੁਤੀਆਂ ਔਰਤਾਂ ਆਟੇ ਵਾਸਤੇ ਲਿਜਾਈ ਜਾਣ ਵਾਲੀ ਕਣਕ ਅਤੇ ਹੋਰ ਅਨਾਜ ਦਾ ਪੀਹਣ ਬਣਾਉਣ ਦੀ ਥਾਂ ਉਵੇਂ ਹੀ ਚੱਕੀ 'ਤੇ ਭੇਜ ਦਿੰਦੀਆਂ ਹਨ ਅਤੇ ਉੱਥੇ ਰੋਲਾ ਲਾ ਕੇ ਅਨਾਜ ਨੂੰ ਸਾਫ਼ ਕਰਕੇ ਪੀਸ ਦਿੱਤਾ ਜਾਂਦਾ ਹੈ। ਇਸ ਨਾਲ ਅਨਾਜ ਦਾ ਛਿਲਕਾ ਉਤਰ ਜਾਂਦਾ ਹੈ। ਭਾਵੇਂ ਇਸ ਤਰ੍ਹਾਂ ਕਰਨ ਨਾਲ ਆਟੇ ਦੀ ਗੁਣਵੱਤਾ ਘਟ ਜਾਂਦੀ ਹੈ ਪ੍ਰੰਤੂ ਫਿਰ ਵੀ ਔਰਤਾਂ ਇਸ ਮੁਸ਼ੱਕਤ ਤੋਂ ਕੰਨੀ ਕਤਰਾਉਂਦੀਆਂ ਹਨ।

ਛੱਜ ਦੀ ਬੁਣਤਰ ਕਾਰੀਗਰੀ ਦਾ ਸਿੱਟਾ ਹੁੰਦੀ ਹੈ। ਇਹ ਬੁਣਤਰ ਕੁਝ ਬਾਰੀਕ ਅਤੇ ਕੁਝ ਉਸ ਤੋਂ ਥੋੜ੍ਹੀਆਂ ਜਿਹੀਆਂ ਛੋਟੀਆਂ ਕਾਨੀਆਂ ਨਾਲ ਕੀਤੀ ਜਾਂਦੀ ਹੈ। ਇਹ ਕਾਨੀਆਂ, ਸਰ (ਆਮ ਤੌਰ 'ਤੇ ਨਹਿਰਾਂ, ਸੂਇਆਂ ਜਾਂ ਹੋਰ ਪਾਣੀ ਵਾਲੀਆਂ ਥਾਵਾਂ 'ਤੇ ਆਪੇ ਉੱਗਿਆ ਹੋਇਆ ਮੋਟਾ ਕੱਖ-ਕਾਨ) ਵਿੱਚੋਂ ਚੁਣ ਕੇ ਕੱਢੀਆਂ ਜਾਂਦੀਆਂ ਸਨ। ਇਨ੍ਹਾਂ ਕਾਨੀਆਂ ਨੂੰ ਤਰਤੀਬ ਵਿੱਚ ਬੰਨ੍ਹਣ ਵੇਲੇ ਚਮੜੇ ਦੇ ਧਾਗੇ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਧਾਗਾ ਆਮ ਤੌਰ 'ਤੇ ਹਲਕੇ ਕਾਲੇ ਜਾਂ ਭੂਰੇ ਰੰਗ ਦਾ ਹੁੰਦਾ ਹੈ ਅਤੇ ਇਸ ਵਿੱਚ ਕੁਝ ਰੰਗ ਭਰਨ ਲਈ ਫਿੱਕਾ ਗੁਲਾਬੀ ਅਤੇ ਫਿੱਕਾ ਹਰਾ ਰੰਗ ਲੱਗਿਆ ਚਮੜੇ ਦਾ ਧਾਗਾ ਵੀ ਵਰਤਿਆ ਜਾਂਦਾ ਹੈ। ਖੁੱਲ੍ਹੇ ਪਾਸੇ ਦੇ ਸਾਹਮਣੇ ਜਿਸ ਪਾਸਿਓਂ ਇਸ ਨੂੰ ਫੜਿਆ ਜਾਂਦਾ ਹੈ, ਉਸ ਪਾਸੇ ਕੁਝ ਮੋਟੀਆਂ ਕਾਨੀਆਂ ਨਾਲ ਮੁੱਠੇ ਬੰਨ੍ਹੇ ਜਾਂਦੇ ਹਨ। ਸਿਰਿਆਂ ਤੋਂ ਇਸ ਨੂੰ ਕੁਝ ਵਧੇਰੇ ਮਜ਼ਬੂਤੀ ਦਿੱਤੀ ਜਾਂਦੀ ਹੈ। ਖੁੱਲ੍ਹੇ ਪਾਸੇ ਦੇ ਅਖੀਰ 'ਤੇ ਅੱਗੇ ਕਰਕੇ ਕੁਝ ਕਾਨੀਆਂ ਨੂੰ ਵਿਚਾਲਿਓਂ ਕੱਟ ਕੇ ਰੋਕ ਲਾਉਣ ਵਾਲਾ ਕੰਮ ਕੀਤਾ ਜਾਂਦਾ ਸੀ ਜਿਸ ਨਾਲ ਬਾਰੀਕ ਦਾਣੇ ਤਾਂ ਬੁੜ੍ਹਕ ਕੇ ਅੱਗੇ ਚਲੇ ਜਾਂਦੇ ਸਨ ਪ੍ਰੰਤੂ ਮੋਟੇ ਦਾਣੇ ਛੱਜ ਵਿੱਚ ਹੀ ਰਹਿ ਜਾਂਦੇ ਸਨ। ਛੱਜ ਨੂੰ ਪੰਜਾਬੀ ਸੱਭਿਆਚਾਰ ਵਿੱਚ ਵੀ ਵਿਸ਼ੇਸ਼ ਸਥਾਨ ਹਾਸਲ ਹੈ। ਹਾਲਾਂਕਿ ਇਸ ਨੂੰ ਮਹੱਤਵਪੂਰਨ ਕੰਮਾਂ ਵਾਸਤੇ ਵਰਤਿਆ ਜਾਂਦਾ ਸੀ ਪ੍ਰੰਤੂ ਫਿਰ ਵੀ ਪੰਜਾਬੀ ਮੁਹਾਵਰੇ ਵਿੱਚ ਇਸ ਨੂੰ ਨਿਗੂਣੀ ਵਸਤੂ ਨਾਲੋਂ ਥੋੜ੍ਹਾ ਜਿਹਾ ਹੀ ਉੱਪਰ ਸਥਾਨ ਮਿਲਦਾ ਸੀ। 'ਛੱਜ ਤਾਂ ਬੋਲੇ ਛਾਣਨੀ ਵੀ ਬੋਲੇ' ਵਾਲਾ ਮੁਹਾਵਰਾ ਇਸ ਦੀ ਪ੍ਰਤੱਖ ਮਿਸਾਲ ਹੈ। ਛਾਣਨੀ ਵਿਸ਼ੇਸ਼ ਤੌਰ 'ਤੇ ਆਟੇ ਵਿੱਚੋਂ ਸੂੜ੍ਹਾ ਕੱਢਣ ਦੇ ਕੰਮ ਆਉਂਦੀਹੈ ਪ੍ਰੰਤੂ ਫਿਰ ਵੀ ਇਸ ਨੂੰ ਨਿਗੂਣੀ ਦੱਸਣ ਲਈ ਇਸ ਦੀ ਤੁਲਨਾ ਛੱਜ ਨਾਲ ਕੀਤੀ ਜਾਂਦੀ ਹੈ। ਜਦੋਂ ਬੰਦਾ ਗ਼ਲਤੀਆਂ ਦਾ ਪੁਤਲਾ ਹੋਵੇ ਅਤੇ ਉਹ ਦੂਸਰੇ ਵੱਲ ਉਂਗਲ ਕਰਦਾ ਹੋਵੇ ਤਾਂ ਉਸ ਨੂੰ ਰੋਕਣ ਲਈ ਇਸ ਮੁਹਾਵਰੇ ਦੀ ਵਰਤੋਂ ਕੀਤੀ ਜਾਂਦੀ ਹੈ। ਛੱਜ ਵਿੱਚ ਪਾ ਕੇ ਛੱਟਣਾ ਵੀ ਕਿਸੇ ਨੂੰ ਅੰਤਾਂ ਦਾ ਬਦਨਾਮ ਕਰਨ ਲਈ ਵਰਤਿਆ ਜਾਣ ਵਾਲਾ ਮੁਹਾਵਰਾ ਹੈ। ਇਸੇ ਤਰ੍ਹਾਂ ਵਿਆਹ ਸ਼ਾਦੀ ਵੇਲੇ ਵਿਸ਼ੇਸ਼ ਤੌਰ 'ਤੇ ਨਾਨਕਾ ਛੱਕ ਵੱਲੋਂ ਜਾਗੋ ਕੱਢੀ ਜਾਂਦੀ ਹੈ ਅਤੇ ਇਸ ਦੇ ਅਖੀਰ 'ਤੇ ਘਰ ਵਿੱਚ ਇਕੱਠੀਆਂ ਹੋ ਕੇ ਔਰਤਾਂ ਗਿੱਧਾ ਪਾਉਂਦੀਆਂਹਨ। ਗਿੱਧੇ ਦੇ ਅੰਤ 'ਤੇ ਔਰਤਾਂ ਦੁਆਰਾ ਡੰਡੇ ਦੀ ਸਹਾਇਤਾ ਨਾਲ ਛੱਜ ਨੂੰ ਭੰਨਿਆ ਜਾਂਦਾ ਹੈ।

ਮੌਜੂਦਾ ਸਮੇਂ ਵਿੱਚ ਛੱਜ ਪੰਜਾਬੀ ਜੀਵਨ-ਜਾਚ ਵਿੱਚੋਂ ਲੋਪ ਹੋਣ ਦੇ ਕੰਢੇ 'ਤੇ ਹੈ। ਉਂਝ ਜਿਊਂਦਾ ਰਹੇ ਨਾਨਕਾ ਛੱਕ ਜਿਹੜਾ ਮੈਰਿਜ ਪੈਲਸਾਂ ਵਿੱਚ ਜਾਗੋ ਕੱਢਣ ਵੇਲੇ ਛੱਜ ਜ਼ਰੂਰ ਭੰਨਦਾ ਹੈ ਅਤੇ ਲੱਗਦੇ ਰਹਿਣ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਦੇ ਯੁਵਕ ਮੇਲੇ ਜਿੱਥੇ ਗਿੱਧੇ ਦੀ ਪੇਸ਼ਕਾਰੀ ਵਿੱਚ ਛੱਜ ਭੰਨਿਆ ਜਾਂਦਾ ਹੈ। ਇਸ ਤਰ੍ਹਾਂ ਛੱਜ ਦੀ ਨਿਸ਼ਾਨੀ ਮਿਲਦੀ ਰਹੇਗੀ।

# ਸੁਣ ਵੇ ਪਿੰਡ ਦਿਆ ਹਾਕਮਾਂ . . .



ਬਹਾਦਰ ਸਿੰਘ ਗੋਸਲ

ਪੰਜਾਬੀ ਸੱਭਿਆਚਾਰ ਬਹੁਤ ਵਿਲੱਖਣ ਅਤੇ ਖ਼ੁਸ਼ੀਆਂ ਪ੍ਰਦਾਨ ਕਰਨ ਵਾਲਾ ਹੈ। ਇਸ ਨੇ ਪੰਜਾਬੀਆਂ ਦੇ ਮਨਾਂ ਨੂੰ ਮੋਹ ਕੇ ਉਨ੍ਹਾਂ ਦੇ ਜੀਵਨ ਦੀਆਂ ਹਰ ਤਰ੍ਹਾਂ ਦੀਆਂ ਘਟਨਾਵਾਂ ਨੂੰ ਦਰਸਾਉਣ ਦਾ ਯਤਨ ਕੀਤਾ ਹੈ। ਪੰਜਾਬੀ ਸੱਭਿਆਚਾਰ ਦੀ ਇਹ ਖਾਸੀਅਤ ਰਹੀ ਹੈ ਕਿ ਇਸ ਨੇ ਪੰਜਾਬੀ ਪਰਿਵਾਰਾਂ ਦੇ ਹਰ ਦੁੱਖ-ਸੁੱਖ ਦੀ ਗੱਲ ਕੀਤੀ ਹੈ। ਜੇ ਕਿਸੇ ਪਰਿਵਾਰ ਵਿੱਚ ਖ਼ੁਸ਼ੀਆਂ ਜਾਂ ਵਿਆਹ ਦਾ ਸਮਾਂ ਆਇਆ ਹੈ ਤਾਂ ਇਸ ਨੇ ਰੱਜ ਕੇ ਉਸ ਪਰਿਵਾਰ ਦੀਆਂ ਖ਼ੁਸ਼ੀਆਂ ਵਿੱਚ ਵਾਧਾ ਕੀਤਾ। ਜੇ ਕਿਤੇ ਕਿਸੇ ਪਰਿਵਾਰ ਵਿੱਚ ਕੋਈ ਗ਼ਮੀ ਦਾ ਕਾਰਨ ਬਣਿਆ ਤਾਂ ਵੀ ਸਾਡੇ ਪੰਜਾਬੀ ਸੱਭਿਆਚਾਰ ਨੇ ਉਸ ਦੁੱਖ ਨੂੰ ਘੱਟ ਕਰਨ ਜਾਂ ਸਮਾਜਿਕ ਸਾਂਝ ਦਾ ਹਿੱਸਾ ਬਣਾਇਆ ਹੈ।

ਇਹ ਪੰਜਾਬੀ ਸੱਭਿਆਚਾਰ ਦਾ ਹੀ ਰੰਗ ਹੈ ਕਿ ਪੇਂਡੂ ਜੀਵਨ ਵਿੱਚ ਬੱਚੇ, ਬੁੱਢੇ, ਨੌਜਵਾਨ ਅਤੇ ਮੁਟਿਆਰਾਂ ਸਭ ਇਸ ਦੀ ਵਿਲੱਖਣ ਦ੍ਰਿਸ਼ਟੀ ਦਾ ਪਾਤਰ ਬਣਦੇ ਹਨ। ਛੋਟੀਆਂ ਬੱਚੀਆਂ ਵੱਲੋਂ ਗੁੱਡੇ-ਪਟੋਲਿਆਂ ਨਾਲ ਖੇਡਣ ਤੋਂ ਲੈ ਕੇ ਵੱਡੀ ਉਮਰ ਦੇ ਬਾਬਿਆਂ ਤੱਕ ਪੰਜਾਬੀ ਸੱਭਿਆਚਾਰ ਨੇ ਸਭ ਨੂੰ ਆਪਣੀ ਬੁੱਕਲ ਵਿੱਚ ਸਮੇਟਣ ਦਾ ਯਤਨ ਕੀਤਾ ਹੈ। ਇਹੀ ਕਾਰਨ ਹੈ ਕਿ ਹਰ ਉਮਰ ਦੇ ਮਨੁੱਖ ਨੇ ਪੰਜਾਬੀ ਪੇਂਡੂ ਸੱਭਿਆਚਾਰ ਦੀਆਂ ਰੰਗੀਨੀਆਂ ਨੂੰ ਮਾਣਿਆ ਹੈ।

ਪੰਜਾਬੀ ਸੱਭਿਆਚਾਰ ਨੇ ਜਿੱਥੇ ਮਨੁੱਖੀ ਸਮਾਜ ਨੂੰ ਰੰਗੀਲਾ ਬਣਾਇਆ ਹੈ, ਉੱਥੇ ਹੀ ਸਮੇਂ-ਸਮੇਂ 'ਤੇ ਮਨੁੱਖ ਨੂੰ ਮਾੜੇ ਕੰਮਾਂ ਤੋਂ ਵਰਜਦੇ ਹੋਏ ਅਪਾਰ ਸਿੱਖਿਆ ਵੀ ਦਿੱਤੀ ਹੈ ਤਾਂ ਕਿ ਪੰਜਾਬੀ ਸਮਾਜ ਨਰੋਆ, ਨਿੱਗਰ ਅਤੇ ਸਮਾਜਿਕ ਤੰਦਰੁਸਤੀ ਵਾਲਾ ਬਣਿਆ ਰਹੇ। ਪੰਜਾਬੀ ਸੱਭਿਆਚਾਰ ਵੱਲੋਂ ਮਨੁੱਖਾਂ ਨੂੰ ਦਿੱਤੀ ਮੱਤ ਸਾਡੇ ਇਸ ਰੰਗੀਲੇ ਸੱਭਿਆਚਾਰ ਵਿੱਚ ਉਬਾਲੇ ਖਾਂਦੀ ਨਜ਼ਰ ਆ ਰਹੀ ਹੈ। ਜਿਵੇਂ ਜਦੋਂ ਸਮਾਜ ਵਿੱਚ ਅਨਿਆਂ ਦਾ ਪ੍ਰਕੋਪ ਵਧਿਆ ਤਾਂ ਝੱਟ ਇਸ ਨੇ ਮੁੰਡਿਆਂ ਨੂੰ ਵੰਗਾਰਿਆ ਅਤੇ ਸਿੱਖਿਆ ਦੇਣ ਦਾ ਬੀੜਾ ਚੁੱਕ ਕੇ ਉਨ੍ਹਾਂ ਨੂੰ ਇਸ ਤਰ੍ਹਾਂ ਸਮਝਾਇਆ;

ਜੇ ਮੁੰਡਿਓ ਮਲਵੈਣ-ਜੱਟੀ ਨੂੰ ਵਿਆਹੁਣਾ<br>
ਭੰਗ, ਡੋਡੇ ਖਾਣੇ ਕਰੋ ਬੰਦ ਮੁੰਡਿਓ<br>
ਨਹੀਂ ਤਾਂ ਰਹਿ ਜਾਓਗੇ ਛੜੇ ਮਲੰਗ ਮੁੰਡਿਓ।

ਇਸੇ ਤਰ੍ਹਾਂ ਜਦੋਂ ਪੰਜਾਬੀ ਸਮਾਜ ਵਿੱਚ ਨਵਾਂ ਦੁਖਾਂਤ ਆਇਆ ਕਿ ਪੰਜਾਬ ਵਿੱਚ ਕੁੜੀਆਂ ਦੀ ਗਿਣਤੀ ਘਟਣ ਲੱਗੀ ਅਤੇ ਸਰਕਾਰਾਂ ਸਮੇਤ ਪੂਰਾ ਸਮਾਜ ਹੀ ਚਿੰਤਾ ਵਿੱਚ ਡੁੱਬ ਗਿਆ ਤਾਂ ਪੰਜਾਬੀ ਸੱਭਿਆਚਾਰ ਮਸਲੇ ਦੇ ਹੱਲ ਲਈ ਅੱਗੇ ਆਇਆ ਅਤੇ ਅਜਿਹੀ ਹੂਕ ਦਿੱਤੀ ਕਿ ਸਮਾਜ ਦੀਆਂ ਅੱਖਾਂ ਹੀ ਖੋਲ੍ਹ ਦੇਣ:

ਥਾਲੀ ਥਾਲੀ ਥਾਲੀ ਬਈ<br>
70 ਮੁੰਡਿਆਂ ਪਿੱਛੇ ਹੁਣ ਤਾਂ<br>
ਕੁੜੀਆਂ ਰਹਿ ਗਈਆਂ ਚਾਲੀ<br>
ਬਈ ਕੁੜੀਆਂ ਬਾਝ ਨਾ ਗਿੱਧੇ ਸੋਂਹਦੇ<br>
ਨਾ ਗਿੱਧਿਆਂ ਵਿੱਚ ਤਾੜੀ<br>
ਮੁੰਡਿਓ ਨਹੀਂ ਲੱਭਣੀ<br>
ਨਾ ਮਾਸੀ ਨਾ ਸਾਲੀ।

ਇਸੇ ਤਰ੍ਹਾਂ ਪੁਰਾਣੇ ਸਮਿਆਂ ਵਿੱਚ ਸਮਾਜ ਵਿੱਚ ਔਰਤ ਦਾ ਸਨਮਾਨ ਬੜਾ ਘੱਟ ਹੁੰਦਾ ਸੀ। ਘਰਾਂ ਪਰਿਵਾਰਾਂ ਵਿੱਚ ਵੀ ਔਰਤ ਨੂੰ ਕੰਮ ਧੰਦੇ ਵਿੱਚ ਲੱਗੀ ਰਹਿਣ ਵਾਲੀ ਸਮਝਿਆ ਜਾਂਦਾ ਸੀ। ਮਰਦ ਪ੍ਰਧਾਨ ਸਮਾਜ ਹੋਣ ਕਾਰਨ ਕਈ ਵਿਅਕਤੀ ਆਪਣੀ ਘਰਵਾਲੀ 'ਤੇ ਹੱਥ ਵੀ ਚੁੱਕ ਲੈਂਦੇ ਸਨ ਤਾਂ ਉਹ ਕਹਿੰਦੀਆਂ;

ਮਾਰਦਾ ਅੰਮੜੀਏ ਮਾਰਦਾ<br>
ਕਿਹੜੀਆਂ ਗੱਲਾਂ ਤੋਂ ਧੀਏ ਮਾਰਦਾ<br>
ਜੁੱਤੀ ਨਹੀਂਓ ਮਾਰਦਾ, ਉਹ ਥੱਪੜ ਨਹੀਂਓ ਮਾਰਦਾ<br>
ਮਾਰਦਾ ਪੰਜਾਲੀ ਵਾਲਾ ਹੱਥਾ<br>
ਪੰਜਾਲੀ ਟੁੱਟ ਜਾਊਗੀ ਮੂਰਖਾ ਵੇ ਜੱਟਾ।

ਇਸੇ ਤਰ੍ਹਾਂ ਹੀ ਜਦੋਂ ਕਿਸੇ ਘਰ ਆਈ ਨਵੀਂ ਵਹੁਟੀ ਦਾ ਪਤੀ ਕੱਬੇ ਸੁਭਾਅ ਦਾ ਮਾਲਕ ਹੁੰਦਾ ਸੀ ਤਾਂ ਉਸ ਦੀ ਘਰਵਾਲੀ ਅੰਦਰ ਹੀ ਅੰਦਰ ਉਸ ਦੇ ਮਾੜੇ ਸੁਭਾਅ ਨੂੰ ਕੋਸਦੀ ਰਹਿੰਦੀ ਅਤੇ ਆਪਣੀਆਂ ਰੀਝਾਂ ਨੂੰ ਮਨ ਵਿੱਚ ਹੀ ਸਮੇਟ ਰੱਖਦੀ, ਪਰ ਜਦੋਂ ਹਾਲਾਤ ਨਾਜ਼ੁਕ ਬਣ ਜਾਂਦੇ ਤਾਂ ਉਹ ਵੀ ਪੰਜਾਬੀ ਸੱਭਿਆਚਾਰ ਦਾ ਸਹਾਰਾ ਲੈਂਦੀ ਹੋਈ ਕਹਿੰਦੀ;

ਕਦੇ ਤਾਂ ਆ ਕੇ ਤੂੰ ਹੱਸਦਾ ਖੇਡਦਾ<br>
ਕਦੇ ਤਾਂ ਆ ਕੇ ਨਾਲ ਨੱਚ ਮੁੰਡਿਆ<br>
ਮੈਂ ਤਾਂ ਕੱਢ ਦੂੰਗੀ ਨੱਚ ਨੱਚ ਵੱਟ ਮੁੰਡਿਆ।

ਕਿਹਾ ਜਾਂਦਾ ਹੈ ਕਿ ਕਿਸੇ ਵੀ ਵਿਅਕਤੀ ਦਾ ਚਾਲ ਚੱਲਣ ਸਭ ਤੋਂ ਉੱਤਮ ਹੁੰਦਾ ਹੈ, ਪਰ ਜੇ ਕੋਈ ਵਿਅਕਤੀ ਆਪਣੇ ਚਾਲ ਚੱਲਣ ਤੋਂ ਡਿੱਗ ਪਵੇ ਤਾਂ ਉਸ ਦਾ ਸਮਾਜ ਵਿੱਚ ਰਹਿਣਾ ਮੁਸ਼ਕਿਲ ਬਣ ਜਾਂਦਾ ਹੈ। ਪਰਾਈਆਂ ਧੀਆਂ-ਭੈਣਾਂ ਅਤੇ ਬਿਗਾਨੀਆਂ ਨਾਰਾਂ 'ਤੇ ਬੁਰੀ ਨਜ਼ਰ ਰੱਖਣ ਵਾਲਿਆਂ ਨੂੰ ਪੰਜਾਬੀ ਸੱਭਿਆਚਾਰ ਸਦੀਆਂ ਤੋਂ ਹੀ ਸਮਝਾਉਂਦਾ ਆਇਆ ਹੈ ਅਤੇ ਇਸ ਲਈ ਆਵਾਜ਼ ਬੁਲੰਦ ਕੀਤੀ ਗਈ ਹੈ;

ਉੱਚਾ ਬੁਰਜ ਬਰੋਬਰ ਮੋਰੀ<br>
ਦੀਵਾ ਕਿਸ ਵਿਧ ਧਰੀਏ<br>
ਚਾਰੇ ਨੈਣ ਕਟਾ ਵੱਢ ਹੋ ਗੇ<br>
ਹਾਮੀ ਕੀਹਦੀ ਭਰੀਏ<br>
ਨਾਰ ਪਰਾਈ ਆਦਰ ਥੋੜ੍ਹਾ<br>
ਗਲ਼ ਲੱਗ ਕੇ ਨਾ ਮਰੀਏ<br>
ਨਾਰ ਬਿਗਾਨੀ ਦੀ-<br>
ਬਾਂਹ ਨਾ ਮੂਰਖਾ ਫੜੀਏ

ਇੱਥੇ ਹੀ ਬਸ ਨਹੀਂ, ਮਨੁੱਖ ਦੇ ਚਰਿੱਤਰ ਨੂੰ ਉੱਚਾ ਅਤੇ ਸੁੱਚਾ ਬਣਾਉਣ ਲਈ ਪੰਜਾਬੀ ਸੱਭਿਆਚਾਰ ਨੇ ਜਿੱਥੇ ਵੱਡੀਆਂ ਸਿੱਖਿਆਵਾਂ ਦਿੱਤੀਆਂ ਹਨ, ਉੱਥੇ ਹੀ ਪੰਜਾਬੀਆਂ ਨੂੰ ਉਨ੍ਹਾਂ ਦੇ ਮਾਣ ਮੱਤੇ ਇਤਿਹਾਸ ਬਾਰੇ ਚੇਤੇ ਕਰਾਇਆ ਹੈ;

ਬੱਲੇ ਬੱਲੇ ਬਈ ਪੰਜ ਸੌ ਛਡਾਈਆਂ ਅਬਲਾਂ<br>
ਖੰਡੇ ਖਿੱਚ ਕੇ ਜੈਕਾਰੇ ਸਿੰਘਾਂ ਬੋਲੇ।

ਪੰਜਾਬੀ ਸਮਾਜ ਵਿੱਚ ਝੂਠ ਬੋਲਣ, ਨਿੰਦਾ ਕਰਨ ਅਤੇ ਦੂਸ਼ਣਬਾਜ਼ੀ ਦੀ ਭਰਪੂਰ ਮਨਾਹੀ ਹੈ, ਇਸੇ ਲਈ ਪੰਜਾਬੀ ਸੱਭਿਆਚਾਰ ਵੀ ਇਸ ਦੀ ਹਾਮੀ ਭਰਦਾ ਨਜ਼ਰ ਆਉਂਦਾਹੈ ਅਤੇ ਝੂਠ ਤੋਂ ਦੂਰ ਰਹਿਣ ਦੀ ਸਾਰੇ ਮਨੁੱਖਾਂ ਨੂੰ ਮੱਤ ਦਿੰਦਾ ਹੈ;

ਕੀਹਨੇ ਤੈਨੂੰ ਭਰੀ ਚੁਕਾਈ, ਕਿਹਨੇ ਵੱਢੇ ਪੱਠੇ<br>
ਝੂਠ ਬੋਲੀ ਨਾ, ਤਾਰਾ ਲੱਗਦਾ ਮੱਥੇ।

ਇਸੇ ਤਰ੍ਹਾਂ ਪੁਰਾਣੇ ਸਮੇਂ ਵਿੱਚ ਕੁੜੀਆਂ ਨੂੰ ਸਕੂਲ ਨਹੀਂ ਸੀ ਭੇਜਿਆ ਜਾਂਦਾ ਅਤੇ ਕੁੜੀਆਂ ਅਨਪੜ੍ਹ ਹੀ ਰਹਿ ਜਾਂਦੀਆਂ ਸਨ। ਫਿਰ ਕੁੜੀਆਂ ਦੀ ਪੜ੍ਹਾਈ ਲਈ ਪੰਜਾਬੀ ਸੱਭਿਆਚਾਰ ਨੇ ਤਕੜਾ ਹੰਭਲਾ ਮਾਰਿਆ ਅਤੇ ਕੁੜੀਆਂ ਨੂੰ ਪੜ੍ਹਨ ਲਈ ਪ੍ਰੇਰਿਆ;

ਪੜ੍ਹਲੋ ਕਿਤਾਬਾਂ ਪਾ ਲਓ ਵਿੱਦਿਆ<br>
ਇਹ ਵੱਡਿਆਂ ਦਾ ਕਹਿਣਾ।<br>
ਵਿੱਦਿਆ ਬਾਝ ਨਾ ਰਹਿੰਦਾ ਕੋਈ,<br>
ਨਾ ਕਿਸੇ ਨੇ ਰਹਿਣਾ<br>
ਅਨਪੜ੍ਹ ਕੁੜੀਆਂ ਦਾ ਸਾਕ ਕਿਸੇ ਨਹੀਂ ਲੈਣਾ।

(ਬਾਕੀ ਸਫ਼ਾ 31 'ਤੇ)

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ’ਚ ਭਾਈ ਗੁਰਦਾਸ ਜੀ ਦਾ ਯੋਗਦਾਨ

ਡਾ. ਧਰਮ ਸਿੰਘ

ਸਿੱਖ ਇਤਿਹਾਸ ਅਤੇ ਰਵਾਇਤਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ’ਚ ਭਾਈ ਗੁਰਦਾਸ ਜੀ ਦਾ ਯੋਗਦਾਨ ਇੱਕ ਲਿਖਾਰੀ ਵਜੋਂ ਹੀ ਸਵੀਕਾਰ ਕੀਤਾ ਜਾਂਦਾ ਹੈ ਪਰ ਇਹ ਅੰਤਿਮ ਸੱਚ ਨਹੀਂ। ਇਹ ਠੀਕ ਹੈ ਕਿ ਲਿਖਾਰੀ ਭਾਈ ਗੁਰਦਾਸ ਜੀ ਹੀ ਸਨ ਪਰ ਪ੍ਰਮਾਣਿਕ ਬਾਣੀ ਨੂੰ ਇਕੱਤਰ ਕਰਨ, ਕੱਚੀ ਬਾਣੀ ਨੂੰ ਸੱਚੀ ਬਾਣੀ ਨਾਲੋਂ ਨਿਖੇੜ ਕੇ ਵੱਖ ਕਰਨ ਅਤੇ ਹੋਰ ਕਈਆਂ ਕਾਰਨਾਂ ਕਰ ਕੇ ਭਾਈ ਗੁਰਦਾਸ ਜੀ ਦਾ ਯੋਗਦਾਨ ਲਿਖਾਰੀ ਦੇ ਨਾਲ-ਨਾਲ ਹੋਰ ਵੀ ਹੈ।

ਸੰਪਾਦਨ

ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਕਾਰਨਾਂ ਵਿੱਚ ਸਭ ਤੋਂ ਵੱਡਾ ਕਾਰਨ ਪ੍ਰਮਾਣਿਕ ਬਾਣੀ ਨੂੰ ਕੱਚੀ ਬਾਣੀ ਨਾਲੋਂ ਨਿਖੇੜਨਾ ਸੀ। ਇਸ ਸੰਬੰਧ ਵਿੱਚ ਕੇਸਰ ਸਿੰਘ ਛਿੱਬਰ ਵਿਸ਼ੇਸ਼ ਤੌਰ ’ਤੇ ਇਹ ਜ਼ਿਕਰ ਕਰਦਾ ਹੈ ਕਿ ਪ੍ਰਿਥੀ ਚੰਦ ਦਾ ਪੁੱਤਰ ਆਪ ਵੀ ਕਵਿਤਾ ਰਚਦਾ ਸੀ ਪਰ ਕਵੀ ਛਾਪ ਵਜੋਂ ‘ਨਾਨਕ’ ਪਦ ਹੀ ਵਰਤਦਾ ਸੀ। ਇੱਕ ਦਿਨ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹਾਜ਼ਰੀ ਵਿੱਚ ਕਿਸੇ ਸਿੱਖ ਨੇ ਕੀਰਤਨ ਕਰਦੇ ਵਕਤ ਇੱਕ ਸ਼ਬਦ ਪੜ੍ਹਿਆ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਸੁਣਿਆ। ਸ਼ਬਦ ਪ੍ਰਮਾਣਿਕ ਬਾਣੀ ਵਿੱਚ ਨਾ ਹੋਣ ਕਰ ਕੇ ਪ੍ਰਮਾਣਿਕ ਵਜੋਂ ਚੱਲ ਪੈਣ ਦੇ ਡਰ ਕਾਰਨ ਗੁਰੂ ਸਾਹਿਬ ਨੇ ਫੌਰੀ ਤੌਰ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨ ਦਾ ਮਨ ਬਣਾ ਲਿਆ। ਹੁਣ ਸਵਾਲ ਇਹ ਸੀ ਇਹ ਵੱਡੀ ਜ਼ਿੰਮੇਵਾਰੀ ਵਾਲਾ ਕੰਮ ਕਿਸ ਨੂੰ ਸੌਂਪਿਆ ਜਾਵੇ। ਬੇਸ਼ੱਕ ਇਹ ਸਾਰਾ ਕੁਝ ਗੁਰੂ ਸਾਹਿਬ ਦੀ ਆਪਣੀ ਨਿਗਰਾਨੀ ਵਿੱਚ ਹੋਣਾ ਸੀ ਪਰ ਸਹਾਇਕ ਅਤੇ ਲਿਖਾਰੀ ਵਜੋਂ ਚੋਣ ਭਾਈ ਗੁਰਦਾਸ ਜੀ ਦੀ ਹੀ ਕੀਤੀ ਗਈ। ਭਾਈ ਗੁਰਦਾਸ ਜੀ ਪਹਿਲਾਂ ਹੀ ਤੋਂ ਗੁਰਬਾਣੀ ਦੀਆਂ ਪੋਥੀਆਂ ਤਿਆਰ ਕਰਨ ਦਾ ਕੰਮ ਕਰ ਰਹੇ ਸਨ। ਇਹ ਦੱਸਣ ਦੀ ਲੋੜ ਨਹੀਂ ਭਾਸਦੀ ਕਿ ਸਾਰੇ ਸ੍ਰੀ ਗੁਰੂ ਸਾਹਿਬਾਨ ਦੇ ਦਰਬਾਰਾਂ ਵਿੱਚ ਕਈ ਲਿਖਾਰੀ ਹੁੰਦੇ ਸਨ ਜੋ ਬਾਣੀ ਲਿਖਦੇ ਆਏ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਵੀ ਚਾਰ ਪੰਜ ਨਾਮੀ ਲਿਖਾਰੀ ਸਨ। ਇੰਝ ਭਾਈ ਗੁਰਦਾਸ ਦੇ ਮੁਹਾਵਰੇ ਤੋਂ ਜਾਣੂ ਸਨ। ਸਭ ਤੋਂ ਪਹਿਲਾ ਕੰਮ ਗੁਰਬਾਣੀ ਨੂੰ ਇਕੱਤਰ ਕਰਨ ਦਾ ਸੀ ਜੋ ਪੋਥੀਆਂ ਦੇ ਰੂਪ ਵਿੱਚ ਗੋਇੰਦਵਾਲ ਸਾਹਿਬ ਵਿਖੇ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਦੇ ਪੁੱਤਰ ਬਾਬਾ ਮੋਹਨ ਕੋਲ ਸੁਰੱਖਿਅਤ ਪਈਆਂ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲਾਂ ਭਾਈ ਗੁਰਦਾਸ ਜੀ ਨੂੰ ਭੇਜਣਾ ਚਾਹਿਆ ਪਰ ਭਾਈ ਗੁਰਦਾਸ ਜੀ ਨੇ ਕਿਹਾ ਕਿ ਹੋ ਸਕਦਾ ਹੈ ਕਿ ਉਸ ਨੂੰ ਉਹ ਪੋਥੀਆਂ ਨਾ ਦੇਣ, ਇਸ ਲਈ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਆਪ ਲੈਣ ਵਾਸਤੇ ਗਏ। ਆਪ ਜੀ ਇਹ ਪੋਥੀਆਂ ਲੈ ਆਏ ਤੇ ਭਾਈ ਗੁਰਦਾਸ ਦੇ ਸਪੁਰਦ ਕਰ ਦਿੱਤੀਆਂ ਗਈਆਂ। ਹੋਰ ਦੂਰ-ਨੇੜਿਓਂ ਜਿਥੇ ਵੀ ਗੁਰਬਾਣੀ ਦੇ ਹੱਥ-ਲਿਖਤ ਸੰਗ੍ਰਹਿ ਹੋਣ ਦੀ ਦੱਸ ਪਈ, ਉਹ ਵੀ ਮੰਗਵਾ ਲਏ ਗਏ। ਇਸ ਪ੍ਰਕਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਬੀੜ ਤਿਆਰ ਕਰਨ ਦਾ ਕੰਮ ਆਰੰਭਿਆ।

ਭਾਵੇਂ ਗੁਰੂ ਅਰਜਨ ਦੇਵ ਜੀ ਨੇ ਬਾਣੀ ਦੀ ਨਿਰਖ-ਪਰਖ ਕਰ ਕੇ ਭਾਈ ਗੁਰਦਾਸ ਜੀ ਨੂੰ ਸੱਚੀ ਤੇ ਪ੍ਰਮਾਣਿਕ ਬਾਣੀ ਨੂੰ ਪਛਾਣਨ ਦਾ ਕੰਮ ਸੌਂਪ ਰੱਖਿਆ ਸੀ ਅਤੇ ਉਹ ਇਸ ਕਾਰਜ ਨੂੰ ਬੜੀ ਮਿਹਨਤ ਅਤੇ ਲ਼ਗਨ ਨਾਲ ਕਰ ਰਹੇ ਸਨ ਪਰ ਫਿਰ ਵੀ ਗੁਰੂ ਸਾਹਿਬ ਕਦੀ-ਕਦਾਈਂ ਉਨ੍ਹਾਂ ਦੀ ਪ੍ਰੀਖਿਆ ਵੀ ਲੈ ਲੈਂਦੇ ਸਨ ਅਤੇ ਇਸ ਪ੍ਰਕਾਰ ਉਨ੍ਹਾਂ ਦੀ ਤਸੱਲੀ ਵੀ ਹੋ ਜਾਂਦੀ ਸੀ। ਇੱਕ ਦਿਨ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਨੂੰ



ਸਵਾਲ ਕੀਤਾ ਕਿ ਉਹ ਅਜਿਹੀ ਨਿਰਖ ਪਰਖ ਕਿਸ ਪ੍ਰਕਾਰ ਕਰ ਲੈਂਦੇ ਹਨ ? ਗੁਰੂ ਸਾਹਿਬ ਦੇ ਇਸ ਪ੍ਰਸ਼ਨ ਦਾ ਉੱਤਰ ਮਹਿਮਾ ਪ੍ਰਕਾਸ਼ ਗ੍ਰੰਥ ਦੇ ਕਰਤਾ ਸਰੂਪ ਦਾਸ ਭੱਲਾ ਨੇ ਬਹੁਤ ਹੀ ਸੋਹਣੇ ਢੰਗ ਨਾਲ ਦੁਆਇਆ ਹੈ। ਭਾਈ ਗੁਰਦਾਸ ਜੀ ਦਾ ਉੱਤਰ ਸੀ ਕਿ ਜਿਸ ਤਰ੍ਹਾਂ ਬਹੁਤ ਸਾਰੇ ਮਰਦਾਂ ਵਿੱਚ ਪਤਨੀ ਆਪਣੇ ਪਤੀ ਦੀ ਆਵਾਜ਼ ਸਹਿਜੇ ਹੀ ਪਛਾਣ ਲੈਂਦੀ ਹੈ, ਤਿਵੇਂ ਹੀ ਅੰਦਰੋਂ ਫੁੱਟੀ ਚੇਤਨਾ ਨਾਲ ਉਹ ਅਜਿਹੀ ਪਛਾਣ ਕਰ ਲੈਂਦਾ ਹੈ-

‘ਕਹਿਓ ਦਿਆਲ ਗੁਰਦਾਸ ਕੋ,
ਤੁਮ ਬਾਣੀ ਲਿਖੋ ਪਛਾਣ।
ਜੋ ਯਹ ਨਿਕਲ ਬਾਹਰ ਧਰੀ,
ਕੈਸੇ ਪਾਇਓ ਗਿਆਨ।
ਕਰ ਜੋੜ ਗੁਰਦਾਸ ਕਰੀ ਅਰਦਾਸ।
ਸੋ ਸਤਿਗੁਰ ਗਿਆਨ ਐਸੇ ਮੋ ਪਾਸ।
ਬਹੁਤ ਪੁਰਖ ਮਿਲ ਬਾਤ ਬਖਨੇ।
ਨਿਜ ਭਰਤਾ ਬੋਲ ਤਿਰੀਆ ਪਹਿਚਾਨੇ।’

ਭਾਈ ਵੀਰ ਸਿੰਘ ਆਪਣੇ ਗ੍ਰੰਥ ‘ਗੁਰੂ ਕੀਰਤ ਪ੍ਰਕਾਸ਼’ ਵਿੱਚ ਚਰਚਾ ਕਰਦਾ ਹੈ ਕਿ ਮਿਹਰਬਾਨ ਤੋਂ ਬਿਨਾਂ ਪ੍ਰਿਥੀਚੰਦ ਅਤੇ ਉਸ ਦਾ ਭਰਾ ਮਹਾਂਦੇਵ ਵੀ ਕੱਚੀ ਬਾਣੀ ਰਚਦੇ ਸਨ। ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਹੋ ਰਹੀ ਸੀ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸਖ਼ਤ ਵਿਰੋਧ ਹੋਣ ਦੇ ਬਾਵਜੂਦ, ਉਹ ਆਪਣੀ ਕੱਚੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕਰਾਉਣ ਲਈ ਲੈ ਆਏ ਪਰ ਭਾਈ ਗੁਰਦਾਸ ਜੀ ਦੀ ਪਾਰਖੂ ਅੱਖ ਨੇ ਉਸ ਦੇ ਅਜਿਹੇ ਮਨਸੂਬੇ ਸਫਲ ਨਹੀਂ ਹੋਣ ਦਿੱਤੇ--

‘ਸ੍ਰੀ ਗੁਰਬਾਣੀ ਸਰਬ ਲਿਖਾਈ।
ਗੁਰੂ ਗ੍ਰੰਥ ਕੀ ਬੀੜ ਬੰਧਾਈ।
ਸਭ ਭਗਤਾਂ ਦੇ ਸ਼ਬਦ ਚਢਾਏ।
ਰਾਗ ਰਾਗ ਕੈ ਅੰਤਹਿ ਆਏ।
ਸੋ ਬਾਣੀ ਗੁਰਦਾਸ ਹਟਾਈ।
ਗੁਰ ਬਿਨਾ ਕਾਚੀ ਠਹਿਰਾਈ।’

ਭਾਈ ਸੰਤੋਖ ਸਿੰਘ ਰਚਿਤ ‘ਗੁਰੂ ਪ੍ਰਤਾਪ ਸੂਰਜ ਗ੍ਰੰਥ’ ਦਾ ਸਿੱਖ ਗ੍ਰੰਥਾਂ ਵਿੱਚ ਉੱਘਾ ਤੇ ਮਹੱਤਵਪੂਰਨ ਸਥਾਨ ਹੈ। ਉਸ ਨੇ ਵੀ ਥੋੜ੍ਹੇ ਬਹੁਤੇ ਫ਼ਰਕ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸੰਪਾਦਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦੀ ਗੱਲ ਕੀਤੀ ਹੈ। ਆਮ ਧਾਰਨਾ ਬੇਸ਼ੱਕ ਭਾਈ ਗੁਰਦਾਸ ਦੀ ਸੇਵਾ ਨੂੰ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਬੀੜ ਦੀ ਲਿਖਾਈ ਤੱਕ ਹੀ ਸੀਮਤ ਕਰਦਾ ਹੈ ਪਰ ਸਾਡ ਖ਼ਿਆਲ ਵਿੱਚ ਭਾਈ ਗੁਰਦਾਸ ਦਾ ਯੋਗਦਾਨ ਇਸ ਨਾਲੋਂ ਵੱਡਾ ਹੈ। ਕੱਚੀ ਬਾਣੀ ਨਾਲੋਂ ਪ੍ਰਮਾਣਿਕ ਬਾਣੀ ਨੂੰ ਨਿਖੇੜਨ ਦੀ ਉਨ੍ਹਾਂ ਦੀ ਤਿੱਖੀ ਸੂਝ ਅਤੇ ਬਾਰੀਕਬੀਨੀ ਇਸ ਦਾ ਪ੍ਰਮਾਣ ਹੈ। ਇਹ ਠੀਕ ਹੈ ਕਿ ਇਸ ਪਾਸੇ ਭਾਈ ਗੁਰਦਾਸ ਜੀ ਦੀ ਅਗਵਾਈ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਕਰ ਰਹੇ ਸਨ ਪਰ ਗੁਰੂ ਆਸ਼ੇ ਮੁਤਾਬਿਕ ਗ੍ਰੰਥ ਤਿਆਰ ਕਰਨ ਵਿੱਚ ਭਾਈ ਗੁਰਦਾਸ ਜੀ ਦੀ ਪਾਰਖੂ ਅੱਖ ਦਾ ਯੋਗਦਾਨ ਘੱਟ ਨਹੀਂ। ਭਾਈ ਗੁਰਦਾਸ ਜੀ ਵੱਲੋਂ ਲਿਖਤ ਬੀੜ , ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ‘ਭਾਈ ਗੁਰਦਾਸ ਜੀ ਦੀ ਬੀੜ’ ਜਾਂ ‘ਕਰਤਾਰਪੁਰੀ ਬੀੜ’ ਦੇ ਨਾਂ ਨਾਲ ਵੀ ਪ੍ਰਸਿੱਧ ਸੀ। ਇਸ ਤੋਂ ਪਿਛੋਂ ਜਦ ਤਲਵੰਡੀ ਸਾਬੋ ਵਿਖੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਇਸ ਵਿੱਚ ਦਰਜ ਕਰ ਕੇ ਅਤੇ ਇਸ ਨੂੰ ਭਾਈ ਮਨੀ ਸਿੰਘ ਵੱਲੋਂ ਲਿਖਵਾ ਕੇ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ, ਨਾਂਦੇੜ ਦੇ ਸਥਾਨ ਉੱਪਰ ਗੁਰੂ ਜੀ ਵੱਲੋਂ ਗੁਰਗੱਦੀ ਦਿੱਤੀ ਗਈ ਤਾਂ ਇਸੇ ਬੀੜ ਨੂੰ ‘ਦਮਦਮੀ ਬੀੜ’ ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਕਾਲਾਂਤਰ ਨਾਲ ਗੁਰਬਾਣੀ ਦੇ ਜਿੰਨੇ ਵੀ ਟੀਕੇ, ਵਿਆਖਿਆਵਾਂ ਹੋਈਆਂ ਹਨ, ਉਨ੍ਹਾਂ ਸਭਨਾਂ ਦਾ ਆਧਾਰ ਇਹੋ ਦਮਦਮੀ ਬੀੜ ਹੈ। ਕਈਆਂ ਕਾਰਨ ਕਰ ਕੇ ਫਰੀਦਕੋਟੀ ਟੀਕਾ, ਸ਼ਬਦਾਰਥ ਅਤੇ ਸ੍ਰੀ ਗੁਰੂ ਗ੍ਰੰਥ ਦਰਪਣ ਆਦਿ ਟੀਕਿਆਂ ਦੇ ਨਾਂ ਵੱਖ-ਵੱਖ ਹਨ ਪਰ ਆਧਾਰ ਸਭ ਦਾ ਇਹੋ ਭਾਈ ਗੁਰਦਾਸ ਜੀ ਤੇ ਪਿਛੋਂ ਭਾਈ ਮਨੀ ਸਿੰਘ ਵਾਲੀ ‘ਦਮਦਮੀ ਬੀੜ’ ਹੀ ਹੈ।

ਸਮੁੱਚੀ ਰਚਨਾ ’ਤੇ ਪੰਜਵੇਂ ਪਾਤਸ਼ਾਹ ਦੀ ਮੋਹਰ

ਭਾਈ ਗੁਰਦਾਸ ਦਾ ਯੋਗਦਾਨ ਇਥੋਂ ਤੱਕ ਹੀ ਸੀਮਤ ਨਹੀਂ ਸਗੋਂ ਦੋ ਹੋਰ ਗੱਲਾਂ ਕਰ ਕੇ ਵੀ ਗੌਲਣਯੋਗ ਹੈ। ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਤੇ ਕਬਿੱਤ ਸ੍ਰੀ ਗੁਰੂ ਅਰਜਨ ਦੇਵ ਜੀ ਆਗਿਆ ਨਾਲ ਹੀ ਰਚੇ ਸਨ । ਜਿਸ ਦਾ ਸਿੱਧਾ ਜਿਹਾ (ਬਾਕੀ ਸਫ਼ਾ 31 ’ਤੇ)

# ਸਿੱਖ ਇਤਿਹਾਸ ਦਾ ਵਡਮੁੱਲਾ ਸੋਮਾ ਭਾਈ ਕਾਨ੍ਹ ਸਿੰਘ ਨਾਭਾ ਦੀ ਰਚਨਾ ਮਹਾਨ ਕੋਸ਼

ਡਾ. ਜਗਮੇਲ ਸਿੰਘ

ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਤੋਂ ਬਾਅਦ ਇੱਥੇ ਇੱਕ ਹੋਰ ਨਵਾਂ ਦੌਰ ਸ਼ੁਰੂ ਹੁੰਦਾ ਹੈ। ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਅਤੇ ਆਰੀਆ ਸਮਾਜ ਦੀ ਚਲਾਈ ‘ਸ਼ੁੱਧ’ ਕਰਨ ਦੀ ਲਹਿਰ ਤੋਂ ਪ੍ਰਭਾਵਤ ਹੋ ਕੇ ਪੰਜਾਬੀ ਆਪਣੇ ਮੂਲ ਧਰਮ, ਸਿੱਖ ਧਰਮ ਤੋਂ ਦੂਰ ਹੁੰਦੇ ਜਾ ਰਹੇ ਸਨ। ਪਰ ਇਹ ਵਾਤਾਵਰਣ ਬਹੁਤੀ ਦੇਰ ਕਾਇਮ ਨਾ ਰਹਿ ਸਕਿਆ।

ਉੱਨੀਵੀਂ ਸਦੀ ਦੇ ਪਿਛਲੇਰੇ ਅੱਧ ਵਿੱਚ ਪੰਜਾਬ ਦੀ ਸੰਸਕ੍ਰਿਤਕ ਅਤੇ ਆਤਮਿਕ ਚੇਤਨਾ ਲਈ ਸਿੰਘ ਸਭਾ ਲਹਿਰ ਨੇ ਜਨਮ ਲਿਆ ਜਿਸ ਨੇ ਪੰਜਾਬ ਦੇ ਜੀਵਨ ਨੂੰ ਨਿਰਮਲ ਤੇ ਨਰੋਆ ਰੱਖਣ ਤੇ ਪ੍ਰਫੁੱਲਤ ਕਰਨ ਦਾ ਭਰਪੂਰ ਉਪਰਾਲਾ ਕੀਤਾ। ਸੰਨ 1872 ਵਿੱਚ ਆਰੰਭ ਹੋਈ ‘ਸਿੰਘ ਸਭਾ ਲਹਿਰ’ ਜਦੋਂ ਪੂਰੇ ਜ਼ੋਰ-ਸ਼ੋਰ ਨਾਲ ਚੱਲ ਰਹੀ ਸੀ ਤਾਂ ਅਜਿਹੇ ਮੌਕੇ ਭਰ ਜਵਾਨੀ ਦੀ ਉਮਰੇ ਭਾਈ ਕਾਨ੍ਹ ਸਿੰਘ ਨਾਭਾ (1861-1938 ਈ.) ਦਾ ਮੇਲ-ਮਿਲਾਪ ਲਾਹੌਰ ’ਚ ਸਿੰਘ ਸਭਾਈ ਆਗੂਆਂ ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ ਅਤੇ ਸਰ ਅਤਰ ਸਿੰਘ ਭਦੌੜ ਨਾਲ ਹੋਇਆ। ਭਾਈ ਸਾਹਿਬ ਦੀ ਵਿਦਵਤਾ ਦਾ ਇਨ੍ਹਾਂ ਸਿੱਖ ਆਗੂਆਂ ਨੇ ਬਹੁਤ ਗਹਿਰਾ ਅਸਰ ਕਬੂਲ ਕੀਤਾ ਅਤੇ ਉਨ੍ਹਾਂ ਨੂੰ ਲਹਿਰ ਨਾਲ ਜੋੜਿਆ।

ਸਮੇਂ ਦੀ ਮੰਗ ਅਨੁਸਾਰ ਭਾਈ ਕਾਨ੍ਹ ਸਿੰਘ ਨਾਭਾ ਨੇ ਸਿੰਘ ਸਭਾ ਲਹਿਰ ਦੇ ਮੁੱਖ ਉਦੇਸ਼ ਸਿੱਖੀ ਸਿਧਾਂਤਾਂ ਤੇ ਸਿੱਖੀ ਜੀਵਨ ਦੇ ਪ੍ਰਚਾਰ ਲਈ ‘ਹਮ ਹਿੰਦੂ ਨਹੀਂ’ ‘ਗੁਰਮਤ ਪ੍ਰਭਾਕਰ’ ਤੇ ‘ਗੁਰਮਤ ਸੁਧਾਕਰ’ ਵਰਗੀਆਂ ਦਰਜਨਾਂ ਲਾਸਾਨੀ ਪੁਸਤਕਾਂ ਦੀ ਰਚਨਾ ਕਰ ਕੇ ਸਿੱਖ ਸੰਗਠਨ ਦੀ ਧਾਰਮਿਕ ਵਿਲੱਖਣਤਾ ਅਤੇ ਸਮਾਜਿਕ ਵੱਖਰੇਪਨ ਨੂੰ ਮਜ਼ਬੂਤ ਕੀਤਾ ਜਿਸ ਨਾਲ ਈਸਾਈ ਮਿਸ਼ਨਰੀਆਂ ਅਤੇ ਸਿੱਖ ਧਰਮ ਦੇ ਹੋਰ ਵਿਰੋਧੀਆਂ, ਖ਼ਾਸ ਕਰਕੇ ਆਰੀਆ ਸਮਾਜ ਵੱਲੋਂ ਸਿੱਖਾਂ ਨੂੰ ਹੜੱਪਣ ਤੇ ਉਨਾਂ ਦੀ ਸੁਤੰਤਰ ਹਸਤੀ ਨੂੰ ਖ਼ਤਮ ਕਰਨ ਦੇ ਯਤਨਾਂ ਦੀ ਸਮਾਪਤੀ ਹੋਈ।

ਸਿੰਘ ਸਭਾ ਲਹਿਰ ਦੀ ਸਿੱਖੀ ਪ੍ਰਚਾਰ ਮੁਹਿੰਮ ’ਚ ਸ਼ਾਮਲ ਹੋਣ ਦੇ ਨਾਲ-ਨਾਲ ਭਾਈ ਕਾਨ੍ਹ ਸਿੰਘ ਨਾਭਾ ਮਹਾਰਾਜਾ ਹੀਰਾ ਸਿੰਘ ਦੀ ਕਿਰਪਾ ਦ੍ਰਿਸ਼ਟੀ ਨਾਲ ਸੰਨ 1884 ਤੋਂ ਨਾਭਾ ਦਰਬਾਰ ਵਿੱਚ ਵੀ ਪੱਕੇ ਪੈਰੀਂ ਸਥਾਪਤ ਹੋ ਗਏ ਸਨ ਜਿਸ ਬਾਰੇ ਸਿੰਘ ਸਭਾਈ ਆਗੂ ਵੀ ਭਲੀ-ਭਾਂਤ ਜਾਣੂ ਸਨ। ਸਿੱਖੀ ਸਿਧਾਂਤਾਂ ਦੇ ਪ੍ਰਚਾਰ ਤੋਂ ਇਲਾਵਾ ਸਿੰਘ ਸਭਾ ਲਹਿਰ ਦਾ ਦੂਜਾ ਮੁੱਖ ਤੇ ਵੱਡਾ ਉਦੇਸ਼ ਸੀ ਸਿੱਖਾਂ ਵਿੱਚ ਵਿੱਦਿਆ ਦਾ ਪ੍ਰਚਾਰ-ਪ੍ਰਸਾਰ ਕਰਨਾ।

ਇਸ ਉਦੇਸ਼ ਦੀ ਪੂਰਤੀ ਲਈ ਵੀ ਪ੍ਰੋ. ਗੁਰਮੁਖ ਸਿੰਘ ਨੂੰ ਭਾਈ ਕਾਨ੍ਹ ਸਿੰਘ ਵੱਲੋਂ ਭਰਪੂਰ ਸਹਿਯੋਗ ਮਿਲਿਆ। ਲਗਪਗ ਸੰਨ 1880 ਵਿੱਚ ਪ੍ਰੋ. ਗੁਰਮੁਖ ਸਿੰਘ ਅਤੇ ਸਭਾ ਦੇ ਹੋਰ ਆਗੂਆਂ ਨੂੰ ਸਿੱਖਾਂ ਵਿੱਚ ਵਿੱਦਿਆ ਦੇ ਪ੍ਰਚਾਰ ਲਈ ਖ਼ਾਲਸਾ ਕਾਲਜ ਬਣਵਾਉਣ ਦਾ ਫੁਰਨਾ ਫੁਰਿਆ ਤਾਂ ਇਸ ਤੋਂ ਕੁਝ ਸਾਲਾਂ ਬਾਅਦ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਤੇ ਆਰਥਿਕ ਮਦਦ ਲਈ ਸਿੱਖ ਮਹਾਰਾਜਿਆਂ ਤੇ ਸਿੱਖ ਰਈਸਾਂ ਨੂੰ ਆਪਣੇ ਨਾਲ ਜੋੜਨ ਲਈ ਭਾਈ ਕਾਨ੍ਹ ਸਿੰਘ ਨੇ ਸਿੰਘ ਸਭਾ ਦੇ ਆਗੂਆਂ ਸਾਹਮਣੇ ਸੁਝਾਅ ਪੇਸ਼ ਕੀਤਾ।



ਬੇਸ਼ੱਕ ਪੰਜਾਬ ਦੀਆਂ ਸਾਰੀਆਂ ਹੀ ਰਿਆਸਤਾਂ ਨੇ ਖ਼ਾਲਸਾ ਕਾਲਜ ਦੀ ਸਥਾਪਤੀ ਲਈ ਖੁੱਲ੍ਹ ਕੇ ਮਦਦ ਕੀਤੀ ਪਰ ਨਾਭਾ ਅਤੇ ਪਟਿਆਲਾ ਰਿਆਸਤ ਦੇ ਮਹਾਰਾਜਿਆਂ ਨਾਲ ਭਾਈ ਕਾਨ੍ਹ ਸਿੰਘ ਦੇ ਬਹੁਤ ਨਜ਼ਦੀਕੀ ਸਬੰਧ ਬਣ ਚੁੱਕੇ ਸਨ ਅਤੇ ਭਾਈ ਸਾਹਿਬ ਦੀ ਪ੍ਰੇਰਨਾ ਨਾਲ ਦੋਵਾਂ ਹੀ ਰਿਆਸਤਾਂ ਨਾਭਾ, ਪਟਿਆਲਾ ਨੇ ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਨੂੰ ਮਨ, ਵਚਨ, ਕਰਮ ਤੋਂ ਸਹਾਇਤਾ ਦੇਣ ਦਾ ਵਚਨ ਦਿੱਤਾ।

ਸਿੱਖ ਕੌਮ ਦੀ ਵਿੱਦਿਅਕ ਉੱਨਤੀ ਲਈ ਖ਼ਾਲਸਾ ਕਾਲਜ ਲਈ ਚੰਦਾ ਇਕੱਤਰ ਕਰਨ ਲਈ ਪਹਿਲ ਵੀ ਭਾਈ ਕਾਨ੍ਹ ਸਿੰਘ ਨੇ ਆਪਣੇ ਘਰੋਂ ਕੀਤੀ। ਭਾਈ ਸਾਹਿਬ ਦੀ ਸੁਪਤਨੀ ਬੀਬੀ ਬਸੰਤ ਕੌਰ ਨੇ ਆਪਣਾ ਚੂੜਾ ਅਤੇ ਭਰਜਾਈ ਪ੍ਰਤਾਪ ਕੌਰ ਨੇ ਆਪਣੇ ਕੜੇ, ਰਿਆਸਤ ਨਾਭਾ ਦੇ ਚੋਬਦਾਰਾਂ ਨੂੰ ਸਪੁਰਦ ਕੀਤੇ। ਮਹਾਰਾਜਾ ਹੀਰਾ ਸਿੰਘ ਦੀ ਆਗਿਆ ਨਾਲ ਰਿਆਸਤ ਦੇ ਫ਼ੌਜੀ ਤੇ ਸਿਵਲ ਅਧਿਕਾਰੀਆਂ ਨੂੰ ਪ੍ਰੇਰਿਤ ਕਰ ਕੇ ਭਾਈ ਸਾਹਿਬ ਨੇ ਚੰਦੇ ਦੀ ਫਹਿਰਿਸਤ ਖੋਲ੍ਹੀ ਜਿਸ ਨੂੰ ਸਭ ਨੇ ਮਨਜ਼ੂਰ ਕੀਤਾ।

ਇਸ ਉਪਰੰਤ 12 ਅਪ੍ਰੈਲ 1904 ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ’ਚ ਸਿੱਖਾਂ ਦਾ ਮਸ਼ਹੂਰ ਦਰਬਾਰ ਹੋਇਆ ਜਿਸ ਦੀ ਪ੍ਰਧਾਨਗੀ ਮਹਾਰਾਜਾ ਹੀਰਾ ਸਿੰਘ ਨੇ ਕੀਤੀ ਅਤੇ ਮਹਾਰਾਜਾ ਦਾ ਪ੍ਰਧਾਨਗੀ ਭਾਸ਼ਣ ਭਾਈ ਕਾਨ੍ਹ ਸਿੰਘ ਨੇ ਪੜ੍ਹ ਕੇ ਸੁਣਾਇਆ। ਲੈਫਟੀਨੈਂਟ ਗਵਰਨਰ ਪੰਜਾਬ ਸਰ ਚਾਰਲਸ ਰਿਵਾਜ ਤੇ ਹੋਰ ਅੰਗਰੇਜ਼ ਉੱਚ ਅਧਿਕਾਰੀਆਂ ਨੇ ਵੀ ਇਸ ਮੌਕੇ ਸ਼ਮੂਲੀਅਤ ਕੀਤੀ ਅਤੇ ਅੰਗਰੇਜ਼ ਸਰਕਾਰ ਨੇ ਇਸ ਸ਼ੁਭ ਕਾਰਜ ਲਈ ਇਕ ਲੱਖ ਦਸ ਹਜ਼ਾਰ ਰੁਪਏ ਦੇ ਕੇ ਸਿੱਖਾਂ ਦਾ ਉਤਸ਼ਾਹ ਵਧਾਇਆ।

ਅਜਿਹੇ ਮੌਕੇ ਭਾਵੁਕ ਹੋ ਕੇ ਸਿੱਖ ਬੱਚਿਆਂ ਦੀ ਵਿੱਦਿਆ ਦੇ ਦਾਨ ਲਈ ਜਦ ਪੰਥਕ ਆਗੂ ਸੁੰਦਰ ਸਿੰਘ ਮਜੀਠੀਆ ਨੇ ਝੋਲੀ ਅੱਡੀ ਤਾਂ ਲਗਪਗ ਵੀਹ ਲੱਖ ਦੀ ਰਾਸ਼ੀ ਦਾ ਚੰਦਾ ਇਕੱਠਾ ਹੋਇਆ। ਇਸ ਤਰ੍ਹਾਂ ਪੈਸੇ ਦੀ ਘਾਟ ਕਾਰਨ ਉਸ ਮੌਕੇ ਟੁੱਟਣ ਜਾਂ ਖ਼ਤਮ ਹੋਣ ਜਾ ਰਹੇ ਖ਼ਾਲਸਾ ਕਾਲਜ ਨੂੰ ਪੱਕੇ ਪੈਰੀਂ ਕਰਨ ਲਈ ਭਾਈ ਕਾਨ੍ਹ ਸਿੰਘ ਨਾਭਾ ਨੇ ਸਿੰਘ ਸਭਾਈ ਆਗੂਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ।

ਇੱਥੇ ਇਹ ਵੀ ਵਰਣਨਯੋਗ ਹੈ ਕਿ ਕਰਨਲ ਡਬਲਯੂ ਆਰਐੱਮ ਹੋਲਰੋਇਡ ਦੀ ਪ੍ਰਧਾਨਗੀ ਹੇਠ ਬਣੀ ਖ਼ਾਲਸਾ ਕਾਲਜ ਸਥਾਪਨਾ ਕਮੇਟੀ ਦੀ 121 ਮੈਂਬਰੀ ਕਮੇਟੀ ਦੇ ਮੈਬਰਾਂ ਵਿੱਚ ਵੀ ਬਤੌਰ ਮੈਂਬਰ ਭਾਈ ਕਾਨ੍ਹ ਸਿੰਘ ਸ਼ਾਮਲ ਸਨ ਅਤੇ ਸੰਨ 1902 ’ਚ ਬਣਾਈ ਗਈ ਖ਼ਾਲਸਾ ਕਾਲਜ ਮੈਨੇਜਿੰਗ ਕਮੇਟੀ ਦੇ ਮੈਂਬਰ ਵੀ ਭਾਈ ਸਾਹਿਬ ਦੀ ਰਾਇ ਨਾਲ ਚੁਣੇ ਗਏ ਸਨ। ਇਸ ਤਰ੍ਹਾਂ ਸਿੰਘ ਸਭਾ ਦੇ ਉਦੇਸ਼ਾਂ ਦੀ ਪੂਰਤੀ ਲਈ ਖ਼ਾਲਸਾ ਕਾਲਜ ਦੀ ਸਥਾਪਤੀ ਲਈ ਭਾਈ ਸਾਹਿਬ ਨੇ ਜਿੱਥੇ ਨਾਭਾ ਰਿਆਸਤ ਰਾਹੀਂ ਆਪਣਾ ਵਿਸ਼ੇਸ ਯੋਗਦਾਨ ਪਾਇਆ ਉੱਥੇ ‘ਹਮ ਹਿੰਦੂ ਨਹੀਂ’ ਵਰਗੀਆਂ ਬਹੁ-ਚਰਚਿਤ ਪੁਸਤਕਾਂ ਲਿਖ ਕੇ ਹਿੰਦੂ ਤੇ ਮੁਸਲਮਾਨਾਂ ਦੇ ਨਾਲ-ਨਾਲ ਉਸ ਸਮੇਂ ਸਿੱਖ ਹੱਕਾਂ ਦੀ ਅਲਹਿਦਗੀ ਤੇ ਸਿੱਖ ਸੁਤੰਤਰ ਕੌਮ ਦਾ ਵੀ ਮੁੱਢ ਬੰਨ੍ਹਿਆ।

ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਸਿੱਖਾਂ ਦੀ ਵਿੱਦਿਅਕ ਉੱਨਤੀ ਦੇ ਉਦੇਸ਼ ਦੀ ਪੂਰਤੀ ਲਈ ਬਤੌਰ ਲਿਖਾਰੀ ਸਿੰਘ ਸਭਾ ਲਹਿਰ ਲਈ ਭਾਈ ਸਾਹਿਬ ਨੇ ਪੂਰੀ ਉਮਰ ਕੰਮ ਕੀਤਾ ਅਤੇ ਵਿਸ਼ਵ ਕੋਸ਼ੀ ਵਿੱਦਿਆ ਪ੍ਰਣਾਲੀ ਨਾਲ ਸਮੂਹ ਸਿੱਖਾਂ ਤੇ ਪੰਜਾਬੀਆਂ ਨੂੰ ਜੋੜਨ ਲਈ ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ ਦੀ ਰਚਨਾ ਕੀਤੀ। ਉੱਘੇ ਵਿਦਵਾਨ ਸਰਦਾਰ ਖੁਸ਼ਵੰਤ ਸਿੰਘ ਨੇ ਮਹਾਨ ਕੋਸ਼ ਨੂੰ ਸਿੰਘ ਸਭਾ ਲਹਿਰ ਦੀਆਂ ਸਭ ਤੋਂ ਵੱਧ ਪ੍ਰਭਾਵਸ਼ਾਲੀ ਰਚਨਾਵਾਂ ਵਿੱਚ ਗਿਣਿਆ ਸੀ। ਸਿੱਖ ਪੁਨਰ-ਜਾਗ੍ਰਿਤੀ ਦੇ ਆਰੰਭ ਵਿੱਚ ਸਿੰਘ ਸਭਾ ਲਹਿਰ ਲਈ ਕੰਮ ਕਰਨ ਵਾਲੇ ਸਮੂਹ ਵਿਦਵਾਨਾਂ ਵਿੱਚ ਭਾਈ ਕਾਨ੍ਹ ਸਿੰਘ ਦਾ ਸਮੁੱਚਾ ਦ੍ਰਿਸ਼ਟੀਕੋਣ ਆਧੁਨਿਕ, ਤਰਕਸ਼ੀਲ, ਵਿਗਿਆਨਕ ਤੇ ਮਾਨਵਵਾਦੀ ਸੀ।

# ਗੁਰਦੁਆਰਾ ਸਾਹਿਬ ਧਰਮ ਅਤੇ ਸਮਾਜ ਉਸਾਰੀ ਕੇਂਦਰ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਗੁਰਦੁਆਰਾ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ, ਸੰਗਤ ਗੁਰਬਾਣੀ, ਪਾਠ, ਕਥਾ-ਕੀਰਤਨ, ਇਤਿਹਾਸ ਅਤੇ ਢਾਡੀ ਵਾਰਾਂ ਸਰਵਣ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਦੀ ਹੈ। ਸ਼ਰਧਾ ਭਾਵਨਾ ਨਾਲ ਲੰਗਰਾਂ ਦੀ ਸੇਵਾ ਅਤੇ ਪ੍ਰਬੰਧ ਕੀਤੇ ਜਾਂਦੇ ਹਨ। ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਗੁਰੂ ਕਾਲ ਵਿੱਚ ਜਿੱਥੇ ਵੀ ਸਿੱਖ ਵਸਦੇ ਸਨ, ਘਰਾਂ ਵਿੱਚ ਇਕੱਠੇ ਹੋ ਕੇ ਗੁਰਬਾਣੀ ਸਰਵਣ ਕਰਦੇ, ਵਿਚਾਰਾਂ ਕਰਦੇ। ਜਦੋਂ ਸੰਗਤ ਦੀ ਗਿਣਤੀ ਵਧਣ ਲੱਗੀ ਤਾਂ ਧਰਮਸਾਲਾਵਾਂ ਬਣਾ ਲਈਆਂ। ਇਹ ਬਾਹਰੋਂ ਆਈ ਸੰਗਤ ਦੀ ਸੇਵਾ ਅਤੇ ਠਾਹਰ ਹੁੰਦੀਆਂ ਸਨ। ਇਸ ਤਰ੍ਹਾਂ ਧਾਰਮਿਕ ਕੇਂਦਰ ਹੋਂਦ ਵਿੱਚ ਆਉਂਦੇ ਗਏ। ਅਜਿਹੇ ਪਹਿਲਾ ਵੱਡਾ ਕੇਂਦਰ ਕਰਤਾਰਪੁਰ (ਪਾਕਿਸਤਾਨ) ਤਰਨ ਤਾਰਨ, ਕਰਤਾਰਪੁਰ (ਜਲੰਧਰ), ਚੱਕ ਨਾਨਕ (ਅਨੰਦਪੁਰ ਸਾਹਿਬ), ਕੀਰਤਪੁਰ, ਪਾਉਂਟਾ ਸਾਹਿਬ ਅੱਗੇ ਜਾ ਕੇ ਜਿਵੇਂ ਜਿਵੇਂ ਸੰਗਤ ਵਧਦੀ ਗਈ ਹੋਰ ਧਰਮਸਾਲਾਵਾਂ ਹੋਂਦ ਵਿੱਚ ਆਉਂਦੀਆਂ ਗਈਆਂ। ਜਿਵੇਂ ਭਾਈ ਕਲਿਆਣ (ਮਹਲਾ ਦਿਲਵਾਲੀ ਸਿੰਘਾਂ ਦਿੱਲੀ) ਭਾਈ ਗਦੋ (ਧਰਮਤਾਨ ਜੀਂਦ), ਢਾਕਾ, ਪਟਨਾ, ਕਸ਼ਮੀਰ ਦੀਆਂ ਧਰਮਸਾਲਾਵਾਂ।

ਅਠਾਰਵੀਂ ਸਦੀ ਦੇ ਅੰਤ ਤੱਕ ਗੁਰੂ ਸਾਹਿਬਾਨ ਦੀ ਯਾਦ ਵਿੱਚ ਬਣੇ ਥੜ੍ਹਿਆਂ ਤੋਂ ਬਣਨ ਵਾਲੀਆਂ ਇਮਾਰਤਾਂ ਨੂੰ ਗੁਰਦੁਆਰਾ ਆਖਣਾ ਆਰੰਭ ਹੋਇਆ। ਗੁਰਦੁਆਰਾ ਦੇ ਰੂਪ ਵਿੱਚ ਬਣਨ ਵਾਲੀ ਪਹਿਲੀ ਇਮਾਰਤ ਦਰਬਾਰ ਸਾਹਿਬ ਅੰਮ੍ਰਿਤਸਰ ਹੀ ਸੀ। ਭਾਵੇਂ ਨਨਕਾਣਾ ਸਾਹਿਬ ਦੀ ਵੀ ਮਾਨਤਾ ਸੀ। ਇਸ ਤੋਂ ਅੱਗੇ ਤਰਨ ਤਾਰਨ, ਅਕਾਲ ਤਖਤ ਸਾਹਿਬ, ਕੀਰਤਪੁਰ ਸਾਹਿਬ, ਅਨੰਦਪੁਰ ਸਾਹਿਬ, ਨਨਕਾਣਾ ਸਾਹਿਬ ਗੁਰਦੁਆਰੇ ਸਥਾਪਤ ਹੋਏ। ਨਨਕਾਣਾ ਸਾਹਿਬ ਉਨ੍ਹੀਵੀਂ ਸਦੀ ਵਿੱਚ ਸਥਾਪਤ ਹੋਇਆ ਸੀ। ਦਿੱਲੀ ਵਿੱਚ ਵੀ ਗੁਰਦੁਆਰੇ ਅਠਾਰਵੀਂ ਸਦੀ ਦੇ ਅੰਤ ਵਿੱਚ ਬਣੇ ਹਨ। ਅਜੋਕੇ ਸਮੇਂ ਵਿੱਚ ਦੇਸ਼ ਵਿਦੇਸ਼ ਵਿੱਚ ਸਿੱਖ ਜਾ ਵਸੇ ਹਨ, ਗੁਰਦੁਆਰੇ ਬਣਦੇ ਜਾ ਰਹੇ ਹਨ। ਗੁਰੂ ਸਾਹਿਬਾਨ ਨਾਲ ਸਬੰਧਿਤ ਹਰ ਮੁਕਾਮ ਅਤੇ ਗੁਰਦੁਆਰੇ ਬਣੇ ਹਨ।

ਗੁਰਦੁਆਰਾ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ : ਗੁਰੂ ਤੇ ਦੁਆਰਾ/ਦਰਵਾਜਾ/ਦਰ-ਘਰ। ਅਰਥਾਤ ਗੁਰੂ ਦਾ ਘਰ। ਜਿਸ ਤੋਂ ਅਸੀਂ ਵਾਹਿਗੁਰੂ ਜੀ ਦੇ ਦਰਸ਼ਨ ਕਰਨ ਦੀ ਤਿਆਰੀ ਕਰਦੇ ਹਾਂ। ਗੁਰਦੁਆਰਾ ਸਿੱਖ ਪੰਥ ਦੀ ਸੇਧ ਦਾ ਧੁਰਾ ਹੈ। ਇਹ ਸਿਰਫ਼ ਧਾਰਮਿਕ ਕੇਂਦਰ ਹੀ ਨਹੀਂ, ਸਗੋਂ ਇਹ ਰੂਹਾਨੀ, ਭਾਈਚਾਰਕ, ਵਿਦਿਅਕ, ਵਿਵਹਾਰਿਕ ਅਤੇ ਸਮਾਜ ਉਸਾਰੀ ਕੇਂਦਰ ਵੀ ਹੈ। ਅਸੂਲ ਅਨੁਸਾਰ ਹਰ ਗੁਰਦੁਆਰਾ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ, ਉੱਥੇ ਲੰਗਰ ਅਤੇ ਸ਼ਰਧਾਲੂਆਂ ਦੀ ਠਾਹਰ ਹੋਣਾ ਲਾਜ਼ਮੀ ਹੈ। ਸਾਂਝੇ ਲੰਗਰਾਂ ਦੀ ਪ੍ਰਥਾ ਭਾਵੇਂ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਮੇਂ ਪ੍ਰਚਲਤ ਸੀ, ਗੁਰੂ ਅੰਗਦ ਦੇਵ ਸਾਹਿਬ ਜੀ ਨੇ ਧਰਮ ਪ੍ਰਚਾਰ ਦੇ ਨਾਲ ਨਾਲ ਲੰਗਰਾਂ ਨੂੰ ਵੀ ਤੋਰਿਆ। ਫਿਰ ਗੁਰੂ ਅਮਰਦਾਸ ਸਾਹਿਬ ਜੀ ਦਾ ਆਦੇਸ਼ ਸੀ ਕਿ ਪਹਿਲਾਂ ਇੱਕ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ ਜਾਵੇ, ਫਿਰ ਗੁਰ-ਦਰਬਾਰ ਦੇ ਦਰਸ਼ਨ ਕੀਤੇ ਜਾਣ। ਜਿਸ ਨਾਲ ਊਚ-ਨੀਚ ਦਾ ਭੇਦ ਭਾਵ ਦੂਰ ਹੋਇਆ। ਇਥੋਂ ਤੱਕ ਕਿ ਮੁਗਲ ਬਾਦਸ਼ਾਹ ਅਕਬਰ ਨੇ ਵੀ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ। ਗੁਰਦੁਆਰਾ ਦੇ ਪ੍ਰਬੰਧ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ। ਗੁਰੂ ਸਾਹਿਬ ਜੀ ਦੀ ਉਸਤਤ ਕੀਤੀ। 'ਝੂਲਤੇ ਨਿਸ਼ਾਨ ਰਹੇਂ ਗੁਰੂ ਮਹਾਰਾਜ ਕੇ' ਸਿੱਖਾਂ ਨੂੰ ਇਹ ਬੜਾ ਸ਼ੌਕ ਹੁੰਦਾ ਹੈ ਕਿ ਉਹ ਜਿੱਥੇ ਵੀ ਜਾ ਕੇ ਵਸਦੇ ਹਨ ਸਭ ਤੋਂ ਪਹਿਲੀ ਕੋਸ਼ਿਸ਼ ਇਹ ਕਰਦੇ ਹਨ ਕਿ ਆਪਣੀ ਰਿਹਾਇਸ਼ ਤੇ ਆਪਣਾ ਮਕਾਨ ਹੋਵੇ। ਇਹ ਹੀ ਨਹੀਂ ਸਗੋਂ ਗੁਰੂ ਦਾ ਅਸਥਾਨ ਜ਼ਰੂਰ ਬਣਾਉਂਦੇ ਹਨ। ਇਸ ਲਈ ਜਿੱਥੇ ਵੀ ਸਿੱਖ ਦੀ ਅਬਾਦੀ ਹੁੰਦੀ ਹੈ, ਉਸ ਅਬਾਦੀ ਵਿੱਚ ਗੁਰਦੁਆਰਾ ਸਾਹਿਬ ਦੇ ਨਿਸ਼ਾਨ ਝੂਲਦੇ ਮਿਲਦੇ ਹਨ। ਵਿਦੇਸ਼ਾਂ ਵਿੱਚ ਵੀ ਜਿੱਥੇ ਸਿੱਖ ਜਾ ਵਸੇ ਹਨ, ਉੱਥੇ ਨਿਸ਼ਾਨ ਸਾਹਿਬ ਜੀ ਦੇ ਦਰਸ਼ਨ ਹੁੰਦੇ ਹਨ।

ਸਿੱਖਾਂ ਦੀ ਅਬਾਦੀ ਭਾਵੇਂ ਜ਼ਿਆਦਾਤਰ ਪੰਜਾਬ ਖ਼ਿੱਤੇ ਵਿੱਚ ਹੀ ਹੈ ਪਰ ਕਈ ਪ੍ਰਮੁੱਖ ਦੇਸ਼ਾਂ ਵਿੱਚ ਸਿੱਖ ਜਾ ਵਸੇ ਹਨ : ਜਿਵੇਂ ਇੰਗਲੈਂਡ, ਕੈਨੇਡਾ, ਅਮਰੀਕਾ, ਮਲੇਸ਼ੀਆ, ਕੀਨੀਆ, ਥਾਈਲੈਂਡ, ਸਿੰਘਾਪੁਰ, ਆਸਟ੍ਰੇਲੀਆ, ਨਿਊਜ਼ੀਲੈਂਡ, ਹਾਲੈਂਡ, ਹਾਂਗਕਾਂਗ, ਜਰਮਨੀ, ਨਾਰਵੇ, ਬੈਲਜ਼ੀਅਮ ਆਦਿ। ਵਿਦੇਸ਼ਾਂ ਵਿੱਚ ਮਾਂ ਬੋਲੀ ਗੁਰਮੁਖੀ ਦੀ ਉਨਤੀ ਲਈ ਪੰਜਾਬੀ ਧਰਮ ਇਤਿਹਾਸ ਅਤੇ ਵਿਰਸਾ ਆਦਿ ਖੇਤਰਾਂ ਵਿੱਚ ਭਾਈਚਾਰੇ ਵੱਲੋਂ ਯਤਨ ਕੀਤੇ ਜਾ ਰਹੇ ਹਨ। ਹਰ ਵਿਅਕਤੀ ਆਪਣੀ ਯਥਾ ਸ਼ਕਤੀ ਅਨੁਸਾਰ



ਯੋਗਦਾਨ ਪਾ ਰਿਹਾ ਹੈ। ਗੁਰਦੁਆਰੇ ਵਿੱਚ ਗੁਰਮਤਿ, ਇਤਿਹਾਸ ਕੀਰਤਨ, ਕਵਿਤਾ ਪਾਠ, ਬੀਰ ਰਸ ਵਾਰਾਂ ਅਤੇ ਗਤਕਾ ਆਦਿ ਦੇ ਅਭਿਆਸ ਦਾ ਉਚੇਚਾ ਪ੍ਰਬੰਧ ਹੁੰਦਾ ਹੈ, ਜਿਸ ਰਾਹੀਂ ਬੱਚਿਆਂ ਨੂੰ ਆਪਣੇ ਗੌਰਵਮਈ ਧਾਰਮਿਕ ਵਿਰਸੇ ਨਾਲ ਜੋੜਿਆ ਜਾ ਰਿਹਾ ਹੈ।

ਇਸ ਤਰ੍ਹਾਂ ਸਿੱਖ ਧਰਮ ਨੇ ਸੰਸਾਰ ਦੇ ਪ੍ਰਮੁੱਖ ਧਰਮਾਂ ਵਿੱਚ ਆਪਣੀ ਜਗ੍ਹਾ ਬਣਾਈ ਹੈ। ਪਰ ਅਜੋਕੇ ਸਮੇਂ ਵਿੱਚ ਫਿਰ ਵੀ ਆਪਣੀ ਸ਼ਨਾਖ਼ਤ ਦੀ ਰੱਖਿਆ ਲਈ ਬਚਾਓ ਦੇ ਯਤਨ ਕਰਨੇ ਪੈ ਰਹੇ ਹਨ। ਉਨ੍ਹਾਂ 'ਤੇ ਨਸਲੀ ਹਮਲੇ ਹੋ ਰਹੇ ਹਨ, ਗੁਰਦੁਆਰਿਆਂ ਵਿੱਚ ਆ ਕੇ ਦੂਸਰੀ ਨਸਲ ਦੇ ਸਿਰ ਫਿਰੇ ਸਿੱਖਾਂ ਨੂੰ ਮਾਰ ਜਾਂਦੇ ਹਨ। ਕਾਰੋਬਾਰਾਂ ਅਤੇ ਸੈਰਗਾਹਾਂ 'ਤੇ ਵੀ ਸਿੱਖ ਮਾਰੇ ਜਾਂਦੇ ਹਨ। ਇਸ ਸਮੇਂ ਅਜਿਹੇ ਪ੍ਰਚਾਰ ਦੀ ਲੋੜ ਹੈ ਕਿ ਦੂਸਰੇ ਧਰਮ ਅਤੇ ਨਸਲਾਂ ਦੇ ਲੋਕਾਂ ਨੂੰ ਵਿਸ਼ਵਾਸ ਵਿੱਚ ਲੈ ਕੇ ਸਾਂਝੀ ਗੱਲਬਾਤ ਕੀਤੀ ਜਾਵੇ ਅਤੇ ਸਦਭਾਵਨਾ ਪੈਦਾ ਕੀਤੀ ਜਾਵੇ। ਆਪਣੇ ਗੌਰਵਮਈ ਵਿਰਸੇ, ਇਤਿਹਾਸ ਦੀ ਜਾਣਕਾਰੀ ਦੂਸਰੇ ਭਾਈਚਾਰੇ ਤੱਕ ਪਹੁੰਚਾਉਣੀ ਚਾਹੀਦੀ ਹੈ। ਅੰਦਰੂਨੀ ਧਰਮ ਵਿਸ਼ਵਾਸ ਦਾ ਪ੍ਰਚਾਰ ਅਤੇ ਪਾਸਾਰ ਹੋਵੇ। ਸਮਾਜਿਕ ਮਾਧਿਅਮਾਂ ਰਾਹੀਂ ਧਰਮ ਪ੍ਰਚਾਰ ਆਪਣੀ ਸਵੈ ਰੱਖਿਆ ਲਈ ਕੀਤਾ ਜਾਵੇ।

ਗੁਰਦੁਆਰਾ ਗਿਆਨ ਦਾ ਕੇਂਦਰ ਹੈ। ਧਰਮ ਅਤੇ ਸਮਾਜ ਦੀ ਉਸਾਰੀ ਦਾ ਕੇਂਦਰ ਹੈ। ਗੁਰਬਾਣੀ ਦਾ ਚਾਨਣ ਸਾਨੂੰ ਜੀਵਨ ਜਾਚ ਦੀ ਸੋਝੀ ਬਖਸ਼ਦਾ ਹੈ। ਇਹੀ ਗਿਆਨ ਸਾਨੂੰ ਗੁਰਦੁਆਰੇ ਨਾਲ ਜੋੜਦਾ ਹੈ। ਸੰਗਤ ਅਤੇ ਪੰਗਤ ਵਿੱਚ ਆਪਸੀ ਸਦਭਾਵਨਾ ਪੈਦਾ ਹੁੰਦੀ ਹੈ। ਕੌਮ ਉਨਤੀ ਕਰਦੀ ਹੈ। ਬੱਚਿਆਂ ਨੂੰ ਆਪਣਾ ਵਿਰਸਾ ਅਗਾਂਹ ਤੋਰਨ ਦੀ ਪ੍ਰੇਰਨਾ ਮਿਲਦੀ ਹੈ। ਮਨੁੱਖਾ ਜੀਵਨ ਸੰਵਾਰਨ ਦੀ ਸਮਝ ਆਉਂਦੀ ਹੈ।

ਅੰਤਿਕਾ : ਉਹੀ ਹਿਰਦਾ ਪਵਿੱਤਰ ਹੈ ਜਿਹੜਾ ਉਸ ਪਰਮਾਤਮਾ ਨੂੰ ਚੰਗਾ ਲੱਗਣ ਪੈਂਦਾ ਹੈ। ਜੇਕਰ ਮਨੁੱਖ ਦਾ ਹਿਰਦਾ ਅੰਦਰੋਂ ਵਿਕਾਰਾਂ ਨਾਲ ਬਹੁਤ ਗੰਦਾ ਪਿਆ ਹੈ ਤਾਂ ਬਾਹਰੋਂ ਸਰੀਰ ਨੂੰ ਤੀਰਥ ਆਦਿਕ ਦੇ ਇਸ਼ਨਾਨ ਕਰਾਇਆਂ ਹਿਰਦਾ ਅੰਦਰੋਂ ਸ਼ੁੱਧ ਨਹੀਂ ਹੋ ਸਕਦਾ। ਜੇ ਗੁਰੂ ਦੇ ਦਰ 'ਤੇ ਆਪਾ ਭਾਵ ਦੂਰ ਕਰਕੇ ਸਵਾਲੀ ਬਣੀਏ ਤਾਂ ਹਿਰਦੇ ਨੂੰ ਪਵਿੱਤਰ ਕਰਨ ਦੀ ਅਕਲ ਮਿਲਦੀ ਹੈ। ਗੁਰੂ ਦੇ ਦਰ 'ਤੇ ਰਹਿ ਕੇ ਹੀ ਵਿਕਾਰਾਂ ਦੀ ਮੱਲ ਧੋਤਿਆਂ, ਹਿਰਦਾ ਪਵਿੱਤਰ ਹੁੰਦਾ ਹੈ। ਜੇਕਰ ਗੁਰੂ ਦੇ ਦਰ 'ਤੇ ਟਿਕੀਏ ਤਾਂ ਪਰਮਾਤਮਾ ਆਪ ਹੀ ਇਹ ਵਿਚਾਰਨ ਦੀ ਸਮਝ ਬਖਸ਼ਦਾ ਹੈ ਕਿ ਅਸੀਂ ਚੰਗੇ ਹਾਂ ਜਾਂ ਮੰਦੇ। ਜੇ ਇਸ ਮਨੁੱਖਾ ਜੀਵਨ ਸਮੇਂ ਗੁਰੂ ਦਾ ਆਸਰਾ ਨਹੀਂ ਲਿਆ ਤਾਂ ਕੋਈ ਜੀਵ ਇਹ ਨਾ ਸਮਝ ਲਵੇ ਕਿ ਇਥੋਂ ਖਾਲੀ ਹੱਥ ਜਾ ਕੇ ਪ੍ਰਲੋਕ ਵਿੱਚ ਜੀਵਨ ਪਵਿੱਤਰ ਕਰਨ ਦੀ ਸੂਝ ਮਿਲੇਗੀ। ਇਹ ਇੱਕ ਕੁਦਰਤੀ ਨਿਯਮ ਹੈ ਕਿ ਇੱਥੇ ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ, ਉਹੋ ਜਿਹਾ ਬਣ ਜਾਂਦਾ ਹੈ। ਜੇਕਰ ਮਨੁੱਖ ਗੁਰੂ ਦੇ ਦਰ 'ਤੇ ਡਿਗਦਾ ਹੈ, ਉਸ ਨੂੰ ਆਤਮਿਕ ਜੀਵਨ ਦੇਣ ਵਾਲਾ ਆਪਣਾ ਨਾਮ ਆਪ ਬਖਸ਼ਦਾ ਹੈ। ਜਿਸ ਮਨੁੱਖ ਨੂੰ ਇਹ ਦਾਤ ਮਿਲਦੀ ਹੈ, ਉਹ ਆਪਣਾ ਮਨੁੱਖਾ ਜੀਵਨ ਸੁਚੱਜਾ ਬਣਾ ਕੇ ਇੱਜ਼ਤ ਖੱਟ ਕੇ ਇਥੋਂ ਜਾਂਦਾ ਹੈ। ਉਹ ਆਪਣੀ ਸ਼ੋਭਾ ਦਾ ਵਾਜਾ ਇੱਥੇ ਵਜਾ ਜਾਂਦਾ ਹੈ। ਕੋਈ ਇਕ ਮਨੁੱਖ ਹੀ ਨਹੀਂ, ਜਿੰਨਾਂ ਹੀ ਲੋਕਾਂ ਵਿੱਚ ਪਰਮਾਤਮਾ ਉਸ ਦੀ ਸ਼ੋਭਾ ਖਿਲਾਰਦਾ ਹੈ। ਹੇ ਨਾਨਕ, ਉਹ ਮਨੁੱਖ ਆਪ ਸਦਾ ਪ੍ਰਸੰਨ ਚਿੱਤ ਰਹਿੰਦਾ ਹੈ ਅਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਵੀ ਤਾਰ ਲੈਂਦਾ ਹੈ। ਸ਼ੋਭਾ ਦਿਵਾਉਂਦਾ ਹੈ। ਅੰਗ-730

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949








# ਵਾਤਾਵਰਣ ਨੂੰ ਬਚਾਉਣ ਲਈ ਪੌਦੇ ਲਗਾਉਣੇ ਜ਼ਰੂਰੀ

ਰਣਬੀਰ ਸੂਦ

ਪੰਜਾਬ ਦੇ ਹਰ ਸ਼ਹਿਰ, ਪਿੰਡ ਵਿੱਚ ਸਰਕਾਰੀ ਜ਼ਮੀਨਾਂ ਦੀ ਬਹੁਤਾਤ ਹੈ। ਸਕੂਲਾਂ, ਕਾਲਜਾਂ ਸਮੇਤ ਹਰ ਸਰਕਾਰੀ ਅਦਾਰੇ ਵਿੱਚ ਬੂਟੇ ਲਗਾਉਣ ਦੀ ਜਗ੍ਹਾ ਲਗਪਗ ਮੌਜੂਦ ਹੁੰਦੀ ਹੈ। ਪੌਦੇ ਲਗਾਉਣ ਅਤੇ ਉਨ੍ਹਾਂ ਨੂੰ ਪਾਲਣ ਲਈ ਸਟਾਫ਼ ਵੀ ਮੌਜੂਦ ਹੁੰਦਾ ਹੈ। ਚਾਹੀਦਾ ਤਾਂ ਇਹ ਹੈ ਕਿ ਸਮੂਹ ਸ਼ਹਿਰ/ਪਿੰਡਾਂ ਦਾ ਸਰਵੇ ਕੀਤਾ ਜਾਵੇ ਅਤੇ ਪੌਦੇ ਲੱਗਣ ਯੋਗ ਜਗ੍ਹਾ ਦੀ ਨਿਸ਼ਾਨਦੇਹੀ ਕੀਤੀ ਜਾਵੇ ।ਉਨ੍ਹਾਂ ਵਿੱਚ ਲੱਗਣ ਵਾਲੇ ਦਰੱਖ਼ਤਾਂ ਦੀ ਗਿਣਤੀ ਤੈਅ ਕੀਤੀ ਜਾਵੇ ਅਤੇ ਪੌਦੇ ਲਗਾਉਣ, ਪਾਲਣ ਕਰਨ ਦੀ ਜ਼ਿੰਮੇਵਾਰੀ ਉਸ ਅਦਾਰੇ ਨੂੰ ਦਿੱਤੀ ਜਾਵੇ। ਵਿਦਿਅਕ ਅਦਾਰਿਆਂ ਵਿੱਚ ਇਹ ਕੰਮ ਵਿਦਿਆਰਥੀ ਬਾਖ਼ੂਬੀ ਕਰ ਸਕਦੇ ਹਨ।

ਸੜਕਾਂ ਦੇ ਕੰਡੇ ਲਾਗੇ ਦੀ ਜ਼ਮੀਨ ਬੇਜ਼ਮੀਨੇ ਕਾਸ਼ਤਕਾਰਾਂ ਨੂੰ ਅਲਾਟ ਕੀਤੀ ਜਾਵੇ। ਉਨ੍ਹਾਂ ਨੂੰ ਇਸ ਵਾਸਤੇ ਮਾਣ-ਭੱਤਾ ਵੀ ਦਿੱਤਾ ਜਾਵੇ। ਜਿਵੇਂ ਕਿ ਹਿਮਾਚਲ ਸਰਕਾਰ ਵੱਲੋਂ ਵਣ-ਰਕਸ਼ਕਾਂ ਨੂੰ ਦਿੱਤਾ ਜਾਂਦਾ ਹੈ। ਇਹ ਕਾਸ਼ਤਕਾਰ ਜੰਗਲ ਲਗਾਉਣ ਅਤੇ ਉਸ ਦੀ ਦੇਖਭਾਲ ਆਪ ਕਰਨਗੇ। ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਲੱਗੀ ਅੱਗ ਤੋਂ ਪੌਦੇ ਬਚਾਉਣ ਦਾ ਉਪਰਾਲਾ ਵੀ ਕਰ ਲੈਣਗੇ। ਪਾਣੀ ਆਦਿ ਦੀ ਵਿਵਸਥਾ ਵੀ ਕਰ ਲੈਣਗੇ।

ਸਰਕਾਰ ਆਪਣੇ ਵਸੀਲਿਆਂ ਰਾਹੀਂ ਇਨ੍ਹਾਂ ਦੀ ਪੂਰੀ ਮਦਦ ਰਹੇ। ਜਿੰਨ੍ਹਾਂ ਵਿੱਚ ਪਾਣੀ ਦੇ ਟੈਂਕਰ, ਜੇਸੀਬੀ ਆਦਿ ਮੁਹੱਈਆ ਕਰਵਾਏ ਜਾਣ। ਵਿਰਾਸਤੀ ਰੁੱਖਾਂ ਦੀ ਸਾਂਭ-ਸੰਭਾਲ ਕੀਤੀ ਜਾਵੇ। ਹਰਿਆਣਾ ਸਰਕਾਰ ਦੇ ਪੈਟਰਨ ਤੇ ਪੁਰਾਣੇ ਅਤੇ ਇਤਿਹਾਸਕ ਰੁੱਖਾਂ ਦੀ ਦੇਖਭਾਲ ਲਈ ਵੱਖਰਾ ਫੰਡ ਰੱਖਿਆ ਜਾਵੇ। ਨਿੱਜੀ ਥਾਂ 'ਤੇ ਲੱਗੇ ਦਰੱਖ਼ਤਾਂ ਨੂੰ ਵੀ ਕੱਟਣ 'ਤੇ ਪਾਬੰਦੀ ਹੋਵੇ। ਵਿਸ਼ੇਸ਼ ਕਾਰਨ ਤਹਿਤ ਸਰਕਾਰੀ ਪ੍ਰਵਾਨਗੀ ਅਧੀਨ ਹੀ ਕਟਾਈ ਕੀਤੀ ਜਾਵੇ। ਦਰੱਖ਼ਤਾਂ ਦੀ ਨਾਜਾਇਜ਼ ਕਟਾਈ ਨੂੰ ਅਪਰਾਧਿਕ ਸ਼੍ਰੇਣੀ ਵਿੱਚ ਲਿਆਂਦਾ ਜਾਵੇ। ਪਿੰਡਾਂ ਵਿੱਚ ਸ਼ਾਮਲਾਟ ਜ਼ਮੀਨਾਂ ਦਾ ਕੁਝ ਹਿੱਸਾ ਦਰੱਖ਼ਤਾਂ ਲਈ ਰਾਖਵਾਂ ਰੱਖਿਆ ਜਾਵੇ। ਨਹਿਰਾਂ ਦੀਆਂ ਪੱਟੜੀਆਂ ਤੋਂ ਸਬੰਧਿਤ ਵਿਭਾਗ ਵੱਲੋਂ ਜ਼ਰੂਰੀ ਤੌਰ 'ਤੇ ਦਰੱਖ਼ਤ ਲਗਾਏ ਜਾਣ । ਹਰ ਟਿਊਬਵੈਲ ਕੁਨੈਕਸ਼ਨ ਪਿੱਛੇ ਕੁਝ ਦਰੱਖ਼ਤ ਲਗਾਉਣੇ ਜ਼ਰੂਰੀ ਕੀਤੇ ਜਾਣ। ਸ਼ਹਿਰਾਂ ਵਿੱਚ ਇਹ ਕੰਮ ਨਗਰ ਕੌਂਸਲਾਂ ਅਧੀਨ ਕੀਤਾ ਜਾਵੇ।

ਪੂਰੀ ਸ਼ਹਿਰ ਵਿੱਚ ਦਰੱਖ਼ਤ ਲਗਾਉਣ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇ। ਨਗਰ ਕੌਂਸਲਾਂ ਕੋਲ ਮੈਨਪਾਵਰ, ਵਾਰ ਟੈਂਕਰ ਅਤੇ ਹੋਰ ਮਸ਼ੀਨਰੀ ਉਪਲੱਬਧ ਹੁੰਦੀ ਹੈ। ਜਿਸ ਨਾਲ ਕੰਮ ਨੂੰ ਨੇਪਰੇ ਚਾੜ੍ਹਿਆ ਜਾ ਸਕਦਾ ਹੈ। ਲੋਕਾਂ ਨੂੰ ਜਾਗਰੂਕ ਕਰਨ ਲਈ ਪਿੰਡਾਂ, ਸ਼ਹਿਰਾਂ, ਸਕੂਲਾਂ ਵਿੱਚ ਸੈਮੀਨਾਰ ਲਗਾਏ ਜਾਣ। ਇਸ ਕੰਮ ਨੂੰ ਲੋਕ ਲਹਿਰ ਬਣਾਇਆ ਜਾਵੇ। ਸਮੂਹ ਧਾਰਮਿਕ, ਸਮਾਜਿਕ ਜਥੇਬੰਦੀਆਂ ਅਤੇ ਐੱਨ. ਜੀ. ਓਜ਼ ਨਾਲ ਸੰਪਰਕ ਕੀਤਾ ਜਾਵੇ। ਉਨ੍ਹਾਂ ਦੀ ਰਹਿਨੁਮਾਈ ਵਿਚ ਇਹ ਕਾਰਜ ਕੀਤਾ ਜਾਵੇ। ਇਸ ਦੇ ਨਤੀਜੇ ਬਹੁਤ ਹੀ ਸ਼ਲਾਘਾਯੋਗ ਹੋਣਗੇ।





ਅੰਮ੍ਰਿਤਸਰ ਦੀ ਇੱਕ ਵਣ ਪ੍ਰੇਮੀ ਸੰਸਥਾ ਵੱਲੋਂ ਜੇਸੀਬੀ. ਅਤੇ ਹਾਇਡਰਾਂ ਦੀ ਮਦਦ ਨਾਲ ਪੌਦੇ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਟਰਾਂਸਪਲਾਂਟ ਕੀਤੇ ਗਏ ਹਨ । ਹੁਣ ਤੱਕ ਇਹ ਸੰਸਥਾ 50 ਤੋਂ ਵੱਧ ਪਲੇ ਹੋਏ ਦਰੱਖ਼ਤਾਂ ਨੂੰ ਟਰਾਂਸਪਲਾਂਟ ਕਰ ਚੁੱਕੀ ਹੈ। ਸ਼ੋਸ਼ਲ ਮੀਡੀਆ ਵਿੱਚ ਆਮ ਹੀ ਵੇਖਣ ਨੂੰ ਮਿਲਦਾ ਹੈ ਕਿ ਬਾਹਰਲੇ ਮੁਲਕਾਂ ਵਿੱਚ ਕਿਸ ਤਰ੍ਹਾਂ ਮਸ਼ੀਨਾਂ ਨਾਲ ਦਰੱਖ਼ਤਾਂ ਨੂੰ ਆਪਣੀ ਮੂਲ ਜਗ੍ਹਾ ਤੋਂ ਦੂਰ-ਦੁਰਾਡੇ ਟਰਾਂਸਪਲਾਂਟ ਕੀਤਾ ਜਾਂਦਾ ਹੈ ।ਇਸ ਤਰ੍ਹਾਂ ਦੀਆਂ ਮਸ਼ੀਨਾਂ ਸਰਕਾਰ ਵੱਲੋਂ ਸਬੰਧਿਤ ਅਦਾਰਿਆਂ ਨੂੰ ਦਿੱਤੀਆਂ ਜਾਣ ਤਾਂ ਜੋ ਸੜਕਾਂ ਬਣਾਉਣ ਵੇਲੇ ਦਰੱਖ਼ਤਾਂ ਦੀ ਕਟਾਈ ਨੂੰ ਰੋਕਿਆ ਜਾ ਸਕੇ ।ਭਾਵੇਂ ਕਿ ਬਹੁਤ ਦੇਰ ਹੋ ਚੁੱਕੀ ਹੈ ਪਰ ਇਹ ਦੇਰ ਇੰਨੀ ਵੀ ਨਹੀਂ ਹੋਈ ਕਿ ਇਸਦਾ ਮੁਕਾਬਲਾ ਨਾ ਕੀਤਾ ਜਾ ਸਕੇ। ਲੋੜ ਹੈ ਤਾਂ ਸਿਰਫ਼ ਪ੍ਰਬਲ ਇੱਛਾ ਸ਼ਕਤੀ ਦੀ। ਆਓ, ਇੱਕ ਵਾਰੀ ਹੰਭਲਾ ਮਾਰੀਏ ਅਤੇ ਹਰਿਆਵਲ ਦਾ ਇੱਕ ਜਾਲ ਵਿਛਾ ਦੇਈਏ।

# ਵਾਤਾਵਰਣ ਲਈ ਬਹੁਤ ਖ਼ਤਰਨਾਕ ਹੈ ਪੁਲਾੜ 'ਚ ਪਿਆ ਮਲਬਾ



ਸੁਨੀਲ ਕੁਮਾਰ ਮਾਹਲਾ

ਵਧਦੀ ਹੋਈ ਤਕਨਾਲੋਜੀ, ਉੱਨਤ ਸੰਚਾਰ ਪ੍ਰਣਾਲੀ, ਵਿਗਿਆਨ ਤੇ ਵਿਕਾਸ ਦੇ ਇਸ ਯੁੱਗ ਵਿੱਚ ਪੁਲਾੜ ਵਿੱਚ ਉਪਗ੍ਰਹਿਾਂ ਦੀ ਨਿਰੰਤਰ ਸਥਾਪਨਾ ਕਾਰਨ ਉੱਥੇ ਮਲਬੇ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਹਾਲ ਹੀ 'ਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਇਸ 'ਤੇ ਡੂੰਘੀ ਚਿੰਤਾ ਜ਼ਾਹਰ ਕੀਤੀ ਹੈ ਕਿਉਂਕਿ ਪੁਲਾੜ 'ਚ ਘੁੰਮ ਰਿਹਾ ਇਹ ਮਲਬਾ ਨਾ ਸਿਰਫ ਆਰਬਿਟ 'ਚ ਮੌਜੂਦ ਸੈਟੇਲਾਈਟਾਂ ਲਈ ਸਗੋਂ ਸਾਡੇ ਵਾਤਾਵਰਣ ਲਈ ਵੀ ਬਹੁਤ ਖ਼ਤਰਨਾਕ ਹੋ ਸਕਦਾ ਹੈ।

ਪੁਲਾੜ ਦਾ ਮਲਬਾ 17,500 ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਗਤੀਮਾਨ ਹੁੰਦਾ ਹੈ ਤੇ 1 ਸੈਂਟੀਮੀਟਰ ਤੋਂ ਵੱਡੀਆਂ ਮਲਬੇ ਵਾਲੀਆਂ ਵਸਤਾਂ ਦੀ ਗਿਣਤੀ ਲਗਪਗ 10 ਲੱਖ ਹੈ। ਉਂਝ, ਇਹ ਵੀ ਇੱਕ ਸੱਚਾਈ ਹੈ ਕਿ ਵਾਯੂਮੰਡਲ ਵਿੱਚ ਮੁੜ-ਪ੍ਰਵੇਸ਼ ਦੌਰਾਨ ਪੈਦਾ ਹੋਣ ਵਾਲੀ ਤੀਬਰ ਗਰਮੀ ਕਾਰਨ ਵੱਡੀ ਮਾਤਰਾ ਵਿੱਚ ਮਲਬਾ ਸੜ ਜਾਂਦਾ ਹੈ ਪਰ ਜੋ ਬਚਦਾ ਹੈ, ਉਹ ਸਮੁੰਦਰਾਂ ਤੇ ਧਰਤੀ 'ਤੇ ਡਿੱਗਦਾ ਹੈ।

ਅੱਜ-ਕੱਲ੍ਹ ਵੱਖ-ਵੱਖ ਦੇਸ਼ਾਂ ਵੱਲੋਂ ਕਈ ਪੁਲਾੜ ਮਿਸ਼ਨ ਚਲਾਏ ਜਾ ਰਹੇ ਹਨ ਕਿਉਂਕਿ ਵਿਕਸਤ ਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਪੁਲਾੜ ਦੇ ਭੇਤ ਜਾਣਨ ਅਤੇ ਸਮਝਣ ਲਈ ਇੱਕ ਵੱਡਾ ਮੁਕਾਬਲਾ ਚੱਲ ਰਿਹਾ ਹੈ। ਧਰਤੀ ਦੇ ਹੇਠਲੇ ਆਰਬਿਟ ਵਿੱਚ 100 ਖਰਬ ਤੋਂ ਵੱਧ ਪੁਲਾੜ ਦੇ ਮਲਬੇ ਹਨ ਜਿਨ੍ਹਾਂ ਦਾ ਪਤਾ ਨਹੀਂ ਲੱਗਿਆ ਹੈ।

ਹਾਲਾਂਕਿ ਰਾਸ਼ਟਰਪਤੀ ਨੇ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੀ ਸਾਲ 2030 ਤੱਕ ਭਵਿੱਖੀ ਪੁਲਾੜ ਮਿਸ਼ਨਾਂ ਨੂੰ ਮਲਬੇ ਤੋਂ ਮੁਕਤ ਕਰਨ ਦਾ ਟੀਚਾ ਮਿੱਥਣ ਲਈ ਤਾਰੀਫ਼ ਵੀ ਕੀਤੀ ਪਰ ਪੁਲਾੜ ਵਿੱਚ ਵਧਦਾ ਮਲਬਾ ਧਰਤੀ ਦੇ ਸਾਰੇ ਜੀਵ-ਜੰਤੂਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ ਜੋ ਇੱਕ ਖ਼ਤਰੇ ਵਜੋਂ ਉੱਭਰ ਰਿਹਾ ਹੈ।





ਅੱਜ ਅਮਰੀਕਾ, ਚੀਨ, ਰੂਸ ਤੇ ਭਾਰਤ ਸਮੇਤ ਕਈ ਦੇਸ਼ਾਂ ਦਾ ਮਲਬਾ ਪੁਲਾੜ ਵਿੱਚ ਮੌਜੂਦ ਹੈ। ਜੇ ਅਸੀਂ ਇੱਥੇ ਸਿਰਫ਼ ਭਾਰਤ ਦੀ ਹੀ ਗੱਲ ਕਰੀਏ ਤਾਂ ਇੱਕ ਅੰਕੜੇ ਅਨੁਸਾਰ ਭਾਰਤ ਕੋਲ 103 ਸਰਗਰਮ ਜਾਂ ਗ਼ੈਰ-ਸਰਗਰਮ ਪੁਲਾੜ ਗੱਡੀਆਂ ਅਤੇ 114 ਪੁਲਾੜ ਮਲਬੇ ਵਾਲੀਆਂ ਵਸਤਾਂ ਹਨ।

ਪੁਲਾੜ ਦਾ ਮਲਬਾ ਧਰਤੀ ਦੇ ਦੁਆਲੇ ਘੁੰਮ ਰਹੇ ਉਨ੍ਹਾਂ ਨਕਲੀ ਪਦਾਰਥਾਂ ਨੂੰ ਦਰਸਾਉਂਦਾ ਹੈ ਜੋ ਵਰਤਮਾਨ ਵਿੱਚ ਕਾਰਜਸ਼ੀਲ ਸਥਿਤੀ ਵਿੱਚ ਨਹੀਂ ਹਨ। ਇਸ ਨੂੰ ਸਪੇਸ ਜੰਕ ਜਾਂ ਔਰਬਿਟਲ ਡੈਬਰਿਸ ਜਾਂ ਸਪੇਸ ਜੰਕ ਵੀ ਕਿਹਾ ਜਾਂਦਾ ਹੈ। ਮਲਬੇ ਦੇ ਸਭ ਤੋਂ ਛੋਟੇ ਟੁਕੜਿਆਂ (ਮਿਲੀਮੀਟਰ ਆਕਾਰ ਦੇ ਮਲਬੇ) ਨਾਲ ਟਕਰਾਉਣ ਕਾਰਨ ਉਪਗ੍ਰਹਿ ਤਬਾਹ ਹੋ ਸਕਦੇ ਹਨ। ਇਸ ਨੂੰ 'ਕੇਸਲਰ ਸਿੰਡਰੋਮ' ਕਿਹਾ ਜਾਂਦਾ ਹੈ।

'ਇਸਰੋ ਸਿਸਟਮ ਫਾਰ ਸੇਫ ਐਂਡ ਸੁਸਟੇਨੇਬਲ ਸਪੇਸ ਆਪ੍ਰੇਸ਼ਨਜ਼ ਮੈਨੇਜਮੈਂਟ' ਨੂੰ ਪੁਲਾੜ ਵਾਤਾਵਰਣ ਦੇ ਖ਼ਤਰਿਆਂ ਤੋਂ ਭਾਰਤੀ ਪੁਲਾੜ ਸੰਪਤੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲਾਂਚ ਕੀਤਾ ਗਿਆ ਹੈ। ਭਾਰਤ ਸਮੇਤ ਦੁਨੀਆ ਦੇ ਵਿਕਸਤ ਤੇ ਵਿਕਾਸਸ਼ੀਲ ਦੇਸ਼ ਪੁਲਾੜ ਰਹਿੰਦ-ਖੂਹੰਦ ਦੇ ਪ੍ਰਬੰਧਨ ਲਈ ਲਗਾਤਾਰ ਕੰਮ ਕਰ ਰਹੇ ਹਨ ਤੇ ਆਉਣ ਵਾਲੇ ਸਮੇਂ 'ਚ ਅਸੀਂ ਇਸ ਦਿਸ਼ਾ 'ਚ ਹੋਰ ਵੀ ਵਧੀਆ ਕੰਮ ਕਰ ਸਕਾਂਗੇ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਵਿੱਥ

ਬੂਟਾ ਸਿੰਘ ਚੌਹਾਨ



ਦਿਵਾਲੀ ਦੇ ਨੇੜੇ-ਤੇੜੇ ਦੇ ਦਿਨ ਸਨ। ਬਾਜ਼ਾਰ ਤੜਕੇ ਛੇਤੀ ਖੁੱਲ੍ਹ ਜਾਂਦਾ। ਮੰਡੀ ਦਾ ਬਾਹਰਲਾ ਬਾਜ਼ਾਰ ਸੀ ਇਹ। ਛੋਟੇ-ਛੋਟੇ ਧੰਦੇ ਕਰਨ ਵਾਲਿਆਂ ਨੂੰ ਗਲ਼ ਨਾਲ ਲਾਈ ਬੈਠਾ ਸੀ। ਤਰ੍ਹਾਂ-ਤਰ੍ਹਾਂ ਦੇ ਕੰਮ ਕਰਦੇ ਸੀ ਤਰ੍ਹਾਂ-ਤਰ੍ਹਾਂ ਦੇ ਲੋਕ। ਕੋਈ ਪੱਖੇ ਸੰਵਾਰਦਾ। ਕੋਈ ਮਸ਼ੀਨਾਂ। ਕੋਈ ਟੇਪ ਰਿਕਾਰਡਾਂ। ਕੋਈ ਘੜੀਆਂ ਤੇ ਕੋਈ ਤਸਵੀਰਾਂ ਜੜ ਕੇ ਦਿੰਦਾ। ਦੋ-ਤਿੰਨ ਨਿੱਕੇ-ਨਿੱਕੇ ਹਲਵਾਈ ਸਨ। ਗੱਲ ਕੀ, ਭਾਂਤ-ਭਾਂਤ ਦੀ ਲੱਕੜ ਇਕੱਠੀ ਹੋਈ ਸੀ ਸਾਡੇ ਵਾਲੇ ਪਾਸੇ।

ਮੇਰੀ ਸਿਲਾਈ ਦੀ ਦੁਕਾਨ ਸੀ। ਮੇਰੇ ਸਾਹਮਣੇ ਪਵਨੇ ਬਿਸਕੁਟਾਂ ਵਾਲ਼ੇ ਦੀ ਦੁਕਾਨ।

ਪਵਨਾ ਤੜਕੇ ਪੰਜ ਕੁ ਵਜੇ ਬਿਸਕੁਟਾਂ ਵਾਲੀ ਭੱਠੀ ਤਪਾ ਲੈਂਦਾ। ਹੁਣ ਵਾਂਗ ਬਿਜਲੀ ਵਾਲੀਆਂ ਮਸ਼ੀਨਾਂ ਨਹੀਂ ਸੀ ਆਈਆਂ। ਨਾ ਹੀ ਅੱਖ ਦੀ ਝਮਕ 'ਚ ਬਿਸਕੁਟ ਬਣਦੇ ਸੀ। ਪਹਿਲਾਂ ਬਿਸਕੁਟਾਂ ਵਾਲਾ ਸਾਮਾਨ ਕੜਾਹੀ 'ਚ ਪਾਉਂਦੇ। ਫੇਰ ਰਲਾਉਂਦੇ। ਗੁੱਥੀਆਂ 'ਚ ਪਾ ਕੇ ਬਿਸਕੁਟ ਟੁਕਦੇ। ਫੇਰ ਟੁੱਕੇ ਹੋਏ ਬਿਸਕੁਟਾਂ ਵਾਲੇ ਪੱਤਰੇ ਭੱਠੀ 'ਚ ਲਾਉਂਦੇ। ਸੇਕ ਵੱਧ-ਘੱਟ ਕਰਨ ਲਈ ਭੱਠੀ ਦੇ ਮੂੰਹ 'ਤੇ ਲੋਹੇ ਦਾ ਢੱਕਣ ਲਾਉਂਦੇ, ਹਟਾਉਂਦੇ।

ਦਿਵਾਲੀ ਕਰਕੇ ਪਵਨੇ ਦੀ ਦੁਕਾਨ 'ਤੇ ਛੇ-ਸੱਤ ਵਜੇ ਲੋਕ ਆ ਕੇ ਵਾਰੀ ਰੋਕਣ ਲਈ ਬਹਿ ਜਾਂਦੇ। ਮੰਡੀ ਦੇ ਪਿੰਡ ਵਾਲੇ ਪਾਸਿਉਂ ਵੀ ਲੋਕ ਆਉਂਦੇ। ਆਲੇ-ਦੁਆਲੇ ਦੇ ਦਸ-ਪੰਦਰਾਂ ਪਿੰਡਾਂ 'ਚੋਂ ਵੀ।

ਮੈਂ ਤੜਕੇ ਸੱਤ ਕੁ ਵਜੇ ਦੁਕਾਨ ਖੋਲ੍ਹਦਾ ਸੀ। ਵਾਰੀ ਰੋਕਣ ਵਾਲੇ ਲੋਕ ਪਵਨੇ ਦੀ ਦੁਕਾਨ ਅੱਗੇ ਡਹੇ ਲੱਕੜ ਦੇ ਬੈਂਚਾਂ 'ਤੇ ਵੀ ਬਹਿੰਦੇ। ਬੰਦ ਪਈਆਂ ਦੁਕਾਨਾਂ ਦੇ ਥੜ੍ਹਿਆਂ 'ਤੇ ਵੀ। ਲੋਕਾਂ ਕੋਲ ਪੀਪਿਆਂ 'ਚ ਨਾਲ ਲਿਆਂਦਾ ਸੀਧਾ-ਪੱਤਾ ਹੁੰਦਾ। ਦੇਸੀ ਘਿਉ ਵੀ। ਪਾਣੀ ਦੀ ਥਾਂ ਪਾਉਣ ਲਈ ਦੁੱਧ ਦੀਆਂ ਬੋਤਲਾਂ।

ਵਾਰੀ ਰੋਕਣ ਵਾਲੀਆਂ ਔਰਤਾਂ ਦੀ ਗਿਣਤੀ ਬੰਦਿਆਂ ਨਾਲੋਂ ਕਿਤੇ ਵੱਧ ਹੁੰਦੀ। ਬੁੜ੍ਹੀਆਂ ਤੇ ਕੁੜੀਆਂ ਵੀ। ਵਿੱਚ-ਵਿੱਚ ਸੱਜ-ਵਿਆਹੀਆਂ ਵੀ ਹੁੰਦੀਆਂ।

ਪਵਨਾ ਮੇਰਾ ਮਿੱਤਰ ਸੀ। ਉਂਝ ਉਹ ਗੱਲੇ 'ਤੇ ਬਹਿੰਦਾ ਸੀ। ਹੁਣ ਦਿਵਾਲੀ ਕਰਕੇ ਕੜਾਹੀ 'ਤੇ ਬਹਿੰਦਾ। ਸਾਮਾਨ ਘੋਲ਼-ਘੋਲ਼ ਕੇ ਕਾਰੀਗਰਾਂ ਨੂੰ ਘਾਣੀਆਂ ਬਣਾ-ਬਣਾ ਦਿੰਦਾ। ਮੇਰੇ ਨਾਲ ਅੱਖ ਮਿਲਦੀ। ਹੱਸਦਾ। ਅੱਖਾਂ 'ਚੋਂ ਆਏ ਲੋਕਾਂ ਦੀ ਖ਼ੁਸ਼ੀ ਝਲਕਦੀ।

ਮੈਂ ਕਾਊਂਟਰ 'ਤੇ ਖੜ੍ਹਾ ਕੱਪੜੇ ਕੱਟ ਰਿਹਾ ਸੀ। ਮੇਰੀ ਪਵਨੇ ਨਾਲ ਅੱਖ ਮਿਲੀ। ਪਵਨੇ ਦੀ ਦਿਵਾਲੀ ਹੁਣ ਆਈ ਸੀ। ਮੇਰੀ ਸਾਧ ਵਾਂਗ ਸਦਾ ਦਿਵਾਲੀ ਸੀ। ਗਾਹਕ ਹਨੇਰੀ ਵਾਂਗ ਆਉਂਦੇ-ਜਾਂਦੇ।

ਪਵਨੇ ਦੀ ਦੁਕਾਨ ਦੇ ਅੱਗੇ ਡਹੇ ਬੈਂਚ ਭਰੇ ਹੋਏ ਸੀ। ਇੱਕ ਬੈਂਚ 'ਤੇ ਤਿੰਨ-ਤਿੰਨ ਚਾਰ-ਚਾਰ ਔਰਤਾਂ ਬੈਠੀਆਂ ਸਨ। ਮੈਂ ਕੱਪੜੇ ਕਟਦੇ-ਕਟਦੇ ਨੇ ਪਹਿਲੇ ਬੈਂਚ 'ਤੇ ਤਰਦੀ ਜਿਹੀ ਨਿਗ੍ਹਾ ਮਾਰੀ। ਨਿਗ੍ਹਾ ਕੀ ਮਾਰੀ, ਨਿਗ੍ਹਾ ਨੂੰ ਜਿਵੇਂ ਜੂੜ ਪੈ ਗਿਆ। ਸਿਰੇ ਵਾਲੇ ਬੈਂਚ 'ਤੇ ਨਖ਼ਰੇਲੋ ਬੈਠੀ ਸੀ- ਮੇਰੇ ਪਿੰਡ ਦੀ ਮੇਰੇ ਨਾਲ ਪੰਜਵੀਂ ਤੱਕ ਪੜ੍ਹੀ ਜਮਾਤਣ।

ਉਹਦਾ ਨਾਂ ਤਾਂ ਕੋਈ ਹੋਰ ਸੀ। ਨਖ਼ਰੇ ਕਾਰਨ ਨਾਲ ਦੀਆਂ ਕੁੜੀਆਂ ਨੇ ਤੇ ਉਹਦਾ ਨਾਂ ਨਖ਼ਰੇਲੋ ਰੱਖਿਆ ਹੋਇਆ ਸੀ।

ਜ਼ਮੀਨ ਉਨ੍ਹਾਂ ਕੋਲ ਬਹੁਤ ਸੀ। ਗਲੀ ਦੇ ਅੱਠ-ਦਸ ਘਰਾਂ ਜਿੰਨੀ। ਜਦੋਂ ਕਿਸੇ ਵੱਲ ਵੇਖਦੀ, ਜ਼ਮੀਨ ਤੇ ਜਾਤ ਨਖ਼ਰਾ ਬਣ ਜਾਂਦੇ। ਗੱਲ ਵੀ ਚੱਕਵੀਂ ਕਰਦੀ। ਧਰਤੀ 'ਤੇ ਪੈਰ ਨਾ ਲੱਗਣ ਦਿੰਦੀ।

ਪੜ੍ਹਾਈ 'ਚ ਉਹਦਾ ਮੁਕਾਬਲਾ ਮੇਰੇ ਨਾਲ ਸੀ। ਸਾਡਾ ਖਾਂਘੂ ਜਿਹਾ ਮਾਸਟਰ ਉਹਦਾ ਨਾਂ ਲੈ ਕੇ ਕਹਿੰਦਾ, "ਉੱਠ ਕੇ ਪਾਠ ਸੁਣਾ।"

ਉਹ ਪੰਜਾਬੀ ਦਾ ਕੋਈ ਪਾਠ ਪੜ੍ਹਨਾ ਸ਼ੁਰੂ ਕਰਦੀ। ਸ਼ਬਦ ਚੱਬ-ਚੱਬ ਕੇ ਬੋਲਦੀ। ਪਾਠ ਪੜ੍ਹਦੀ ਇਉਂ ਲੱਗਦੀ, ਜਿਵੇਂ ਪਹਾੜ ਦੀ ਟੀਸੀ 'ਤੇ ਖੜ੍ਹੀ ਹੋਵੇ। ਅਸੀਂ ਹੇਠਾਂ ਤੁਰਦੇ-ਫਿਰਦੇ ਕੀੜੇ-ਮਕੌੜੇ ਹੋਈਏ। ਪਿਉ ਦੀ ਜ਼ਮੀਨ ਦਾ ਰੰਗ ਉਹਦੇ ਮੂੰਹ 'ਤੇ ਦਗ-ਦਗ ਕਰਦਾ। ਸਾਡੀ ਜਮਾਤ 'ਤੇ ਉਹਦੀ ਸਰਦਾਰੀ ਸੀ। ਅੱਧੀ ਛੁੱਟੀ ਉਹ ਮਾਸਟਰ ਦੀ ਰੋਟੀ ਲੈ ਕੇ ਆਉਂਦੀ। ਕਦੇ-ਕਦੇ ਵਾਰੀ ਤੋੜਨ ਲਈ ਹੀ ਖਾਂਘੂ ਮਾਸਟਰ ਹੋਰ ਕਿਸੇ ਮੁੰਡੇ-ਕੁੜੀ ਨੂੰ ਰੋਟੀ ਲਿਆਉਣ ਲਈ ਕਹਿੰਦਾ। ਮੇਰੇ ਵਰਗਿਆਂ ਦੀਆਂ ਸੁੱਕੀਆਂ ਰੋਟੀਆਂ ਤੋਂ ਉਹਨੇ ਕੀ ਲੈਣਾ ਸੀ। ਨਖ਼ਰੇਲੋ ਦੀ ਰੋਟੀ 'ਚ ਛੱਤੀ ਪਦਾਰਥ ਹੁੰਦੇ ਤੇ ਸਾਡਾ ਚਟਣੀ ਸੰਸਾਰ।

ਨਖ਼ਰੇਲੋ ਦੇ ਨਾਲ ਮਿਸਤਰੀਆਂ ਦੀ ਘਸੀ ਜਿਹੀ ਕੁੜੀ ਬਹਿੰਦੀ ਸੀ। ਮਾਸਟਰ ਉਰ੍ਹਾਂ-ਪਰ੍ਹਾਂ ਹੁੰਦਾ। ਉਹ ਘਸੀ ਕੁੜੀ ਨੂੰ ਕਹਿੰਦੀ, "ਚੱਲ ਨੀ! ਪਾਣੀ ਪੀ ਕੇ ਆਈਏ।"

ਘਸੀ ਕੁੜੀ ਦੇ ਚੱਪਲਾਂ ਪਾਈਆਂ ਹੁੰਦੀਆਂ। ਨਖ਼ਰੇਲੋ ਦੇ ਕਾਲੀ ਕੁਰਮ ਦੀ ਨਾਗ ਵਰਗੀ ਜੁੱਤੀ। ਮੈਂ ਚਿਤਵਦਾ, 'ਇਹ ਕਦੇ ਮੈਨੂੰ ਕਹੇ, ਚੱਲ ਵੇ! ਪਾਣੀ ਪੀਣ ਚੱਲੀਏ' ਪਰ ਮੇਰਾ ਇਹ ਭੁਲੇਖਾ ਸੀ- ਧਰਤੀ ਆਸਮਾਨ ਇੱਕ ਹੋਣ ਵਰਗਾ।

ਮਾਸਟਰ ਸਾਡਾ ਕਾਮਰੇਡ ਸੀ- ਇਮਾਨਦਾਰ ਪੂਰਾ। ਉਹਦੇ 'ਚ ਨਖ਼ਰੇਲੋ ਦੀ ਖਾਧੀ ਰੋਟੀ ਬੋਲਦੀ ਤਾਂ ਸੀ ਪਰ ਸਾਡੀ ਸੰਘੀ ਨਹੀਂ ਸੀ ਘੁਟਦੀ। ਸਭ ਨੂੰ ਇੱਕ ਅੱਖ ਨਾਲ ਵੇਖਦਾ। ਕਦੇ-ਕਦੇ ਆਸਮਾਨ ਨੂੰ ਹੱਥ ਲਾਉਂਦੀ ਨਖ਼ਰੇਲੋ ਦੇ ਅੰਦਰ ਵੀ ਝਾਤੀ ਮਰਵਾ ਦਿੰਦਾ। ਮੈਂ ਸੋਚਦਾ, ਉਹਦੇ ਨਖ਼ਰੇਲੋ ਦਾ ਰੋਟੀ-ਪਾਣੀ ਹਜ਼ਮ ਕਿਵੇਂ ਆਉਂਦਾ ਸੀ? ਉਹਦੀ ਹਰ ਗੱਲ ਲੱਖ-ਲੱਖ ਦੀ ਹੁੰਦੀ। ਮੈਂ ਧਿਆਨ ਨਾਲ ਸੁਣਦਾ। ਉਹਦੀਆਂ ਗੱਲਾਂ ਮੈਨੂੰ ਤਰਾਸ਼ ਰਹੀਆਂ ਸੀ। ਨਖ਼ਰੇਲੋ ਦੇ ਖ਼ਾਨੇ 'ਚ ਉਹਦੀ ਕੋਈ ਗੱਲ ਨਹੀਂ ਸੀ ਪੈਂਦੀ ਜਾਂ ਜਿਹੜੇ ਖ਼ਾਨੇ ਵਾਸਤੇ ਉਹਦੀਆਂ ਗੱਲਾਂ ਸੀ, ਨਖ਼ਰੇਲੋ ਦੇ ਉਹ ਖ਼ਾਨਾ ਹੀ ਨਹੀਂ ਸੀ।

ਮਾਸਟਰ ਨੇ ਇੱਕ ਵਾਰੀ ਸਾਨੂੰ ਕਿਹਾ, ਅਸੀਂ ਪਿੰਡ ਦੇ ਸਰਪੰਚ ਬਾਰੇ ਲੇਖ ਲਿਖੀਏ। ਸਾਨੂੰ ਲੰਮੇ ਵਰਾਂਡੇ 'ਚ ਬਹਾ ਕੇ ਆਪ ਉਹ ਕੁਰਸੀ ਡਾਹ ਕੇ ਸਿਰੇ 'ਤੇ ਬੈਠ ਗਿਆ। ਵਰਾਂਡਾ ਲੰਮਾ ਸੀ। ਦੋ ਕਤਾਰਾਂ ਬਣਾਈਆਂ। ਸਾਡੇ ਵਿਚਕਾਰ ਸੱਤ-ਅੱਠ ਫੁੱਟ ਥਾਂ ਸੀ। ਅੱਗੇ-ਪਿੱਛੇ ਵੀ ਏਨੀ-ਏਨੀ। ਅਸੀਂ ਹਿਸਾਬ ਵਾਲੀ ਕੋਰੀ ਕਾਪੀ 'ਚੋਂ ਸਾਂਝੇ ਵਰਕੇ ਪਾੜ ਲਏ।

ਮੌਕੇ 'ਤੇ ਉਹਨੇ ਸਾਨੂੰ ਲੇਖ ਲਿਖਣ ਲਈ ਕਿਹਾ ਸੀ। ਪਹਿਲਾਂ ਦੱਸਿਆ ਹੁੰਦਾ, ਅਸੀਂ ਯਾਦ ਕਰਕੇ ਆਉਂਦੇ। ਜੇ ਲੇਖ ਲਿਖਿਆ ਨਾ ਹੁੰਦਾ, ਕਿਸੇ ਤੋਂ ਪੁੱਛ-ਪੁਛਾ ਕੇ ਆਉਂਦੇ। ਪੇਪਰ ਸ਼ੁਰੂ ਹੋਣ ਤੋਂ ਪਹਿਲਾਂ ਮਾਸਟਰ ਨੇ ਕਿਹਾ ਸੀ, "ਝੂਠ ਨਹੀਂ ਲਿਖਣਾ। ਜਿਸ ਤਰ੍ਹਾਂ ਦਾ ਸਰਪੰਚ ਹੈ ਜਾਂ ਤੁਹਾਡੇ ਗਲ਼ੀ-ਮੁਹੱਲੇ 'ਚ ਉਹਨੇ ਕੰਮ ਕੀਤੇ ਨੇ, ਓਹੀ ਲਿਖਿਓ।"

ਮੈਂ ਲਿਖਣ ਲੱਗ ਪਿਆ ਸੀ। ਨਖ਼ਰੇਲੋ ਮੂੰਹ 'ਚ ਪੈਨਸਿਲ ਲਈ ਬੈਠੀ ਸੀ। ਦਿਖਾਵਾ ਕਰ ਰਹੀ ਸੀ, ਉਹ ਸੋਚ ਰਹੀ ਹੈ ਪਰ ਸੋਚ ਨਹੀਂ ਸੀ ਰਹੀ। ਉਲ਼ਝੀ ਹੋਈ ਸੀ। ਸਮੇਂ ਨੂੰ ਧੱਕਾ ਦੇ ਰਹੀ ਸੀ। ਨਿਗ੍ਹਾ ਖਿੰਡੀ ਹੋਈ ਸੀ।

ਲੇਖ ਲਿਖਣ ਦਾ ਸਮਾਂ ਵੀਹ ਮਿੰਟ ਸੀ। ਸਭ ਨੇ ਸਮਝ ਅਨੁਸਾਰ ਗੱਲਾਂ ਲਿਖੀਆਂ। ਵਿਹੜੇ ਵਾਲੇ ਇੱਕ ਮੁੰਡੇ ਨੇ ਲਿਖਿਆ ਸੀ, ਸਾਡੇ ਦੋਹਾਂ ਵਿਹੜਿਆਂ ਵਿਚਾਲ਼ੇ ਸਰਪੰਚ ਨੇ ਗੰਦੇ ਪਾਣੀ ਵਾਲੀ ਛੱਪੜੀ ਬਣਾਈ ਹੋਈ ਹੈ ਜਿਸ ਵਿੱਚ ਸਾਰੇ ਪਿੰਡ ਦਾ ਗੰਦਾ ਪਾਣੀ ਪੈਂਦਾ ਹੈ। ਮੱਛਰ ਭਿਣਕਦੇ ਰਹਿੰਦੇ ਨੇ। ਮੀਂਹ ਪਏ ਤੋਂ ਭੈੜਾ ਮੁਸ਼ਕ ਮਾਰਦਾ ਹੈ।

ਨਖ਼ਰੇਲੋ ਨੇ ਲਿਖਿਆ ਸੀ, ਉਨ੍ਹਾਂ ਦੀ ਗਲ਼ੀ ਸਭ ਤੋਂ ਪਹਿਲਾਂ ਇੱਟਾਂ ਵਾਲੀ ਬਣੀ ਸੀ। ਹੁਣ ਸਰਪੰਚ ਨੂੰ ਪਿੰਡ 'ਚ ਅੱਠਵੀਂ ਦਾ ਸਕੂਲ ਬਣਾਉਣਾ ਚਾਹੀਦਾ ਹੈ।

ਮੈਂ ਲਿਖਿਆ ਸੀ, ਸਰਪੰਚ ਵੋਟਾਂ ਵੇਲ਼ੇ ਸਾਡੇ ਘਰਾਂ ਕੋਲ ਇੱਕ ਦੁਕਾਨ 'ਤੇ ਆਇਆ ਸੀ। ਉਹਨੇ ਸਾਨੂੰ ਕੋਲ ਸੱਦ ਕੇ ਹੱਟ ਤੋਂ ਮਿੱਠੀਆਂ ਗੋਲ਼ੀਆਂ ਤੇ ਮਖਾਣੇ ਦਿਵਾਏ ਸੀ। ਫੇਰ ਕਿਹਾ ਸੀ, ਤੁਸੀਂ ਕੱਲ੍ਹ ਨੂੰ ਆਪਣੇ ਘਰੋਂ ਸੂਹ ਲੈ ਕੇ ਆਇਓ। ਤੁਹਾਡੇ ਘਰ ਦੇ ਕੀਹਨੂੰ ਵੋਟਾਂ ਪਾਉਣ ਦੀਆਂ ਗੱਲਾਂ ਕਰਦੇ ਸੀ। ਇਹ ਵੀ ਕਿਹਾ ਸੀ, ਕੱਲ੍ਹ ਨੂੰ ਉਹ ਲੂਣ ਵਾਲ਼ੀਆਂ ਪਕੌੜੀਆਂ ਤੇ ਮਖਾਣੇ ਦਿਵਾਵੇਗਾ।

ਮੈਂ ਲਿਖਿਆ ਸੀਃ ਸਰਪੰਚ ਬੱਚਿਆਂ ਨੂੰ ਲਾਲਚ ਦੇ ਕੇ ਵਿਗਾੜ ਰਿਹਾ ਹੈ। ਲਾਲਚੀ ਬਣਾ ਰਿਹਾ ਹੈ। ਇਹ ਗੱਲ ਮਾੜੀ ਹੈ।

ਮੈਂ ਲੇਖ ਲਿਖਣ 'ਚ ਅੱਵਲ ਆਇਆ। ਵਿਹੜੇ ਵਾਲਾ ਮੁੰਡਾ ਦੂਜੇ ਨੰਬਰ 'ਤੇ। ਤੀਜੇ ਨੰਬਰ 'ਤੇ ਮਿਸਤਰੀਆਂ ਦਾ ਇੱਕ ਮੁੰਡਾ ਆਇਆ ਸੀ। ਉਹਨੇ ਲਿਖਿਆ ਸੀ, ਸਰਪੰਚ ਨੇ ਸਾਡੀ ਬੀਹੀ 'ਚ ਨਾਲ਼ੀਆਂ ਵੀ ਨਹੀਂ ਬਣਾਈਆਂ। ਇੱਟਾਂ ਵੀ ਨਹੀਂ ਲਾਈਆਂ। ਨਖ਼ਰੇਲੋ ਤਿੰਨਾਂ 'ਚ ਨਹੀਂ ਸੀ ਆਈ। ਗੱਲ ਕੀ, ਲੇਖ ਮੁਕਾਬਲੇ 'ਚੋਂ ਭਾਲ਼ੀ ਵੀ ਨਹੀਂ ਸੀ ਥਿਆਈ।

ਨਤੀਜਾ ਸੁਣ ਕੇ ਉਹਦੀ ਥੋੜ੍ਹੀ ਜਿਹੀ ਅੱਖ ਨੀਵੀਂ ਤਾਂ ਹੋਈ ਸੀ ਪਰ ਸਿਰ ਨਹੀਂ ਸੀ ਨੀਵਾਂ ਹੋਇਆ। ਉਸ ਨੇ ਉਸ ਦਿਨ ਲੇਖ ਮੁਕਾਬਲੇ 'ਚ ਪੁਜ਼ੀਸ਼ਨ ਨਾ ਆਉਣ ਦਾ ਗੁੱਸਾ ਮੇਰੇ 'ਤੇ ਕੱਢ ਦਿੱਤਾ ਸੀ। ਕੁਝ ਦਿਨ ਪਹਿਲਾਂ ਮੈਂ ਉਸ ਦੇ ਘਰ ਕੋਲ ਕਿਸੇ ਫ਼ੌਜੀ ਦੇ ਘਰ ਗਿਆ ਸੀ। ਉਹਨੇ ਜੁਆਕਾਂ ਨੂੰ ਮਿੱਠੇ ਚੌਲ਼ਾਂ ਦਾ ਯੱਗ ਕੀਤਾ ਸੀ। ਮੈਨੂੰ ਬਾਟੀ ਲਈ ਆਉਂਦੇ ਨੂੰ ਨਖ਼ਰੇਲੋ ਨੇ ਵੇਖ ਲਿਆ ਸੀ। ਇੱਕ ਦਿਨ ਜਾਂਦੀ ਨੂੰ ਮੈਂ ਪੁੱਛ ਬੈਠਾ ਕਿ ਉਹ ਚੌਲ ਖਾਣ ਕਿਉਂ ਨਹੀਂ ਆਈ?

ਉਹ ਹੰਕਾਰ 'ਚ ਕਹਿੰਦੀ, "ਲੋਕਾਂ ਦੇ ਘਰੇ ਚੌਲ਼ ਖਾਣ ਤਾਂ ਲਾਗੀ ਜਾਂਦੇ ਹੁੰਦੇ ਐ। ਮੈਨੂੰ ਕੀ ਲੋੜ ਸੀ ਫ਼ੌਜੀ ਦੇ ਘਰੇ ਜਾਣ ਦੀ? ਅਸੀਂ ਕੋਈ ਲਾਗੀ ਆਂ?"

ਉਹਦੇ ਸ਼ਬਦ ਮੇਰੀ ਹਿੱਕ 'ਚ ਤੀਰ ਵਾਂਗ ਵੱਜੇ। ਜਵਾਬ ਮੇਰੇ ਕੋਲ ਹੈ ਨਹੀਂ ਸੀ। ਕਹਿੰਦਾ ਤਾਂ ਕੀ ਕਹਿੰਦਾ? ਫੇਰ ਸੋਚਿਆ, ਕਿਸੇ ਦੇ ਘਰੇ ਚੌਲ ਖਾਣ ਜਾਣ ਵਾਲਾ ਲਾਗੀ ਹੀ ਹੈ। ਹੋਰ ਕੀ ਐ ਉਹ? ਮੇਰੇ ਮੂੰਹ 'ਚੋਂ ਜੀਭ ਡਿੱਗ ਪਈ ਸੀ। ਕੰਧ ਬਣ ਗਿਆ ਸੀ।

ਮੈਂ ਘਰੇ ਜਾ ਕੇ ਮਾਂ ਤੋਂ ਪੁੱਛਿਆ, "ਬੇਬੇ! ਆਪਾਂ ਲਾਗੀ ਆਂ?"

ਉਹ ਕਹਿੰਦੀ, "ਹਾਂ ਪੁੱਤ! ਆਪਾਂ ਲਾਗੀ ਆਂ। ਇਹ ਪਹਿਲਾਂ ਦੀਆਂ ਗੱਲਾਂ ਨੇ। ਤੇਰਾ ਪਿਉ ਤੇ ਤਾਇਆ ਵਿਆਹਾਂ ਵੇਲ਼ੇ ਕੋਰੇ ਵਿਛਾਉਣ ਜਾਂਦੇ ਹੁੰਦੇ ਸੀ।"

ਮੈਂ ਕਿਹਾ, "ਕੋਰੇ ਕੀ?"

ਉਹ ਕਹਿੰਦੀ, "ਕੋਰੇ ਖੱਦਰ ਦੇ ਹੁੰਦੇ ਸੀ। ਇੱਕ ਪਿਛਾਉੜੀ 'ਚ ਵੀਹ ਗਜ਼ ਹੁੰਦਾ ਸੀ। ਜਦੋਂ ਜੱਟਾਂ ਦੇ ਰਿਸ਼ਤੇਦਾਰ ਰੋਟੀ ਖਾਣ ਬਹਿੰਦੇ ਸੀ, ਆਪਾਂ ਕੋਰੇ ਵਿਛਾ ਦਿੰਦੇ। ਉਹ ਉੱਤੇ ਬਹਿ ਕੇ ਰੋਟੀ ਖਾਂਦੇ। ਰਿਸ਼ਤੇਦਾਰ ਘੱਟ ਹੁੰਦੇ। ਆਪਾਂ ਦੋ ਪਿਛਾਉੜੀਆਂ ਲੈ ਜਾਂਦੇ। ਜ਼ਿਆਦੇ ਹੁੰਦੇ, ਦੋ ਹੋਰ ਲੈ ਜਾਂਦੇ। ਆਪਣੇ ਘਰੇ ਅੱਠ-ਦਸ ਪਿਛਾਉੜੀਆਂ ਸੀ।"

ਮੈਂ ਲਾਗੀ ਹੋਣਾ ਮੰਨ ਲਿਆ ਸੀ ਪਰ ਬੇਬੇ ਦੱਸ ਰਹੀ ਸੀ, "ਵਿਆਹ ਹੋਏ ਤੋਂ ਲੋਕ ਆਪਾਂ ਨੂੰ ਪੰਜ-ਦਸ ਰੁਪਈਏ ਵੀ ਦਿੰਦੇ। ਮਠਿਆਈ ਵੀ। ਚੌਲ ਬਚੇ ਹੁੰਦੇ, ਉਹ ਵੀ ਦੇ ਦਿੰਦੇ। ਆਪਾਂ ਧੁੱਪੇ ਸੁਕਾ ਲੈਂਦੇ। ਗੁੜ ਆਲ਼ੇ ਪਾਣੀ 'ਚ ਉਬਾਲ਼-ਉਬਾਲ਼ ਕੇ ਕਈ-ਕਈ ਦਿਨ ਖਾਈ ਜਾਂਦੇ ਪਰ ਆਪਾਂ ਕਦੇ ਜੂਠੇ ਲੱਡੂ-ਜਲੇਬੀਆਂ ਨਹੀਂ ਸੀ ਲਿਆਂਦੇ।"

ਮੈਂ ਕਿਹਾ, "ਉਹ ਕੌਣ ਲੈ ਕੇ ਜਾਂਦਾ ਸੀ?"

ਉਹ ਕਹਿੰਦੀ, "ਵਿਹੜੇ ਆਲ਼ੇ ਸੰਭਰਨ ਆਉਂਦੇ ਹੁੰਦੇ। ਉਹ ਲੈ ਕੇ ਜਾਂਦੇ ਸੀ। ਇੱਕ ਪਾਸੇ ਬੱਠਲ਼ ਲਾਇਆ ਹੁੰਦਾ ਸੀ। ਨੈਣ ਭਾਂਡੇ ਮਾਂਜਣ ਤੋਂ ਪਹਿਲਾਂ ਜੂਠ ਬੱਠਲ਼ 'ਚ ਪਾਈ ਜਾਂਦੀ। ਉਹ ਲੈ ਜਾਂਦੇ ਸੀ।"

ਮੈਨੂੰ ਉਦੋਂ ਲੱਗਦਾ, ਚਲੋ ਅਸੀਂ ਵਿਹੜੇ ਵਾਲਿਆਂ ਨਾਲੋਂ ਤਾਂ ਚੰਗੇ ਹੀ ਹਾਂ, ਪਰ ਪਿੱਛੋਂ ਪਤਾ ਲੱਗਿਆ, ਕੀ ਚੰਗੇ ਸੀ ਅਸੀਂ ਵਿਹੜੇ ਵਾਲਿਆਂ ਤੋਂ? ਉੱਨੀ-ਇੱਕੀ 'ਚ ਕੀ ਫ਼ਰਕ ਹੁੰਦੈ? ਭੁਲੇਖਾ ਸੀ- ਨਿਰਾ ਭੁਲੇਖਾ।

ਨਖ਼ਰੇਲੋ ਦੀ ਮੇਰੇ ਮਨ 'ਚ ਥਾਂ ਸੀ। ਉਹਦੇ ਪਿੰਡੇ 'ਤੇ ਮੇਰੇ ਨਾਲੋਂ ਮਾਸ ਵੱਧ ਸੀ। ਰੰਗ ਤਾਂ ਪਿੱਤਲ਼ ਦੇ ਭਾਂਡੇ ਵਰਗਾ ਹੈ ਹੀ ਸੀ। ਦੋ-ਤਿੰਨ ਉਂਗਲ਼ਾਂ ਮੈਥੋਂ ਉੱਚੀ ਵੀ ਸੀ। ਗੱਲ ਕੀ, ਸਭ ਕੁਝ ਠੀਕ-ਠਾਕ ਸੀ। ਮੇਰੀ ਰੂਹ 'ਚ ਵਸੀ ਹੋਈ ਸੀ ਉਹ। ਮੈਂ ਸੋਚਦਾ, ਜੇ ਕਿਤੇ ਇਹ ਬੋਲ-ਵਿਗਾੜ ਨਾ ਹੁੰਦੀ। ਗੱਲ ਬਣ ਜਾਣੀ ਸੀ। ਕੋਇਆਂ ਥਾਣੀਂ ਝਾਕਦੀ ਉਹ ਮੇਰੇ ਵੱਲ ਵੀ ਰਹਿੰਦੀ ਸੀ। ਜਦੋਂ ਉਹ ਬਹੁਤੀ ਤਿੜਕਦੀ ਜਾਂ ਧਰਤੀ 'ਤੇ ਵੇਖਦੀ ਹੀ ਨਾ, ਸੋਚਦਾ, ਮੁੜ ਕੇ ਉਹਨੂੰ ਨਹੀਂ ਬੁਲਾਉਣਾ। ਜੇ ਇਹ ਵੱਡੇ ਘਰ ਦੀ ਐ, ਮੈਂ ਕਿਹੜਾ ਇਹਤੋਂ ਪੜ੍ਹਾਈ 'ਚ ਘੱਟ ਆਂ। ਹੋਵੇਗੀ, ਆਵਦੇ ਘਰੇ। ਮੇਰੇ 'ਤੇ ਡੀ.ਸੀ. ਤਾਂ ਨਹੀਂ ਲੱਗੀ ਹੋਈ? ਫ਼ੈਸਲਾ ਤਾਂ ਕਰਦਾ ਉਹਨੂੰ ਮੁੜ ਕੇ ਨਾ ਬੁਲਾਉਣ ਦਾ ਪਰ ਸੋਚੀ ਗੱਲ 'ਤੇ ਖਰਾ ਨਾ ਉਤਰਿਆ ਜਾਂਦਾ। ਉਹਦਾ ਤਪ-ਤੇਜ ਪੇਸ਼ ਨਾ ਜਾਣ ਦਿੰਦਾ।

ਆਉਣ ਵੇਲ਼ੇ ਕੋਈ ਨਾ ਕੋਈ ਗੱਲ ਹੋ ਜਾਂਦੀ ਸੀ। ਹਰ ਵਾਰ ਉਹਦੀ ਆਕੜ ਮੇਰੇ ਗਿੱਟੇ-ਗੋਡੇ ਭੰਨਦੀ। ਮੈਂ ਸੋਚਦਾ, 'ਇਹ ਗੱਲ ਕੀ ਹੈ? ਜੇ ਗੱਲ ਹੈ ਤਾਂ ਕਿਉਂ ਹੈ? ਮੇਰੀ ਨਿਆਣ-ਮੱਤ ਗੱਲ ਦੀ ਗਹਿਰਾਈ ਤੱਕ ਜਾਣ ਜੋਗਰੀ ਨਹੀਂ ਸੀ। ਮੈਂ ਸੋਚਦਾ, ਸਰਪੰਚ ਵਾਲੇ ਲੇਖ 'ਚ ਮੈਂ ਕਾਹਨੂੰ ਅੱਵਲ ਆਉਣਾ ਸੀ? ਮਾਸਟਰ ਨੇ ਕੰਡੇ ਬੀਜੇ ਨੇ ਮੇਰੇ ਰਾਹ 'ਚ।

ਮੈਂ ਉਹਨੂੰ ਭੁੱਲਣ ਦਾ ਯਤਨ ਕਰਦਾ। ਨਾ ਬੁਲਾਉਣ ਦਾ ਯਤਨ ਵੀ ਪਰ ਇਹ ਦੋਵੇਂ ਕੰਮ ਬੜੇ ਔਖੇ ਸੀ। ਹੋ ਨਹੀਂ ਸੀ ਰਹੇ। ਅਚਨਚੇਤ ਘਰੇ ਪੜ੍ਹਦੇ -ਪੜ੍ਹਦੇ ਦੇ ਯਾਦ ਆ ਜਾਂਦੀ। ਉਹਦਾ ਪੋਲਾ ਜਿਹਾ ਹੇਠਲੇ ਬੁੱਲ੍ਹ 'ਤੇ ਧਰਿਆ ਹੋਇਆ ਉਤਲਾ ਬੁੱਲ੍ਹ, ਕੱਢੇ ਹੋਏ ਚੀਰ 'ਚੋਂ ਉੱਫ਼ਣ-ਉੱਫ਼ਣ ਪੈਂਦੇ ਵਾਲ਼, ਕੰਨਾਂ 'ਚ ਨਿੱਕੀਆਂ-ਨਿੱਕੀਆਂ ਸੋਨੇ ਦੀਆਂ ਵਾਲ਼ੀਆਂ, ਨਿੱਖਰੇ ਕੱਪੜੇ, ਕਾਲ਼ੀ ਕੁਰਮ ਦੀ ਜੁੱਤੀ। ਰਹਿ-ਰਹਿ ਯਾਦ ਆਉਂਦੇ। ਬੜਾ ਮੋੜਦਾ, ਮਨ ਨਾ ਮੁੜਦਾ। ਭੁੱਖੇ ਪਸ਼ੂ ਵਾਂਗ ਵਾਰ-ਵਾਰ ਹਰੇਵਾਈ ਵੱਲ ਜਾਂਦਾ।

ਫੇਰ ਇੱਕ ਵਾਰੀ ਸਾਨੂੰ ਮਾਸਟਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਲੇਖ ਲਿਖਣ ਲਈ ਕਿਹਾ। ਦੋ-ਤਿੰਨ ਦਿਨ ਯਾਦ ਕਰਨ ਵਾਸਤੇ ਵੀ ਦਿੱਤੇ ਸੀ। ਮੇਰੇ ਲੇਖ ਯਾਦ ਸੀ। ਲੇਖ ਦੇ ਅੱਠ ਪੈਰ੍ਹੇ ਸੀ। ਮੈਂ ਜਾਣ ਕੇ ਤਿੰਨ ਛੱਡ ਆਇਆ। ਸੋਚਿਆ ਸੀ, ਨਖ਼ਰੇਲੋ ਦੇ ਨਖ਼ਰੇ 'ਚ ਸ਼ਾਇਦ ਰਹਿਮ ਦਾ ਬੀਜ ਫੁੱਟ ਪਵੇ।

ਉਹ ਦੂਜੇ ਨੰਬਰ 'ਤੇ ਆਈ ਸੀ। ਪਹਿਲੇ ਨੰਬਰ 'ਤੇ ਵਿਹੜੇ ਵਾਲੀ ਇੱਕ ਕੁੜੀ। ਤੀਜੇ ਨੰਬਰ 'ਤੇ ਮਿਸਤਰੀਆਂ ਦਾ ਮੁੰਡਾ। ਮੈਨੂੰ ਮੂਧੇ ਮੂੰਹ ਡਿੱਗੇ ਨੂੰ ਵੇਖ ਕੇ ਉਹ ਬਹੁਤ ਖ਼ੁਸ਼ ਹੋਈ ਸੀ। ਮੈਂ ਹੱਤਕ ਨਹੀਂ ਸੀ ਮੰਨੀ ਸਗੋਂ ਉਹਨੂੰ ਖ਼ੁਸ਼ ਵੇਖ ਕੇ ਖ਼ੁਸ਼ ਹੋਇਆ ਸੀ। ਸੋਚਦਾ ਸੀ, ਉਹ ਸਾਰੀ ਉਮਰ ਇਉਂ ਹੀ ਖ਼ੁਸ਼ ਰਹੇ। ਮੇਰਾ ਕੀ ਹੈ? ਮੈਂ ਉਹਦੇ ਤੋਂ ਆਪਣਾ ਆਪ ਨਿਛਾਵਰ ਕਰ ਦਿੱਤਾ ਸੀ। ਪਿੱਛੋਂ ਜਾ ਕੇ ਪਤਾ ਲੱਗਿਆ, ਇਹ ਪਿਆਰ ਸੀ ਪਰ ਕਾਹਦਾ ਪਿਆਰ ਸੀ ਇਹ? ਧੁੰਦ ਨੂੰ ਧਰਤੀ ਸਮਝਣ ਵਰਗਾ ਭੁਲੇਖਾ ਸੀ।

ਮੈਂ ਕਈ ਵਾਰ ਯਤਨ ਕੀਤੇ। ਸਾਡੇ ਵਿਚਲੀ ਵਿੱਥ ਘਟੇ। ਛੁੱਟੀ ਹੋਈ ਤੋਂ ਘਰੇ ਜਾਣ ਵੇਲ਼ੇ ਉਹ ਪੰਜ-ਸੱਤ ਫੁੱਟ ਮੈਥੋਂ ਅੱਗੇ ਹੁੰਦੀ। ਮੈਂ ਵਿੱਥ ਘਟਾਉਣ ਦੇ ਯਤਨ ਕਰਦਾ ਪਰ ਵਿੱਥ ਨਾ ਘਟਦੀ। ਪਤਾ ਨਹੀਂ ਉਹਨੂੰ ਪਤਾ ਲੱਗ ਜਾਂਦਾ ਸੀ ਜਾਂ ਮੇਰੀ ਹੀ ਤੋਰ ਹੌਲ਼ੀ ਸੀ। ਇਹ ਵਿੱਥ ਗੁੰਝਲ਼ ਬਣ ਗਈ ਸੀ ਜਿਹੜੀ ਕਿਸੇ ਵੇਲ਼ੇ ਮਨਾਂ 'ਚੋਂ ਨਿਕਲ਼ਦੀ ਹੀ ਨਾ।

ਫੇਰ ਸਾਡੇ ਸਕੂਲ 'ਚ ਉੱਚੀਆਂ ਤੇ ਲੰਮੀਆਂ ਛਾਲ਼ਾਂ ਦੇ ਮੁਕਾਬਲੇ ਹੋਏ। ਚਾਰ ਪਿੰਡਾਂ ਦੇ ਹੋਰ ਜੁਆਕ ਵੀ ਆਏ। ਉਹਨੇ ਦੋਵੇਂ ਛਾਲ਼ਾਂ 'ਚ ਭਾਗ ਲਿਆ ਸੀ। ਉੱਚੀ ਛਾਲ਼ 'ਚ ਮੈਂ ਅੱਵਲ ਆਇਆ ਸੀ। ਲੰਮੀ ਛਾਲ਼ 'ਚ ਉਹ। ਮੈਂ ਪਛਤਾਇਆ ਸੀ, ਕਾਹਨੂੰ ਕਰਨੀ ਸੀ ਉਹਦੀ ਬਰਾਬਰੀ। ਦੂਜੇ ਨੰਬਰ 'ਤੇ ਰਹਿ ਜਾਂਦਾ ਪਰ ਮੈਥੋਂ ਉੱਚੀ ਛਾਲ਼ ਲੱਗ ਗਈ ਸੀ ਜਾਂ ਕਹਿ ਲਓ ਮੇਰੀ ਛਾਲ਼ ਹੀ ਉੱਚੀ ਸੀ ਤੇ ਉਹਦੇ ਕੋਲ਼ ਲੰਬੀ ਛਾਲ਼। ਲੰਬੀ ਤੇ ਉੱਚੀ ਛਾਲ਼ ਦਾ ਫ਼ਰਕ ਕੀ ਸੀ? ਉਦੋਂ ਪਤਾ ਨਹੀਂ ਸੀ। ਨ੍ਹੇਰੀ 'ਚ ਪੱਤਿਆਂ ਵਾਂਗ ਖਿੱਲਰਨ ਮਗਰੋਂ ਅਸੀਂ ਵੀ ਖਿੱਲਰ ਗਏ। ਮੈਂ ਸਿਲਾਈ ਦਾ ਕੰਮ ਸਿੱਖ ਕੇ ਦੁਕਾਨ ਕਰ ਲਈ ਸੀ। ਮੰਡੀ 'ਚ ਹੀ ਰਹਿਣ ਲੱਗ ਪਿਆ ਸੀ। ਛੋਟਾ ਜਿਹਾ ਘਰ ਵੀ ਪਾ ਲਿਆ ਸੀ। ਪਿੰਡ ਜਾਣ ਦਾ ਮੌਕਾ ਨਾ ਮਿਲਦਾ। ਕਦੇ-ਕਦੇ ਜਾਣਾ ਪੈਂਦਾ। ਇੱਕ ਵਾਰੀ ਪਤਾ ਲੱਗਿਆ ਸੀ, ਉਹ ਸਾਡੇ ਨਾਲ ਦੇ ਪਿੰਡ ਵਿਆਹੀ ਗਈ ਸੀ। ਉਹਦੇ ਘਰਵਾਲ਼ੇ ਕੋਲ ਤੀਹ-ਪੈਂਤੀ ਕਿੱਲੇ ਜ਼ਮੀਨ ਸੀ।

ਜਿਸ ਦਿਨ ਸਾਡਾ ਨਤੀਜਾ ਨਿਕਲ਼ਿਆ, ਅਸੀਂ ਇਕੱਠੇ ਆ ਰਹੇ ਸੀ। ਵਿੱਥ ਕਾਇਮ ਸੀ। ਅੱਗੜ-ਪਿੱਛੜ ਆ ਰਹੇ ਸੀ। ਪਿੰਡ ਦੀ ਸੱਥ ਕੋਲ਼ ਅਸੀਂ ਦੋਵੇਂ ਰਹਿ ਜਾਂਦੇ ਸੀ। ਬਾਕੀਆਂ ਦੇ ਘਰ ਰਾਹ 'ਚ ਪੈਂਦੇ ਸੀ। ਨਾਲ ਆਉਂਦੇ-ਆਪਣੇ ਘਰਾਂ 'ਚ ਵੜੀ ਜਾਂਦੇ। ਜਦੋਂ ਅਸੀਂ ਸੱਥ ਕੋਲ ਆਏ, ਸਾਡੇ ਘਰ ਨੂੰ ਰਾਹ ਖੱਬੇ ਪਾਸੇ ਜਾਂਦਾ ਸੀ। ਉਹਦੇ ਘਰ ਨੂੰ ਸੱਜੇ। ਉਹਦੇ ਘਰ ਨੂੰ ਬੀਹੀ ਸਾਡੇ ਵਾਲੇ ਪਾਸੇ ਤੋਂ ਉੱਚੀ ਸੀ ਤੇ ਉਹਦੇ ਘਰ ਤੱਕ ਲਗਾਤਾਰ ਉੱਚੀ ਹੁੰਦੀ ਜਾਂਦੀ ਸੀ। ਜਦੋਂ ਸੱਥ ਦੇ ਨੇੜੇ ਅਸੀਂ ਨਿੱਖੜਨ ਲੱਗੇ, ਦਿਲ ਕੀਤਾ, ਉਹਤੋਂ ਪੁੱਛਾਂ ਕਿ ਉਹ ਛੇਵੀਂ 'ਚ ਮੰਡੀ ਪੜ੍ਹਨ ਲੱਗੇਗੀ ਜਾਂ ਨਹੀਂ? ਪਰ ਪੁੱਛਣ ਦੀ ਹਿੰਮਤ ਨਾ ਪਈ।

ਗਲ਼ੀ 'ਚੋਂ ਉਹਦਾ ਵੱਡਾ ਭਾਈ ਤੁਰਿਆ ਆਉਂਦਾ ਸੀ। ਮੇਰਾ ਕੱਦ ਛੋਟਾ ਸੀ। ਉਹਨੂੰ ਵੇਖ ਕੇ ਹੋਰ ਛੋਟਾ ਹੋ ਗਿਆ। ਸਹਿਮ ਗਿਆ ਸੀ। ਸੋਚਿਆ ਸੀ, ਜੇ ਪੁੱਛਿਆ ਤਾਂ ਧਰਤੀ 'ਚ ਨਾ ਗਰਕ ਜਾਵਾਂ। ਸ਼ਬਦ ਬੁੱਲ੍ਹਾਂ 'ਤੇ ਆਏ। ਕੰਢੇ 'ਚ ਵੱਜ ਕੇ ਮੁੜੀ ਲਹਿਰ ਵਾਂਗ ਗੁਆਚ ਗਏ।

ਸਮੇਂ ਦਾ ਪਾਣੀ ਹੁਣ ਅੱਗੇ ਲੰਘ ਚੁੱਕਿਆ ਸੀ ਪਰ ਅੱਜ ਦਾ ਦਿਨ ਉਹ ਪਾਣੀ ਮੋੜ ਲਿਆਇਆ ਸੀ। ਉਹ ਮੇਰੇ ਸਾਹਮਣੇ ਡਹੇ ਬੈਂਚ ਦੀ ਨੁੱਕਰ 'ਤੇ ਬੈਠੀ ਸੀ। ਇਹ ਨਹੀਂ ਸੀ ਕਿ ਉਹਨੇ ਮੈਨੂੰ ਨਹੀਂ ਵੇਖਿਆ ਹੋਣਾ। ਇਹ ਨਹੀਂ ਸੀ ਕਿ ਪਛਾਣਿਆ ਨਹੀਂ ਹੋਣਾ ਪਰ ਉਹਦਾ ਚਿਹਰਾ ਕਹਿੰਦਾ ਲੱਗ ਰਿਹਾ ਸੀ ਉਹਨੇ ਮੈਨੂੰ ਨਹੀਂ ਵੇਖਿਆ। ਨਹੀਂ ਪਛਾਣਿਆ।

ਪਵਨਾ ਥੜ੍ਹੇ 'ਤੇ ਬੈਠਾ ਸੀ। ਕੜਾਹੀ 'ਚ ਸੀਧਾ ਰਲ਼ਾਈ ਜਾਂਦਾ ਸੀ। ਮੈਂ ਸੋਚਿਆ, ਇੱਕ ਵਾਰ ਉਹਦੇ ਸਾਹਮਣੇ ਤਾਂ ਹੋਵਾਂ। ਮੈਂ ਥੜ੍ਹੇ 'ਤੇ ਚੜ੍ਹਿਆ। ਉਹਦੇ ਕੋਲ ਦੀ ਲੰਘਣ ਲਈ ਥਾਂ ਨਹੀਂ ਸੀ। ਵਾਰੀ ਵਾਲ਼ੀਆਂ ਚਾਰ-ਪੰਜ ਬੁੜ੍ਹੀਆਂ ਉਹਦੇ ਕੋਲ ਹੇਠਾਂ ਆ ਬੈਠੀਆਂ ਸਨ। ਵਿੱਥ ਜਿੰਨੀ ਪਿੰਡ ਵਿਛੜਨ ਵੇਲ਼ੇ ਸੀ, ਓਨੀ ਹੁਣ ਸੀ।

ਮੈਂ ਘੁੰਮ ਕੇ ਥੜ੍ਹੇ 'ਤੇ ਚੜ੍ਹਿਆ। ਪਵਨੇ ਨਾਲ ਅੱਖ ਮਿਲਾ ਕੇ ਪੁੱਛਿਆ, "ਹੋਰ ਪਵਨੇ ਕੀ ਹਾਲ-ਚਾਲ ਐ?"

ਉਹ ਹੱਸ ਕੇ ਕਹਿੰਦਾ, "ਠੀਕ ਐ ਜੀ। ਤੁਸੀਂ ਦੱਸੋ?"

ਉਹ ਉਸੇ ਤਰ੍ਹਾਂ ਬੈਠੀ ਰਹੀ। ਮੈਨੂੰ ਲਗਦਾ ਸੀ, ਸ਼ਾਇਦ ਮੇਰੇ ਕੋਲ ਗਏ ਨੂੰ ਵੇਖ ਕੇ ਬੁਲਾ ਲਵੇ। ਹੁਣ ਪਹਿਲੀਆਂ ਗੱਲਾਂ ਕਿੱਥੇ ਰਹਿ ਗਈਆਂ ਸੀ? ਦੋਵੇਂ ਵਿਆਹੇ ਗਏ ਸੀ। ਸਮਾਂ ਕਾਫ਼ੀ ਅੱਗੇ ਆ ਚੁੱਕਿਆ ਸੀ ਪਰ ਉਹ ਇਉਂ ਬੈਠੀ ਸੀ, ਜਿਵੇਂ ਕੁਝ ਸੁਣਿਆ ਹੀ ਨਾ ਹੋਵੇ।

ਮੈਂ ਪਵਨੇ ਕੀ ਦੁਕਾਨ 'ਚ ਚਲਿਆ ਗਿਆ। ਗੱਲੇ 'ਤੇ ਪਵਨੇ ਦਾ ਛੋਟਾ ਭਾਈ ਪੱਪੀ ਬੈਠਾ ਸੀ। ਮੈਂ ਇੱਕ-ਦੋ ਮਿੰਟ ਲਾਉਣ ਦੇ ਮਾਰੇ ਨੇ ਇੱਕ ਮਰਤਬਾਨ ਦਾ ਢੱਕਣ ਖੋਲ੍ਹ ਕੇ ਬਿਸਕੁਟ ਕੱਢਿਆ ਤੇ ਖਾਣ ਲੱਗਿਆ। ਬਿਸਕੁਟ ਖਾ ਕੇ ਹੋਰ ਖੜ੍ਹਨਾ ਆਪ ਨੂੰ ਹੀ ਚੁਭਣ ਲੱਗਿਆ।

ਜਦੋਂ ਮੁੜ ਕੇ ਪਵਨੇ ਕੋਲ ਦੀ ਮੈਂ ਲੰਘਣ ਲੱਗਿਆ, ਮੈਨੂੰ ਪਵਨੇ ਨੇ ਕੋਈ ਗੱਲ ਪੁੱਛ ਲਈ। ਮੈਂ ਦੱਸ ਦਿੱਤੀ। ਉਹਨੇ ਮੇਰੇ ਵੱਲ ਵੇਖਿਆ। ਮੈਨੂੰ ਯਕੀਨ ਸੀ ਕਿ ਉਹ ਕੁਝ ਪੁੱਛੇਗੀ ਪਰ ਉਹਨੇ ਨਹੀਂ ਪੁੱਛਿਆ।

(ਬਾਕੀ ਸਫ਼ਾ 31 'ਤੇ)

# ਮੇਰੀ ਕਲਮ

## ਦਾਇਰਾ
**ਗੁਰਭਜਨ ਸਿੰਘ ਲਾਸਾਨੀ**

ਕਿੰਨਾ ਵਿਸ਼ਾਲ ਹੋ ਗਿਆ ਹੈ
ਮੇਰਾ ਦਾਇਰਾ
ਇੱਕ ਅਣੂ ਮਾਤਰ ਸਾਂ
ਛੋਟੇ ਜਿਹੇ ਗਰਾਂ ਵਿੱਚ
ਛੋਟੀਆਂ ਛੋਟੀਆਂ ਕੱਚੀਆਂ ਕੰਧਾਂ
ਦੀ ਵਲਗਣ ਵਿੱਚੋਂ ਨਿਕਲ
ਪਿੰਡ ਦੀ ਜੂਹ ਤੱਕ ਸੀ ਮੇਰਾ ਦਾਇਰਾ
ਬੜਾ ਅਣਜਾਣ ਸਾਂ, ਬਹੁਤ ਬੇਖ਼ਬਰ ਸਾਂ
ਬਾਹਰੀ ਸੰਸਾਰ ਤੋਂ
ਨਹੀਂ ਸੀ ਪਤਾ ਉਦੋਂ
ਕਿ ਹੀਰੋਸ਼ੀਮਾ ਤੇ ਨਾਗਾਸਾਕੀ ਦੀ
ਕੀ ਤਸਵੀਰ ਹੈ ?
ਜੱਲਿਆਂਵਾਲੇ ਬਾਗ਼ ਦਾ ਸਾਕਾ ਕੀ ਹੈ ?
ਪੰਦਰਾਂ ਅਗਸਤ ਮਨਾਉਣ ਦੀ
ਕੀ ਮਹੱਤਤਾ ਹੈ ?
ਪਰ ਹੁਣ ਤਾਂ
ਨਾਟੋ ਵੱਲੋਂ ਕੀਤੀ ਬੰਬਾਰੀ ਵੀ
ਕਰਦੀ ਹੈ ਘਾਇਲ ਮੈਨੂੰ ਵੀ
ਮਨੀਪੁਰ ਦੀਆਂ ਸੜਕਾਂ 'ਤੇ
ਨਫ਼ਰਤੀ ਭੀੜ ਵੱਲੋਂ
ਬੇਵੱਸ ਔਰਤਾਂ ਨੂੰ ਨਿਰਵਸਤਰ ਕਰਕੇ
ਸ਼ਰ੍ਹੇਆਮ ਬੇਪਤ ਕਰਨ
ਤੇ ਕਿਸੇ ਇਨਸਾਨ ਨੂੰ ਪਰਿਵਾਰ ਸਮੇਤ
ਜਿਉਂਦਿਆਂ ਸਾੜ ਦੇਣ ਦੀ ਖ਼ਬਰ
ਸਾੜਦੀ ਹੈ ਮੇਰਾ ਵੀ ਤਨ
ਉਸ ਦੀ ਵਿਧਵਾ ਦੀ ਦਰਦ ਭਰੀ ਖ਼ਾਮੋਸ਼ੀ
ਉਸ ਦੇ ਮਾਸੂਮਾਂ ਦੀ ਕੁਰਲਾਹਟ
ਬਣ ਗਈ ਹੈ ਹੁਣ ਮੇਰਾ ਦਰਦ ਏ ਜਿਗਰ
ਕਿਉਂਕਿ ਹੁਣ ਮੇਰਾ ਦਾਇਰਾ
ਵਿਸ਼ਾਲ ਹੋ ਗਿਆ ਹੈ।

## ਕੋਈ ਕੰਮ ਹੈ ਤਾਂ ਦੱਸ !
**ਮਾ. ਰਾਜੇਸ਼ ਰਿਖੀ ਪੰਜਗਰਾਈਆਂ**

ਉਹ ਕਹਿੰਦਾ ਕੀ ਕਰਦਾ ?
ਮੈਂ ਕਿਹਾ ਕੁਝ ਨਹੀਂ।
ਫਿਰ ਉਹ ਚੁੱਪ ਕਰ ਗਿਆ
ਮੈਂ ਕਿਹਾ ਕੋਈ ਕੰਮ ਹੈ ?
ਉਹ ਕਹਿੰਦਾ ਨਹੀਂ।
ਮੈਂ ਕਿਹਾ ਚਲ ਠੀਕ ਆ, ਫਿਰ ਕਦੇ ਮਿਲਦੇ ਹਾਂ
ਉਹ ਕਹਿੰਦਾ ਠੀਕ ਹੈ
ਪਰ, ਕੀ ਬਿਨਾਂ ਕੰਮ ਤੋਂ ਗੱਲਬਾਤ ਨਹੀਂ ਹੋ ਸਕਦੀ ?
ਕਿਸੇ ਕੰਮ ਕਰਕੇ ਕਿਸੇ ਕੋਲ ਜਾਇਆ ਜਾਏ
ਉਹ ਤਾਂ ਫਿਰ ਜ਼ਰੂਰਤ ਹੋ ਗਈ
ਉਹ ਤਾਂ ਫਿਰ ਸਵਾਰਥ ਹੋ ਗਿਆ
ਪਰ, ਮੈਂ ਤਾਂ ਗੱਲਬਾਤ ਕਰਨ ਆਇਆ ਸੀ
ਕਿਸੇ ਕੰਮ ਲਈ ਨਹੀਂ
ਉਹ ਇਹ ਕਹਿ ਕੇ ਤੁਰ ਗਿਆ
ਮੈਂ ਸੋਚਦਾ ਹਾਂ
ਕਿ ਕਿੰਨਾ ਸਮਾਂ ਹੋ ਗਿਆ
ਕਦੇ ਕੋਈ ਬਿਨਾਂ ਕੰਮ ਤੋਂ, ਬਿਨਾਂ ਜ਼ਰੂਰਤ ਤੋਂ
ਬਿਨਾਂ ਲੋੜ ਤੋਂ ਗੱਲਬਾਤ ਕਰਨ ਆਇਆ ਹੀ ਨਹੀਂ
ਸ਼ਾਇਦ ਮੈਂ ਵੀ ਇਹੋ ਜਿਹਾ ਹੋ ਗਿਆ ਹਾਂ
ਬਿਨਾਂ ਗੱਲ ਤੋਂ ਗੱਲ ਕਰਨ ਕਦੇ
ਕਿਤੇ ਗਿਆ ਵੀ ਨਹੀਂ
ਹਾਂ, ਗੱਲ ਤਾਂ ਬਿਨਾਂ ਗੱਲ ਤੋਂ ਹੀ ਹੁੰਦੀ ਹੈ
ਗੱਲ ਤਾਂ ਬਿਨਾਂ ਕੰਮ ਤੋਂ ਹੀ ਹੁੰਦੀ ਹੈ
ਗੱਲ ਤਾਂ ਬਿਨਾਂ ਲੋੜ ਤੋਂ ਹੀ ਹੁੰਦੀ ਹੈ
ਉਸ ਸੱਜਣ ਨੂੰ ਮੇਰੇ ਆਪਣੇ ਕਹੇ
ਸ਼ਬਦ 'ਕੋਈ ਕੰਮ ਹੈ ਤਾਂ ਦੱਸ'
ਮੈਨੂੰ ਹੀ ਓਪਰੇ ਜਹੇ ਲੱਗਣ ਲੱਗ ਪਏ
ਤੇ ਮੈਂ ਹੁਣ ਉਸਦੇ ਘਰ ਵੱਲ ਨੂੰ ਹੋ ਤੁਰਿਆ
ਗੱਲਾਂ ਕਰਨ ਲਈ, ਬਿਨਾਂ ਕੰਮ ਤੋਂ

## ਬਾਰਡਰ ਨਾ ਹੁੰਦਾ
**ਪ੍ਰੇਮ ਸ਼ਰਮਾ**

ਬਹੁਤੀ ਅਤਿ ਚੁੱਕਣੀ, ਅਤਿ ਖ਼ੁਦਾ ਦਾ ਵੈਰ ਹੁੰਦਾ।
ਅਪਣਿਆਂ ਦੇ ਨਾਲ ਹੀ ਅੱਜ ਕੱਲ੍ਹ ਵੈਰ ਹੁੰਦਾ।
ਸੱਚ ਨੇ ਚੜ੍ਹ ਕੇ ਫਾਂਸੀ ਫਿਰ ਵੀ ਸੱਚ ਹੀ ਕਹਿਣਾ ਏ,
ਝੂਠ ਦਾ ਵੀ ਕਹਿੰਦੇ, ਕੋਈ ਸਿਰ ਨਹੀਂ ਪੈਰ ਹੁੰਦਾ।
ਬੇੜੀ ਕਦੇ ਨਾ ਡੁੱਬਦੀ, ਡੂੰਘੀ ਨਦੀ ਦੇ ਅੱਧ ਵਿਚਕਾਰ,
ਆਪਸ ਵਿੱਚ ਕਿਨਾਰਿਆਂ ਦਾ, ਜੇਕਰ ਨਾ ਵੈਰ ਹੁੰਦਾ।
ਹਰ ਇਨਸਾਨ ਨੇ ਸੁੱਖ ਦੀ ਨੀਂਦੇ ਸੌਣਾ ਸੀ,
ਨਫ਼ਰਤ ਜਿਹਾ ਕੋਈ ਦੁਨੀਆ 'ਤੇ ਨਾ ਜ਼ਹਿਰ ਹੁੰਦਾ।
ਨਹੀਂ ਤਬਾਹੀ ਹੋਣੀ ਸੀ, ਜ਼ਿਮੀਦਾਰ ਕਿਸਾਨਾਂ ਦੀ।
ਹੜ੍ਹਾਂ ਸੋਕਿਆਂ ਦਾ, ਜੇ ਨਾ, ਫ਼ਸਲਾਂ ਦੇ ਨਾਲ ਵੈਰ ਹੁੰਦਾ।
ਬੜਾ ਖ਼ੁਸ਼ਹਾਲ ਤੇ ਸੋਹਣਾ ਸਾਂਝਾ ਪੰਜਾਬ ਹੋਣਾ ਸੀ।
ਜੇ ਨਾ ਬਾਰਡਰ ਪ੍ਰੇਮ ਚੜ੍ਹਦੇ ਲਹਿੰਦੇ ਵਿਚਕਾਰ ਹੁੰਦਾ।

## ਆਹ ਲੈ ਮਾਏ...
**ਗੁਰਨਾਮ ਸਿੰਘ ਚੌਹਾਨ**

ਆਹ ਲੈ ਮਾਏ ਸਾਂਭ ਕੁੰਜੀਆਂ,
ਮੁੱਕੀ ਪਿੰਡ ਦੇ ਸਿਵੇ 'ਚੋਂ ਸਾਂਝ ਮੇਰੀ।
ਉਦਾਸ ਗੀਟੇ, ਗੁੱਡੀਆਂ, ਪਟੋਲੇ,
ਡੋਲੀ ਤੋਰ ਬਾਬਲੇ ਨੇ ਢਾਹੀ ਢੇਰੀ।
ਪੁੱਤਰ ਮੂਲ ਧਨ, ਧੀ ਪਰਾਇਆ,
ਧੀ ਬਿਗਾਨੀ ਆਖ ਸੱਸ ਨੇ ਘੇਰੀ।
ਖ਼ੁਸ਼ੀ ਵਸਣ ਰੱਬਾ, ਮੇਰੇ ਪੇਕੜੇ
ਮੇਰੀ ਕੁਦੇਸਣ ਦੀ ਵਾਟ ਲੰਮੇਰੀ।
ਬੰਗਲਾ ਉਸ ਦਾ, ਕੋਠੀ ਵੀਰ ਦੀ,
ਅੰਮੀਏ ਛੱਤ ਤੇਰੀ ਨਾ ਮੇਰੀ।
ਮਾਪਿਆਂ ਤੋਰੀ, ਘਰ ਦਾ ਮੋਇਆ
ਬਾਤ ਪੁੱਛੀ ਨਾ ਪੁੱਤਾਂ ਮੇਰੀ।
ਨਾਨਕ ਬੋਲੇ, ਹੱਕ ਵਿੱਚ ਨਾਰੀ
ਹੋਈ ਰਬਾਬ ਦੀ ਤਾਨ ਲੰਮੇਰੀ।
ਬਾਬਾ ਨਾਨਕ ਤੁਸੀਂ ਪਾ ਜਾਓ ਫੇਰੀ,
ਧੀ ਰੋਵੇ ਤੇ ਤੱਕੇ ਰਾਹ ਤੇਰੀ।
ਵਾਰਿਸ ਸ਼ਾਹ, ਦੇਖ ਧੀ ਵਹਾਉਂਦੀ ਹੰਝੂ,
ਕਿਉਂ ਕਲਮ ਨਾ ਬੋਲੇ ਤੇਰੀ ?
ਨਾਜ਼ ਕਰੇ, ਜੰਮੀਆਂ 'ਤੇ ਆਲਮ
ਗੱਲ ਰਹੀ ਨਾ ਚੌਹਾਨ ਵੱਸ ਤੇਰੀ

## ਗ਼ਜ਼ਲ
**ਰਾਜਵਿੰਦਰ ਕੌਰ ਜਟਾਣਾ**

ਨਸ਼ਿਆਂ ਵਿੱਚ ਨਾ ਗਾਲ ਜਵਾਨੀ ਲੱਖਾਂ ਦੀ,
ਜੀਅ ਨਾ ਮੰਦੜੇ ਹਾਲ ਜਵਾਨੀ ਲੱਖਾਂ ਦੀ।
ਤੇਰਾ ਬੁਝਿਆ ਚਿਹਰਾ ਕੋਈ ਬਾਤ ਕਹੇ,
ਲੋਕੀਂ ਕਰਨ ਸਵਾਲ ਜਵਾਨੀ ਲੱਖਾਂ ਦੀ।
ਭੌਰੇ ਅਕਸਰ ਰਸ ਪੀ ਕੇ ਉੱਡ ਜਾਂਦੇ ਨੇ,
ਰੂਹ ਦਾ ਹਾਣੀ ਭਾਲ ਜਵਾਨੀ ਲੱਖਾਂ ਦੀ।
ਕਿਰਤ ਕਮਾਈ ਕਰ ਕੇ ਆਪਣਾ ਨਾਮ ਬਣਾ,
ਬੀਤ ਰਹੇ ਨੇ ਸਾਲ ਜਵਾਨੀ ਲੱਖਾਂ ਦੀ।
ਮਾਵਾਂ ਤਾਂ ਔਲਾਦ ਦਾ ਦੁੱਖ ਵੀ ਵੇਖਣ ਨਾ,
ਕਰ ਜਾਵੀਂ ਨਾ ਬੇਹਾਲ ਜਵਾਨੀ ਲੱਖਾਂ ਦੀ।
ਅੱਜ ਤਿਜੌਰੀ ਭਰ ਲੈ ਕਰਕੇ ਹਿੰਮਤ ਤੂੰ,
ਹੋ ਜਾ ਮਾਲੋਮਾਲ ਜਵਾਨੀ ਲੱਖਾਂ ਦੀ।
ਖ਼ੁਦਕੁਸ਼ੀਆਂ ਤਾਂ ਬੁਜ਼ਦਿਲ ਕਰਦੇ ਹੁੰਦੇ ਨੇ,
ਜੀਣਾ ਹੈ ਹਰ ਹਾਲ ਜਵਾਨੀ ਲੱਖਾਂ ਦੀ।
ਅੱਜ ਕਰੇਂਗਾ ਤਾਂ ਹੀ ਤੇ ਕੱਲ੍ਹ ਸੰਵਰੇਗਾ,
ਕੱਲ੍ਹ 'ਤੇ ਗੱਲ ਨਾ ਟਾਲ ਜਵਾਨੀ ਲੱਖਾਂ ਦੀ।
ਮਾਈ ਬਾਪ ਤਾਂ ਤੈਨੂੰ ਵੇਖ ਜਿਉਂਦੇ ਨੇ,
ਬਣ ਉਨ੍ਹਾਂ ਦੀ ਢਾਲ ਜਵਾਨੀ ਲੱਖਾਂ ਦੀ।
ਲੱਭਣ ਵਾਲੇ ਨੂੰ ਹੀ ਤਾਂ ਬੱਸ ਮਿਲਦੀ ਹੈ,
ਖ਼ੁਸ਼ੀਆਂ ਦੀ ਟਕਸਾਲ ਜਵਾਨੀ ਲੱਖਾਂ ਦੀ।

## ਕਿਉਂ
**ਭੁਪਿੰਦਰ ਸਿੰਘ ਪੰਛੀ**

ਕਿਉਂ ਰਹਿੰਦਾ ਬੇਤਾਲਾਂ ਵਿੱਚ
ਨੱਚਿਆ ਕਰ ਤੂੰ ਤਾਲਾਂ ਵਿੱਚ
ਹਰਿਕ ਦਿਨ ਭਰ ਕੇ ਮਾਣ
ਕੀ ਰੱਖਿਆ ਏ ਸਾਲਾਂ ਵਿੱਚ
ਜੇਕਰ ਮਿੱਠੇ ਨਾਲ ਸਰ ਜਾਵੇ
ਕੀ ਰੱਖਿਆ ਏ ਗਾਲ੍ਹਾਂ ਵਿੱਚ
ਮੋਢੇ ਬਾਪੂ ਦੇ ਹੀ ਚੜ੍ਹਨਾ
ਤਾਂਘ ਰਹਿੰਦੀ ਏ ਬਾਲਾਂ ਵਿੱਚ
ਜਿਹੜੇ ਸੱਜਣ ਛੱਡ ਕੇ ਗਏ
ਰਹਿਣ ਸਾਡੇ ਖ਼ਿਆਲਾਂ ਵਿੱਚ
ਵੈਰੀ ਦੇ ਨੇ ਸਕੇ ਹੋ ਗਏ
ਸੀ ਜੋ ਸਾਡੇ ਭਿਆਲਾਂ ਵਿੱਚ
ਬੰਦੇ ਦੇ ਵਿੱਚ ਰੱਬ ਨ ਲੱਭਾ
ਲੱਭਦੇ ਰਹੀਏ ਮਾਲ੍ਹਾ ਵਿੱਚ
ਬੜਾ ਚਲਾਕ ਆਂਹਦੇ ਉਹ
ਫਸ ਨਾ ਜਾਈਂ ਚਾਲਾਂ ਵਿੱਚ
ਚੰਗੇ ਮੰਦੇ ਦਿਨ ਨੇ ਰਹਿੰਦੇ
ਖ਼ੁਸ਼ ਰਹੀਏ ਹਰ ਹਾਲਾਂ ਵਿੱਚ
ਵਿਰੋਧੀ ਨੂੰ ਸੁਣਨਾ ਚੰਗਾ ਹੁੰਦਾ
ਤਾਜ਼ਗੀ ਰਹੇ ਖ਼ਿਆਲਾਂ ਵਿੱਚ
ਜੱਟ ਦੀ ਕਹਿੰਦੇ ਜੂਨ ਬੁਰੀ
ਠਰਦਾ ਸੜਦਾ ਖਾਲ੍ਹਾਂ ਵਿੱਚ
ਕਿੱਥੇ ਗਏ ਪੰਜਾਬੀ ਓਹ
ਜੋ ਸੀ ਅੱਗੇ ਛਾਲ੍ਹਾਂ ਵਿੱਚ
ਪੰਛੀ ਲਾਲਚ ਵੱਸ ਹੋ ਕੇ
ਫਸ ਜਾਂਦਾ ਇਹ ਜਾਲ੍ਹਾਂ ਵਿੱਚ

## ਗ਼ਜ਼ਲ
**ਗੁਰਵਿੰਦਰ ਗੋਸਲ**

ਤੇਰੇ ਬਾਝੋਂ ਦਿਲ ਨਾ ਮੇਰਾ ਲਗਦਾ ਹੈ।
ਸੁੰਨਾ ਸੁੰਨਾ ਚਾਰ ਚੁਫ਼ੇਰਾ ਲਗਦਾ ਹੈ।
ਕੀ ਹੋਇਆ ਏ ਤੈਨੂੰ ? ਕੁਝ ਵੀ ਦੱਸੇ ਨਾ,
ਕਿਉਂ ਮੁਰਝਾਇਆ ਚਿਹਰਾ ਤੇਰਾ ਲਗਦਾ ਹੈ ?
ਪੌਣਾਂ ਵਿੱਚੋਂ ਆਵੇ ਇਹ ਖ਼ੁਸ਼ਬੋਈ ਜੋ,
ਯਾਰ ! ਉਸ ਨੇ ਪਾਇਆ ਫੇਰਾ ਲਗਦਾ ਹੈ।
ਜੀਹਦੇ ਡੇਰੇ ਵਿੱਚ ਨਿੱਤ ਝਾੜੂ ਮਾਰੇ ਤੂੰ,
ਉਹ ਤਾਂ ਮੈਨੂੰ ਸਾਧ ਲੁਟੇਰਾ ਲਗਦਾ ਹੈ।
ਜੀਵਨ ਰੌਸ਼ਨ ਕਰਨਾ ਤਾਂ ਗੁਰਬਾਣੀ ਪੜ੍ਹ,
ਬਾਣੀ ਬਿਨ ਹੀ ਘੁੱਪ ਹਨੇਰਾ ਲਗਦਾ ਹੈ।
ਸੋਹਣਾ ਹੁੰਦੈ ਭਾਵੇਂ ਆਥਣ ਵੇਲਾ ਵੀ,
ਮੈਨੂੰ ਸੋਹਣਾ ਸੁਰਖ਼ ਸਵੇਰਾ ਲਗਦਾ ਹੈ।
ਚੁੱਪ ਚੁਪੀਤੇ ਸਹਿ ਜਾਂਦਾ ਹਾਂ ਪੀੜਾਂ ਨੂੰ,
ਉਂਝ 'ਗੋਸਲ' ਨੂੰ ਦੁੱਖ ਬਥੇਰਾ ਲਗਦਾ ਹੈ।

## ਗ਼ਜ਼ਲ
**ਗੁਰਦੀਪ ਢੁੱਡੀ**

ਨਾ ਤੂੰ ਜੁਗਨੂੰਆਂ ਨੂੰ ਫੜ ਕਿ ਤਾਰੇ ਹੋਰ ਹੁੰਦੇ ਨੇ
ਰਸਤਾ ਹੋਰ ਪਾਸੇ ਹੈ ਇਸ਼ਾਰੇ ਹੋਰ ਹੁੰਦੇ ਨੇ।
ਰਾਤ ਨੂੰ ਟਿਮਟਿਮਾਉਂਦੇਜੋ ਦਿਨੇ ਉਹ ਸੌਂ ਜਾਂਦੇ ਨੇ
ਰਾਤ ਦਿਨ ਚਮਕਦੇ ਜਿਹੜੇ ਸਿਤਾਰੇ ਹੋਰ ਹੁੰਦੇ ਨੇ।
ਲਾਉਂਦੇ ਹੋਰ ਥਾਵਾਂ 'ਤੇ ਨਿਭਾਉਂਦੇ ਹੋਰ ਥਾਵਾਂ 'ਤੇ
ਸਦਾ ਲਈ ਆਸਰਾ ਜੋ ਦੇਣ ਸਹਾਰੇ ਹੋਰ ਹੁੰਦੇ ਨੇ।
ਤੋਤੇ ਦੀ ਅੱਖ ਵਾਲੇ ਜੋ ਬਹੁਤਾ ਖ਼ਾਮੋਸ਼ ਰਹਿੰਦੇ ਜੋ
ਬਣ ਗਈ ਭੀੜ ਜੇ ਕਿਧਰੇ ਉਹ ਭਾਰੇ ਹੋਰ ਹੁੰਦੇ ਨੇ।
ਮੁੱਠੀ 'ਚੋਂ ਕਿਰ ਜਾਂਦੇ ਜੋ ਹੱਥਾਂ 'ਚੋਂ ਭੁਰ ਜਾਂਦੇ ਜੋ
ਦਾਮਨ ਜੋ ਨਹੀਂ ਛੁਡਾਉਂਦੇ ਨੇ ਉਹ ਲਾਰੇ ਹੋਰ ਹੁੰਦੇ ਨੇ।
ਦੋ ਦੂਣੀ ਪੰਜ ਇਨ੍ਹਾਂ ਦੇ ਗੁਣਜ ਹੀ ਬਦਲ ਜਾਂਦੇ ਨੇ
ਹਰ ਥਾਂ ਸਮਅਰਥੀ ਜੋ ਪਹਾੜੇ ਹੋਰ ਹੁੰਦੇ ਨੇ।
ਲਹਿਰ ਦੀ ਥਾਹ ਪਾ ਲੈਣੀ ਬੜੀ ਮੁਹਾਲ ਹੁੰਦੀ ਹੈ
ਡੁੱਬਦੇ ਨੂੰ ਗਲ਼ ਲਾਉਂਦੇ ਜੋ ਕਿਨਾਰੇ ਹੋਰ ਹੁੰਦੇ ਨੇ।

## ਗ਼ਜ਼ਲ
**ਜਸਵਿੰਦਰ ਸਿੰਘ ਰੁਪਾਲ**

ਕਦਮ ਚੁੱਕੋ ਵੱਲ ਮੰਜ਼ਲ, ਸਭ ਮਿਟੇਗਾ ਫਾਸਲਾ।
ਆ ਮਿਲਣ ਪਾਂਧੀ ਨਵੇਂ, ਵਧਦਾ ਰਹੇ ਇਹ ਕਾਫ਼ਲਾ।
ਦਿਲ 'ਚ ਨਿਸ਼ਚਾ ਧਾਰ ਜਿਹੜਾ, ਆ ਮਿਲੇ ਤੂਫ਼ਾਨ ਨੂੰ
ਪਾ ਰਿਹਾ ਇਤਿਹਾਸ ਉਸ ਦੀ, ਅੱਜ ਤੀਕਰ ਵਾਰਤਾ।
ਸੱਚ ਝੱਖੜ ਸੰਗ ਟਕਰਾਉਂਦਾ ਰਿਹਾ ਅਜ਼ਲਾਂ ਤੋਂ ਹੀ,
ਰੁਕ ਨਹੀਂ ਸਕਦਾ ਕਦੇ ,ਚਲਦਾ ਰਹੇ ਇਹ ਸਿਲਸਿਲਾ।
ਰੋਸ਼ਨੀ ਸੂਰਜ ਨੇ ਦੇਣੀ ਦਿਨ ਨੇ ਤਾਂ ਚੜ੍ਹਨਾ ਏ ਜ਼ਰੂਰ,
ਥਾਂ ਕਿਸੇ ਵੀ ਰਹਿ ਸਕੇ ਨਾ, ਸਦ ਹੀ ਪਹਿਰਾ ਰਾਤ ਦਾ।
ਹੱਸਦੇ ਰਹਿਣਾ ਤੇ ਸਭ ਨੂੰ ਵੰਡਣਾ ਬਸ ਪਿਆਰ ਹੀ,
ਮੇਲ ਬਣਿਆ ਹੀ ਰਹੇ ਰੱਖਣਾ ਬਣਾ ਕੇ ਰਾਬਤਾ।
ਮੌਤ ਵੀ ਤਾਂ ਖ਼ਤਮ ਮੂਲੋਂ ਏਸ ਨੂੰ ਨਾ ਕਰ ਸਕੇ,
ਜ਼ਿੰਦਗੀ ਹੈ ਇਸ ਤਰ੍ਹਾਂ ਦਾ ਇੱਕ ਸੁਹਾਣਾ ਹਾਦਸਾ।
ਵੰਡਦੇ ਰਹਿਣਾ ਮੁਹੱਬਤ ਖ਼ਤਮ ਹੋਵੇ ਹਰ ਸਿਤਮ
ਧੁਰ ਦਿਲੋਂ 'ਰੁਪਾਲ' ਦੀ ਤਾਂ ਇੱਕ ਏਹੋ ਕਾਮਨਾ।

## ਲੁੱਟਿਆ ਦੇਸ਼ ਪੰਜਾਬ
**ਬੇਅੰਤ ਕੌਰ ਮੋਗਾ**

ਰਾਹੇ-ਰਾਹੇ ਜਾਂਦੀਏ ਮੁਟਿਆਰੇ ਨੀਂ
ਤੇਰਾ ਲੁੱਟਿਆ ਦੇਸ਼ ਪੰਜਾਬ ਬਾਂਕੀਏ ਨਾਰੇ ਨੀਂ
ਗਲੀ-ਗਲੀ ਵਿੱਚ ਪੀਜ਼ੇ ਬਰਗਰ ਵਾਲੇ ਨੀਂ,
ਦੱਸ ਕਿੱਥੇ ਤਪਣ ਤੰਦੂਰ ਤੇ ਚੁੱਲ੍ਹੇ-ਹਾਰੇ ਨੀਂ ?
ਸੋਹਣੇ ਗੱਭਰੂ ਛੈਲ ਛਬੀਲੇ ਨਸ਼ਿਆਂ ਖਾ ਲਏ ਨੀਂ,
ਦੱਸ ਕਿੱਥੇ ਬੱਕੀ, ਹਾਥੀ, ਊਠ ਸ਼ਿੰਗਾਰੇ ਨੀਂ ?
ਪਿੱਪਲ, ਬੋਹੜ, ਬਰੋਟੇ, ਮੌਲਾਂ ਸੜਕਾਂ ਢਾਹ ਲਏ ਨੀਂ,
ਸਖੀਆਂ ਕਿੱਥੇ ਝੂਟਣ ਪੀਂਘਾਂ ਕਿੱਥੇ ਲੈਣ ਹੁਲਾਰੇ ਨੀਂ ?
ਤੈਨੂੰ ਵੇਖ ਸ਼ਰਮਾਉਂਦੇ ਸੀ ਕਦੇ ਮੋਰ ਵਿਚਾਰੇ ਨੀਂ,
ਤੂੰ ਸ਼ਹਿਰਨ ਅੰਗਰੇਜਣ ਭੁੱਲਗੀ ਖੇਤ ਕਿਆਰੇ ਨੀਂ ?
ਟੰਗਦੀ ਸੀ ਕਦੇ ਫੁੱਲ ਸਰੋਆਂ ਦੇ ਗੁੱਤ ਦੁਆਲੇ ਨੀਂ,
ਦੱਸ ਕਿੱਥੇ ਵੱਢ ਕੇ ਸੁੱਟਤੇ ਜੂੜੇ ਗੁੱਤ ਪਿਆਰੇ ਨੀਂ ?
ਬਾਬੇ-ਪੋਤੇ ਗਏ ਪ੍ਰਦੇਸ, ਤੇ ਭਾਬੋ-ਵੀਰਾ ਨਾਲੇ ਨੀਂ,
ਕਮਲੀਏ ਕੁੜੀਏ ਕਿੱਥੋਂ ਭਾਲੇਂ ਦੱਸ ਸੰਧਾਰੇ ਨੀਂ ?
ਚਰਖੇ 'ਗਿੱਲ' ਨਿਮਾਣੀ ਗੇੜੇ ਭਾਵੇਂ ਆਸਾਂ ਵਾਲੇ ਨੀਂ,
ਕਿੱਥੋਂ ਲੱਭਣੇ ਨਾਰਾਂ, ਬਾਗ ਬਗੀਚੇ, ਕੈਂਠੇ ਵਾਲੇ ਨੀਂ ?
ਰਾਹੇ ਰਾਹੇ ਜਾਂਦੀਏ ਮੁਟਿਆਰੇ ਨੀਂ
ਤੇਰਾ ਲੁੱਟਿਆ ਦੇਸ਼ ਪੰਜਾਬ ਬਾਂਕੀਏ ਨਾਰੇ ਨੀਂ

# ਗਠੀਏ ਕਾਰਨ ਸੰਨਿਆਸ ਲੈ ਸਕਦੀ ਹੈ ਸਾਇਨਾ ਨੇਹਵਾਲ




ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਦੀ ਸਿਖਰਲੀ ਬੈਡਮਿੰਟਨ ਖਿਡਾਰਨ ਅਤੇ ਉਲੰਪਿਕ ਵਿੱਚ ਕਾਂਸੇ ਦਾ ਤਗ਼ਮਾ ਜੇਤੂ ਸਾਇਨਾ ਨੇਹਵਾਲ ਨੇ ਦੱਸਿਆ ਕਿ ਉਹ ਗਠੀਏ ਨਾਲ ਜੂਝ ਰਹੀ ਹੈ ਅਤੇ ਉਹ ਇਸ ਸਾਲ ਦੇ ਅੰਤ ਤੱਕ ਸੰਨਿਆਸ ਬਾਰੇ ਫ਼ੈਸਲਾ ਕਰ ਸਕਦੀ ਹੈ। ਉਸ ਨੇ ਦੱਸਿਆ ਕਿ ਬਿਮਾਰੀ ਕਾਰਨ ਉਸ ਨੂੰ ਆਮ ਵਾਂਗ ਅਭਿਆਸ ਕਰਨ ਵਿੱਚ ਮੁਸ਼ਕਿਲ ਆ ਰਹੀ ਹੈ। ਨਿਸ਼ਾਨੇਬਾਜ਼ ਗਗਨ ਨਾਰੰਗ ਦੇ ਪੋਡਕਾਸਟ ਵਿੱਚ ਨੇਹਵਾਲ ਨੇ ਕਿਹਾ, 'ਮੇਰੇ ਗੋਡੇ ਠੀਕ ਨਹੀਂ ਹਨ। ਮੈਨੂੰ ਗਠੀਆ ਹੈ। ਅਜਿਹੇ 'ਚ ਅੱਠ-ਨੌਂ ਘੰਟੇ ਤੱਕ ਖੇਡਣਾ ਬਹੁਤ ਮੁਸ਼ਕਿਲ ਹੈ। ਅਜਿਹੇ ਹਾਲਾਤ 'ਚ ਦੁਨੀਆ ਦੀਆਂ ਸਰਬੋਤਮ ਖਿਡਾਰਨਾਂ ਨੂੰ ਤੁਸੀਂ ਚੁਣੌਤੀ ਕਿਵੇਂ ਦੇ ਸਕਦੇ ਹੋ।'

ਉਸ ਨੇ ਕਿਹਾ, 'ਮੈਂ ਸੰਨਿਆਸ ਲੈਣ ਬਾਰੇ ਸੋਚ ਰਹੀ ਹਾਂ। ਮੈਨੂੰ ਪਤਾ ਹੈ ਕਿ ਇਸ ਬਾਰੇ ਫ਼ੈਸਲਾ ਕਰਨਾ ਬਹੁਤ ਔਖਾ ਹੋਵੇਗਾ।' ਉਸ ਨੇ ਕਿਹਾ, "ਮੇਰਾ ਕੈਰੀਅਰ ਵੀ ਲੰਮਾ ਰਿਹਾ ਹੈ ਅਤੇ ਮੈਨੂੰ ਇਸ 'ਤੇ ਮਾਣ ਹੈ। ਮੈਂ ਆਪਣੀਆਂ ਪ੍ਰਾਪਤੀਆਂ ਤੋਂ ਖੁਸ਼ ਹਾਂ।" ਜ਼ਿਕਰਯੋਗ ਹੈ ਕਿ ਸਾਇਨਾ ਭਾਜਪਾ ਮੈਂਬਰ ਵੀ ਹੈ।

# ਫ਼ਿਲਮੀ ਦੁਨੀਆਂ ਤੋਂ ਦੂਰੀ ਬਣਾ ਕੇ ਖੇਡਾਂ ਵੱਲ ਧਿਆਨ ਦੇਵੇਗੀ ਮਨੂ ਭਾਕਰ



ਪੈਰਿਸ ਉਲੰਪਿਕ ਵਿੱਚ ਦੋ ਮੈਡਲ ਜਿੱਤਣ ਵਾਲੀ ਸ਼ੂਟਰ ਮਨੂ ਭਾਕਰ ਨੇ ਆਪਣੇ ਵਿਆਹ ਨਾਲ ਜੁੜੀ ਹਰ ਤਰ੍ਹਾਂ ਦੀ ਚਰਚਾ 'ਤੇ ਰੋਕ ਲਾਉਂਦੇ ਹੋਏ ਕਿਹਾ ਹੈ ਕਿ ਉਹ ਹੁਣ ਪੂਰੀ ਤਰ੍ਹਾਂ ਖੇਡਾਂ ਵੱਲ ਧਿਆਨ ਦੇ ਰਹੀ ਹੈ। ਉਸ ਨੇ ਕਿਹਾ ਕਿ ਹਾਲੇ ਜ਼ਿੰਦਗੀ ਵਿੱਚ ਅੱਗੇ ਵਧਣ ਦੇ ਮੌਕੇ ਮੌਜੂਦ ਹਨ। ਹਾਲਾਂਕਿ ਵਿਆਹ ਬਾਰੇ ਸਵਾਲ ਪੁੱਛਿਆ ਤਾਂ ਉਹ ਸ਼ਰਮਾ ਗਈ। ਫਿਰ ਗੱਲ ਬਦਲ ਕੇ ਕਹਿਣ ਲੱਗੀ, 'ਵਿਆਹ ਦਾ ਸਵਾਲ ਕਿੱਥੋਂ ਆ ਗਿਆ? ਹਾਲੇ ਇਸ ਬਾਰੇ ਨਹੀਂ ਸੋਚਿਆ, ਭਗਵਾਨ ਜੋ ਚਾਹੁਣਗੇ, ਉਹੀ ਹੋਵੇਗਾ'। ਨਿਸ਼ਾਨੇਬਾਜ਼ੀ ਤੋਂ ਇਲਾਵਾ ਫਿਲਮਾਂ ਵਿੱਚ ਕੰਮ ਕਰਨ ਦੇ ਸਵਾਲ 'ਤੇ ਉਸ ਨੇ ਸਾਫ਼ ਕਿਹਾ ਕਿ ਇਹੋ-ਜਿਹਾ ਕੋਈ ਇਰਾਦਾ ਨਹੀਂ ਹੈ। ਗੱਲਬਾਤ ਦੌਰਾਨ ਮਨੂੰ ਨੇ ਕਿਹਾ ਕਿ ਮੈਨੂੰ ਆਪਣੀ ਖੇਡ ਬਹੁਤ ਪਸੰਦ ਹੈ ਤੇ ਬਾਅਦ ਵਿੱਚ ਕੋਚਿੰਗ ਵੀ ਕਰਾਂਗੀ। ਉਸ ਨੇ ਕਿਹਾ ਕਿ ਹਾਲੇ ਤਾਂ ਮੈਂ ਮੈਡਲ ਦਾ ਰੰਗ ਬਦਲਣਾ ਹੈ, ਉਂਝ ਇਸ ਉਲੰਪਿਕ ਵਿੱਚ ਵੀ ਤਿਆਰੀ ਕਾਫ਼ੀ ਕੀਤੀ ਸੀ। ਮੁਕਾਬਲਾ ਨਜ਼ਦੀਕੀ ਸੀ। ਕਾਬਿਲੇ ਜ਼ਿਕਰ ਹੈ ਕਿ ਮਨੂੰ ਫ਼ਿਲਹਾਲ ਤਿੰਨ ਮਹੀਨਿਆਂ ਦੇ ਬ੍ਰੇਕ 'ਤੇ ਹੈ। ਆਉਣ ਵਾਲੇ ਸਮੇਂ ਵਿੱਚ ਜਿਹੜੇ ਵੀ ਮੁਕਾਬਲੇ ਹੋਣਗੇ, ਉਸ ਵਿੱਚ ਉਹ ਹਿੱਸਾ ਲਵੇਗੀ। ਨਾਲ ਹੀ ਉਸ ਨੇ ਆਪਣੇ ਪਹਿਲੇ ਮੈਡਲ ਤੋਂ ਲੈ ਕੇ ਉਲੰਪਿਕ ਵਿਚ ਪੁੱਜਣ ਤੱਕ ਮਿਲੇ ਸਹਿਯੋਗ ਲਈ ਧੰਨਵਾਦ ਪ੍ਰਗਟ ਕੀਤਾ। ਉਸ ਨੇ ਕਿਹਾ ਕਿ ਇਸ ਮੁਕਾਮ ਤੱਕ ਪੁੱਜਣ ਲਈ ਪਿੰਡ ਦੇ ਲੋਕਾਂ, ਪਰਿਵਾਰ ਤੋਂ ਲੈ ਕੇ ਦੇਸ਼ ਦੇ ਹਰ ਵਿਅਕਤੀ ਤੋਂ ਸਹਿਯੋਗ ਮਿਲਿਆ ਹੈ।

# 'ਖੇਡਾਂ ਵਤਨ ਪੰਜਾਬ ਦੀਆਂ' ਦੇ ਤੀਜੇ ਐਡੀਸ਼ਨ ਦੀ ਸ਼ਾਨਦਾਰ ਸ਼ੁਰੂਆਤ

## ਮੁੱਖ ਮੰਤਰੀ ਵੱਲੋਂ ਵਾਰ ਹੀਰੋਜ਼ ਸਟੇਡੀਅਮ ਵਿੱਚ ਖੇਡਾਂ ਦਾ ਉਦਘਾਟਨ




ਸੰਗਰੂਰ/ਏ.ਟੀ.ਨਿਊਜ਼: ਇੱਥੋਂ ਦੇ ਵਾਰ ਹੀਰੋਜ਼ ਸਟੇਡੀਅਮ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦੇਸ਼ ਭਰ ਵਿੱਚੋਂ ਆਪਣੀ ਤਰ੍ਹਾਂ ਦੇ ਸਭ ਤੋਂ ਵੱਡੇ ਖੇਡ ਮੁਕਾਬਲਿਆਂ ਵਿੱਚੋਂ ਇੱਕ 'ਖੇਡਾਂ ਵਤਨ ਪੰਜਾਬ ਦੀਆਂ' ਦੇ ਤੀਜੇ ਐਡੀਸ਼ਨ ਦੀ ਸ਼ਾਨਦਾਰ ਸ਼ੁਰੂਆਤ ਕੀਤੀ। ਮੁੱਖ ਮੰਤਰੀ ਨੇ ਵੱਖ-ਵੱਖ ਜ਼ਿਲ੍ਹਿਆਂ ਤੋਂ ਭਾਗ ਲੈਣ ਵਾਲੇ ਖੇਡ ਦਲਾਂ ਦੇ ਮਾਰਚ ਪਾਸਟ ਤੋਂ ਸਲਾਮੀ ਲਈ। ਖੇਡ ਮੇਲੇ ਦੇ ਉਦਘਾਟਨ ਦਾ ਰਸਮੀ ਐਲਾਨ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਇਹ ਬਹੁਤ ਹੀ ਮਾਣ ਅਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਜਨਮ ਦਿਵਸ ਦੀ ਯਾਦ ਵਿੱਚ ਮਨਾਏ ਜਾਂਦੇ ਕੌਮੀ ਖੇਡ ਦਿਵਸ ਮੌਕੇ ਇਸ ਵੱਕਾਰੀ ਖੇਡ ਮੁਕਾਬਲੇ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਵਾਰ 37 ਖੇਡਾਂ ਦੇ ਨੌਂ ਉਮਰ ਵਰਗਾਂ ਵਿੱਚ ਪੰਜ ਲੱਖ ਦੇ ਕਰੀਬ ਖਿਡਾਰੀ ਤਗ਼ਮਿਆਂ ਦੀ ਦੌੜ ਵਿੱਚ ਹਿੱਸਾ ਲੈ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਜੇਤੂਆਂ ਨੂੰ ਨੌਂ ਕਰੋੜ ਰੁਪਏ ਤੋਂ ਵੱਧ ਦੇ ਨਕਦ ਇਨਾਮ ਵੰਡੇ ਜਾਣਗੇ। ਉਨ੍ਹਾਂ ਦੱਸਿਆ ਕਿ ਪਹਿਲੀ ਵਾਰ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਪੈਰਾ ਵਰਗ ਵਿੱਚ ਅਥਲੈਟਿਕਸ, ਬੈਡਮਿੰਟਨ ਅਤੇ ਪਾਵਰਲਿਫਟਿੰਗ ਵਰਗੀਆਂ ਖੇਡਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਖੇਡਾਂ ਨੂੰ ਹੁਲਾਰਾ ਦੇਣ ਲਈ ਸੂਬਾ ਸਰਕਾਰ ਨੇ ਇਸ ਵਿੱਤੀ ਵਰ੍ਹੇ ਦੌਰਾਨ ਖੇਡਾਂ ਵਤਨ ਪੰਜਾਬ ਦੀਆਂ ਲਈ 30 ਕਰੋੜ ਰੁਪਏ ਦਾ ਬਜਟ ਰੱਖਿਆ ਹੈ।ਇਸ ਮੌਕੇ ਉੱਘੇ ਪੰਜਾਬੀ ਗਾਇਕਾਂ ਗੁਰਦਾਸ ਮਾਨ, ਹਰਭਜਨ ਸ਼ੇਰਾ, ਅਸਮੀਤ ਸਹਿਰਾ, ਪਰੀ ਪੰਧੇਰ, ਬਸੰਤ ਕੌਰ, ਅਰਮਾਨ ਢਿੱਲੋਂ ਤੇ ਹੋਰ ਗਾਇਕਾਂ ਨੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਤੋਂ ਪਹਿਲਾਂ ਪ੍ਰਸਿੱਧ ਖਿਡਾਰੀਆਂ ਮਹਾਂ ਸਿੰਘ, ਮਨਦੀਪ ਕੌਰ, ਸੁਨੀਤਾ ਰਾਣੀ, ਗਗਨ ਅਜੀਤ ਸਿੰਘ, ਸਿਫਤ ਕੌਰ, ਅਰਜਨ ਸਿੰਘ ਚੀਮਾ, ਸੁਖਮੀਤ ਸਿੰਘ, ਵਿਜੈਵੀਰ ਸਿੰਘ, ਹਰਸ਼ਦੀਪ ਕੌਰ, ਮਹਿਕਪ੍ਰੀਤ ਸਿੰਘ, ਸਿਮਰਨਜੀਤ ਸਿੰਘ ਅਤੇ ਜਸਪ੍ਰੀਤ ਸਿੰਘ ਨੇ ਖੇਡਾਂ ਦੀ ਮਸ਼ਾਲ ਜਗਾਈ। ਨਾਮਵਰ ਖਿਡਾਰੀ ਅਭੀ ਜੋਸ਼ੀ ਖੇਡਾਂ ਦੇ ਝੰਡਾਬਰਦਾਰ ਰਹੇ। ਇਸ ਮੌਕੇ ਮੁੱਖ ਮੰਤਰੀ ਦੇ ਪਤਨੀ ਡਾ. ਗੁਰਪ੍ਰੀਤ ਕੌਰ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਅਮਨ ਅਰੋੜਾ, ਸੰਸਦ ਮੈਂਬਰ ਮੀਤ ਹੇਅਰ, ਵਿਧਾਇਕ ਨਰਿੰਦਰ ਕੌਰ ਭਰਾਜ ਤੋਂ ਇਲਾਵਾ ਕਈ ਮੰਤਰੀ, ਵਿਧਾਇਕ ਅਤੇ ਚੇਅਰਮੈਨ ਮੌਜੂਦ ਸਨ।

# ਹਾਕੀ: ਸ਼੍ਰੀਜੇਸ਼ ਤੋਂ ਬਾਅਦ ਪਾਠਕ ਦੀ ਭਾਰਤੀ ਗੋਲਕੀਪਰ ਵਜੋਂ ਚੋਣ



ਨਵੀਂ ਦਿੱਲੀ/ਏ.ਟੀ.ਨਿਊਜ਼: ਪੀ.ਆਰ. ਸ਼੍ਰੀਜੇਸ਼ ਦੇ ਸੰਨਿਆਸ ਤੋਂ ਬਾਅਦ ਕ੍ਰਿਸ਼ਨ ਬਹਾਦਰ ਪਾਠਕ ਨੂੰ ਅਗਾਮੀ ਏਸ਼ਿਆਈ ਚੈਂਪੀਅਨਜ਼ ਟਰਾਫੀ ਲਈ ਹਰਮਨਪ੍ਰੀਤ ਸਿੰਘ ਦੀ ਅਗਵਾਈ ਵਾਲੀ 18 ਮੈਂਬਰੀ ਭਾਰਤੀ ਹਾਕੀ ਟੀਮ ਦਾ ਮੁੱਖ ਗੋਲਕੀਪਰ ਚੁਣਿਆ ਗਿਆ ਹੈ। ਟੂਰਨਾਮੈਂਟ ਵਿੱਚ ਭਾਰਤ ਤੋਂ ਇਲਾਵਾ ਕੋਰੀਆ, ਮਲੇਸ਼ੀਆ, ਪਾਕਿਸਤਾਨ, ਜਪਾਨ ਅਤੇ ਮੇਜ਼ਬਾਨ ਚੀਨ ਹਿੱਸਾ ਲੈਣਗੇ। ਇਹ ਟੂਰਨਾਮੈਂਟ 8 ਤੋਂ 17 ਸਤੰਬਰ ਤੱਕ ਖੇਡਿਆ ਜਾਵੇਗਾ। ਸ਼੍ਰੀਜੇਸ਼ ਨੇ ਪੈਰਿਸ ਉਲੰਪਿਕ 'ਚ ਲਗਾਤਾਰ ਦੂਜਾ ਕਾਂਸੇ ਦਾ ਤਗ਼ਮਾ ਜਿੱਤਣ ਤੋਂ ਬਾਅਦ ਹਾਕੀ ਨੂੰ ਅਲਵਿਦਾ ਕਹਿ ਦਿੱਤਾ ਸੀ। ਪੈਰਿਸ ਉਲੰਪਿਕ ਵਿੱਚ ਭਾਰਤੀ ਟੀਮ ਨਾਲ ਗਿਆ ਦੂਜਾ ਗੋਲਕੀਪਰ ਪਾਠਕ ਹੁਣ ਮੁੱਖ ਗੋਲਕੀਪਰ ਜਦਕਿ ਸੂਰਜ ਕਰਕਰਾ ਰਿਜ਼ਰਵ ਗੋਲਕੀਪਰ ਹੋਵੇਗਾ।

ਤਜਰਬੇਕਾਰ ਮਿਡਫੀਲਡਰ ਵਿਵੇਕ ਸਾਗਰ ਪ੍ਰਸਾਦ ਨੂੰ ਉਪ ਕਪਤਾਨ ਬਣਾਇਆ ਗਿਆ ਹੈ। ਨਿਯਮਤ ਉਪ ਕਪਤਾਨ ਹਾਰਦਿਕ ਸਿੰਘ, ਮਨਦੀਪ ਸਿੰਘ, ਲਲਿਤ ਉਪਾਧਿਆਏ, ਸ਼ਮਸ਼ੇਰ ਸਿੰਘ ਅਤੇ ਗੁਰਜੰਟ ਸਿੰਘ ਨੂੰ ਅਰਾਮ ਦਿੱਤਾ ਗਿਆ ਹੈ। ਭਾਰਤ ਦੇ ਉਭਰਦੇ ਡਰੈਗ ਫਲਿੱਕਰ ਜੁਗਰਾਜ ਸਿੰਘ ਲਈ ਵੀ ਇਹ ਸੁਨਹਿਰੀ ਮੌਕਾ ਹੋਵੇਗਾ। ਉਸ ਨੇ ਪ੍ਰੋ ਲੀਗ ਵਿੱਚ ਆਪਣਾ ਹੁਨਰ ਦਿਖਾਇਆ ਹੈ। ਅਰਿਜੀਤ ਸਿੰਘ ਹੁੰਦਲ ਟੀਮ ਦਾ ਤੀਜਾ ਡਰੈਗ ਫਲਿੱਕਰ ਹੋਵੇਗਾ। ਡਿਫੈਂਸ ਦੀ ਜ਼ਿੰਮੇਵਾਰੀ ਜਰਮਨਪ੍ਰੀਤ ਸਿੰਘ, ਅਮਿਤ ਰੋਹੀਦਾਸ, ਹਰਮਨਪ੍ਰੀਤ ਸਿੰਘ, ਜੁਗਰਾਜ ਸਿੰਘ, ਸੰਜੈ ਅਤੇ ਸੁਮਿਤ 'ਤੇ ਹੋਵੇਗੀ। ਮਿਡਫੀਲਡ ਵਿੱਚ ਰਾਜਕੁਮਾਰ ਪਾਲ, ਨੀਲਕਾਂਤ ਸ਼ਰਮਾ, ਮਨਪ੍ਰੀਤ ਸਿੰਘ ਅਤੇ ਮੁਹੰਮਦ ਰਾਹੀਲ ਹੋਣਗੇ। ਫਾਰਵਰਡ ਲਾਈਨ ਵਿੱਚ ਅਭਿਸ਼ੇਕ, ਸੁਖਜੀਤ ਸਿੰਘ, ਹੁੰਦਲ, ਜੂਨੀਅਰ ਟੀਮ ਦਾ ਕਪਤਾਨ ਉੱਤਮ ਸਿੰਘ ਅਤੇ ਗੁਰਜੋਤ ਸਿੰਘ ਸ਼ਾਮਲ ਹਨ। ਪੈਰਿਸ ਉਲੰਪਿਕ ਵਿੱਚ ਕਾਂਸੇ ਦਾ ਤਗ਼ਮਾ ਜੇਤੂ ਟੀਮ ਦੇ ਦਸ ਮੈਂਬਰ ਇਸ ਟੀਮ ਵਿੱਚ ਹਨ। ਭਾਰਤੀ ਟੀਮ 8 ਸਤੰਬਰ ਨੂੰ ਚੀਨ ਖ਼ਿਲਾਫ਼ ਆਪਣਾ ਪਹਿਲਾ ਮੈਚ ਖੇਡੇਗੀ।

ਨਵੇਂ ਉਲੰਪਿਕ ਚੱਕਰ ਦੇ ਸ਼ੁਰੂਆਤੀ ਟੂਰਨਾਮੈਂਟ ਲਈ ਟੀਮ ਤਿਆਰ: ਫੁਲਟਨ

ਭਾਰਤੀ ਟੀਮ ਦੇ ਕੋਚ ਕ੍ਰੇਗ ਫੁਲਟਨ ਨੇ ਹਾਕੀ ਇੰਡੀਆ ਵੱਲੋਂ ਜਾਰੀ ਬਿਆਨ ਵਿੱਚ ਕਿਹਾ, "ਇਹ ਸਾਡੇ ਲਈ ਅਹਿਮ ਟੂਰਨਾਮੈਂਟ ਹੈ। ਟੀਮ ਪੈਰਿਸ ਉਲੰਪਿਕ ਵਿੱਚ ਤਗ਼ਮਾ ਜਿੱਤਣ ਦਾ ਜਸ਼ਨ ਮਨਾ ਕੇ ਕੈਂਪ ਵਿੱਚ ਪਰਤੀ ਹੈ। ਟੀਮ ਨੂੰ ਮਿਲੇ ਅਥਾਹ ਪਿਆਰ ਨਾਲ ਪਿਛਲੇ ਕੁਝ ਹਫ਼ਤੇ ਸ਼ਾਨਦਾਰ ਰਹੇ ਹਨ। ਇਸ ਪਿਆਰ ਅਤੇ ਸਹਿਯੋਗ ਦੀ ਭਵਿੱਖ ਵਿੱਚ ਵੀ ਉਮੀਦ ਰਹੇਗੀ। ਨਵੇਂ ਉਲੰਪਿਕ ਚੱਕਰ ਦੀ ਸ਼ੁਰੂਆਤ ਏਸ਼ਿਆਈ ਚੈਂਪੀਅਨਜ਼ ਟਰਾਫੀ ਨਾਲ ਹੋ ਰਹੀ ਹੈ ਅਤੇ ਅਸੀਂ ਚੁਣੌਤੀ ਲਈ ਤਿਆਰ ਹਾਂ।"

# ਉਲੰਪਿਕ ਵਿੱਚ ਸੋਨ ਤਗ਼ਮੇ ਤੋਂ ਵਾਂਝਾ ਰਿਹਾ ਭਾਰਤ

ਨਵਦੀਪ ਕੌਰ



ਉਲੰਪਿਕ ਖੇਡਾਂ ਦੇ ਮਹਾਕੁੰਭ ਵਿੱਚ ਹਰ ਦੇਸ਼ ਦਾ ਇੱਕ ਹੀ ਸੁਪਨਾ ਹੁੰਦਾ ਹੈ ਕਿ ਉਹ ਮੈਡਲ ਸਾਰਣੀ 'ਤੇ ਸਭ ਤੋਂ ਉੱਚੇ ਸਥਾਨ 'ਤੇ ਕਾਇਮ ਰਹੇ। ਖ਼ਾਸ ਕਰਕੇ ਸੋਨੇ ਦੇ ਤਗ਼ਮੇ ਦੀ ਜਿੱਤ, ਜੋ ਰਾਸ਼ਟਰੀ ਗਰੂਰ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਭਾਰਤ ਲਈ ਇਹ ਸੁਪਨਾ 2024 ਉਲੰਪਿਕ ਵਿੱਚ ਅਧੂਰਾ ਰਹਿ ਗਿਆ। ਭਾਰਤ ਨੇ ਕੁਝ ਪ੍ਰਦਰਸ਼ਨ ਸ਼ਾਨਦਾਰ ਕੀਤੇ ਪਰ ਇਸ ਮੈਗਾ ਇਵੈਂਟ ਵਿੱਚ ਸੋਨੇ ਦਾ ਤਗ਼ਮਾ ਹਾਸਲ ਕਰਨ ਵਿੱਚ ਕਾਮਯਾਬ ਨਹੀਂ ਹੋ ਸਕਿਆ।

ਭਾਰਤ ਦੇ ਖਿਡਾਰੀਆਂ ਨੇ ਹਰੇਕ ਮੁਕਾਬਲੇ ਵਿੱਚ ਆਪਣਾ 100% ਦੇਣ ਦੀ ਕੋਸ਼ਿਸ਼ ਕੀਤੀ, ਪਰ ਕਈ ਵਾਰ ਨਤੀਜੇ ਉਨ੍ਹਾਂ ਦੀ ਉਮੀਦਾਂ ਦੇ ਅਨੁਸਾਰ ਨਹੀਂ ਰਹੇ। ਬਹੁਤ ਸਾਰੇ ਖਿਡਾਰੀ, ਜੋ ਪਿਛਲੇ ਉਲੰਪਿਕਾਂ ਵਿੱਚ ਕਾਮਯਾਬ ਰਹੇ ਸਨ, ਇਸ ਵਾਰ ਉਨ੍ਹਾਂ ਨੇ ਆਪਣੇ ਪ੍ਰਦਰਸ਼ਨ ਨੂੰ ਬਰਕਰਾਰ ਰੱਖਿਆ, ਪਰ ਸੋਨੇ ਦਾ ਤਗ਼ਮਾ ਹਾਸਲ ਕਰਨ ਤੋਂ ਅਸਫ਼ਲ ਰਹੇ। ਇਹ ਉਨ੍ਹਾਂ ਦੀ ਅਸਫ਼ਲਤਾ ਨਹੀਂ, ਸਗੋਂ ਦੇਸ਼ ਲਈ ਵੱਡੀ ਨਿਰਾਸ਼ਾ ਦਾ ਕਾਰਨ ਬਣਿਆ।

ਭਾਰਤ ਦੇ ਖਿਡਾਰੀਆਂ ਲਈ ਇਹ ਉਲੰਪਿਕ ਇੱਕ ਸਿੱਖਣ ਦਾ ਮੌਕਾ ਵੀ ਸੀ। ਇਹ ਸਮਾਂ ਹੈ ਜਦੋਂ ਭਾਰਤ ਨੂੰ ਖੇਡਾਂ ਵਿੱਚ ਆਉਣ ਵਾਲੀਆਂ ਕਮੀਆਂ 'ਤੇ ਧਿਆਨ ਦੇਣਾ ਚਾਹੀਦਾ ਹੈ ਅਤੇ ਖਿਡਾਰੀਆਂ ਦੀ ਤਿਆਰੀ ਨੂੰ ਹੋਰ ਵੀ ਸੰਵਾਰਨ ਲਈ ਮਿਹਨਤ ਕਰਨ ਦੀ ਲੋੜ ਹੈ। ਭਾਰਤ ਦੇ ਖਿਡਾਰੀਆਂ ਨੂੰ ਦੁਨੀਆਂ ਦੇ ਸਭ ਤੋਂ ਵਧੀਆ ਖਿਡਾਰੀਆਂ ਨਾਲ ਟਕਰਾਉਂਦੇ ਹੋਏ, ਮਿਹਨਤ ਨੂੰ ਦੁੱਗਣਾ ਕਰਨ ਦੀ ਲੋੜ ਹੈ। ਉਲੰਪਿਕ ਵਿੱਚ ਭਾਰਤ ਦਾ ਪ੍ਰਦਰਸ਼ਨ ਹੁਣ ਦੇਸ਼ ਦੇ ਖਿਡਾਰੀਆਂ ਲਈ ਇੱਕ ਪ੍ਰੇਰਣਾ ਸਬਕ ਬਣੇਗਾ, ਜੋ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਤਿਆਰ ਕਰੇਗਾ।ਉਲੰਪਿਕ 2024 ਵਿੱਚ ਭਾਰਤ ਦਾ ਸੋਨੇ ਦੇ ਤਗ਼ਮੇ ਤੋਂ ਵਾਂਝਾ ਰਹਿਣਾ ਨਿਰਾਸ਼ਾਜਨਕ ਹੈ ਪਰ ਇਸ ਨਾਲ ਦੇਸ਼ ਦੇ ਖਿਡਾਰੀਆਂ ਦਾ ਹੌਸਲਾ ਪਸਤ ਨਹੀਂ ਹੋਣਾ ਚਾਹੀਦਾ। ਅਸਲ ਚੈਲੇਂਜ ਇਹ ਹੈ ਕਿ ਇਸ ਤੋਂ ਸਿੱਖ ਕੇ, ਭਾਰਤ ਦੇ ਖਿਡਾਰੀ ਅੱਗੇ ਵਧਣ ਅਤੇ ਮਿਹਨਤ ਕਰਨ ਲਈ ਪ੍ਰੇਰਿਤ ਹੋਣ। ਜਦੋਂ ਵੀ ਅਗਲੇ ਉਲੰਪਿਕ ਦੀ ਰਸਤਾ ਬਦਲਿਆ ਜਾਵੇਗਾ, ਭਾਰਤ ਦੇ ਖਿਡਾਰੀ ਸੋਨੇ ਦੇ ਤਗ਼ਮੇ ਦੀ ਖੋਜ ਵਿਚ ਹੋਰ ਵੀ ਜ਼ਿਆਦਾ ਤਿਆਰੀ ਨਾਲ ਮੈਦਾਨ ਵਿੱਚ ਉਤਰਨਗੇ। ਹਰ ਨਿਰਾਸ਼ਾ ਅੱਗੇ ਦੇ ਰਸਤੇ ਲਈ ਇੱਕ ਨਵੀਂ ਉਮੀਦ ਦੀ ਕਿਰਨ ਹੋ ਸਕਦੀ ਹੈ ਅਤੇ ਇਹੀ ਉਮੀਦ ਹੈ ਕਿ ਭਾਰਤ ਦੇ ਖਿਡਾਰੀ ਅਗਲੇ ਉਲੰਪਿਕ ਵਿੱਚ ਸੁਨਹਿਰਾ ਅਧਿਆਇ ਲਿਖਣਗੇ।

**ਕਮੀਆਂ ਤੇ ਚੁਣੌਤੀਆਂ**

ਭਾਰਤੀ ਖਿਡਾਰੀਆਂ ਦੇ ਸਿਰਫ਼ ਸੋਨੇ ਦੇ ਤਗ਼ਮੇ ਤੋਂ ਰਹਿ ਜਾਣ ਦੇ ਪਿੱਛੇ ਕਈ ਕਾਰਨ ਰਹੇ । ਕਈ ਖਿਡਾਰੀਆਂ ਨੇ ਇਹ ਮੰਨਿਆ ਕਿ ਤਿਆਰੀਆਂ ਦੇ ਦੌਰਾਨ ਉਨ੍ਹਾਂ ਨੂੰ ਪੂਰੀ ਸਹੂਲਤਾਂ ਨਹੀਂ ਮਿਲ ਸਕੀਆਂ। ਕੁਝ ਮਾਮਲਿਆਂ ਵਿੱਚ ਸੂਬਿਆਂ ਦੀ ਖੇਡ ਨੀਤੀਆਂ ਵਿੱਚ ਸਮਰੱਥਾ ਦੀ ਕਮੀ ਅਤੇ ਕਈ ਸਥਾਨਕ ਖੇਡ ਸੰਸਥਾਵਾਂ ਦੇ ਗ਼ਲਤ ਫ਼ੈਸਲੇ ਵੀ ਕਾਰਨ ਬਣੇ। ਇਸ ਤੋਂ ਇਲਾਵਾ, ਕੁਝ ਖਿਡਾਰੀਆਂ ਨੇ ਦਬਾਅ ਵਿੱਚ ਆ ਕੇ ਆਪਣੇ ਪ੍ਰਦਰਸ਼ਨ ਨੂੰ ਨਿਰਾਸ਼ਾਜਨਕ ਰੂਪ ਵਿੱਚ ਪੇਸ਼ ਕੀਤਾ, ਜਿਸ ਨਾਲ ਉਨ੍ਹਾਂ ਦੀ ਜਿੱਤ ਦੀ ਉਮੀਦ ਨੂੰ ਝਟਕਾ ਲੱਗਾ। ਭਾਵੇਂ ਕਿ ਭਾਰਤ ਨੂੰ ਸੋਨੇ ਦਾ ਤਗ਼ਮਾ ਨਹੀਂ ਮਿਲਿਆ, ਪਰ ਕਈ ਨਵੇਂ ਸਿਤਾਰੇ ਉਲੰਪਿਕ ਮੈਦਾਨ ਵਿਚ ਚਮਕੇ। ਇਨ੍ਹਾਂ ਖਿਡਾਰੀਆਂ ਨੇ ਆਪਣੇ ਪ੍ਰਦਰਸ਼ਨ ਨਾਲ ਸਾਰੀਆਂ ਰੋਕਾਂ ਦੇ ਬਾਵਜੂਦ ਚਾਂਦੀ ਅਤੇ ਕਾਂਸੀ ਦੇ ਤਗ਼ਮੇ ਜਿੱਤੇ । ਉਮੀਦ ਹੈ ਕਿ ਇਹ ਸਿਤਾਰੇ, ਭਵਿੱਖ ਵਿੱਚ ਸੋਨੇ ਦਾ ਤਗ਼ਮਾ ਜਿੱਤਣ ਦੀ ਸੰਭਾਵਨਾ ਨੂੰ ਕਾਇਮ ਰੱਖਣਗੇ।

# ਵਿਵਾਦਤ ਫ਼ਿਲਮ 'ਐਮਰਜੈਂਸੀ'

## ਅਜਿਹੇ ਮਸਲਿਆਂ ਦੇ ਸਦੀਵੀ ਹੱਲ ਲਈ ਸਿੱਖ ਪੰਥ ਕੀ ਕਰੇ ?

**ਰਾਜਵਿੰਦਰ ਸਿੰਘ**

ਆਉਣ ਵਾਲੀ 6 ਸਤੰਬਰ ਨੂੰ 'ਐਮਰਜੈਂਸੀ' ਨਾਮੀ ਵਿਵਾਦਤ ਫ਼ਿਲਮ ਜਾਰੀ ਹੋਣ ਜਾ ਰਹੀ ਹੈ, ਜਿਸ ਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ। ਵਿਰੋਧ ਕਰਨ ਵਾਲੇ ਇੱਕ ਹਿੱਸੇ ਦਾ ਕਹਿਣਾ ਹੈ ਕਿ ਸਟੇਟ ਵੱਲੋਂ ਆਪਣਾ ਬਿਰਤਾਂਤ ਮਜ਼ਬੂਤ ਕਰਨ ਦੇ ਲਈ ਫ਼ਿਲਮ ਵਿੱਚ ਸਿੱਖ ਸ਼ਹੀਦਾਂ ਅਤੇ ਖਾੜਕੂ ਸਿੰਘਾਂ ਦੀ ਗਲਤ ਪੇਸ਼ਕਾਰੀ ਕੀਤੀ ਗਈ ਹੈ, ਜੋ ਕਿ ਸੱਚ ਵੀ ਹੈ। ਇਸ ਸਬੰਧੀ ਫ਼ਿਲਮ ਨੂੰ ਬੰਦ ਕਰਵਾਉਣ ਲਈ ਲਗਾਤਾਰ ਬਿਆਨ ਵੀ ਆ ਰਹੇ ਹਨ।

ਇਹ ਗੱਲ ਠੀਕ ਹੈ ਕਿ ਫ਼ਿਲਮ ਬੰਦ ਹੋਣੀ ਚਾਹੀਦੀ ਹੈ ਪਰ ਇਹ ਮਸਲੇ ਦਾ ਹੱਲ ਨਹੀਂ ਹੈ। ਅੱਜ ਇਹ ਫ਼ਿਲਮ ਹੈ, ਕੱਲ੍ਹ ਕੋਈ ਹੋਰ ਬਣ ਜਾਣੀ ਹੈ ਅਤੇ ਪਰਸੋਂ ਹੋਰ, ਇਹ ਸਿਲਸਿਲਾ ਇਸੇ ਤਰ੍ਹਾਂ ਚੱਲਦਾ ਰਹਿਣਾ ਹੈ। ਸਾਡੀ ਊਰਜਾ ਕੁਝ ਉਸਾਰੂ ਕਰਨ ਦੀ ਥਾਂ ਨਿੱਤ ਦਿਨ ਅਜਿਹੇ ਪਾਸੇ ਲਗਦੀ ਰਹੇਗੀ।

ਸਾਨੂੰ ਇਸ ਮਸਲੇ ਦੀ ਜੜ੍ਹ ਸਮਝਣ ਦੀ ਲੋੜ ਹੈ। ਫ਼ਿਲਮ ਜਾਂ ਤਾਂ ਨਕਲ ਹੁੰਦੀ ਹੈ ਜਾਂ ਝੂਠ, ਇਸ ਤੋਂ ਬਿਨਾਂ ਕੁਝ ਨਹੀਂ। ਇਤਿਹਾਸ ਦੀ ਨਕਲ ਕਰਦਿਆਂ, ਤੱਥਾਂ ਨੂੰ ਸਹੀ ਪੇਸ਼ ਕੀਤਾ ਜਾਂ ਗਲਤ, ਇਸ ਗੱਲ ਤੋਂ ਵੀ ਪਹਿਲਾਂ ਸਾਨੂੰ ਸਿੱਖ ਵਜੋਂ ਪਿਛਲੀ ਗੱਲ ਸਮਝਣੀ ਚਾਹੀਦੀ ਹੈ ਕਿ ਇਤਿਹਾਸ ਦੀ ਨਕਲ ਦਾ ਰਾਹ ਕਿੱਥੋਂ ਖੁੱਲ੍ਹਿਆ ਹੈ ਅਤੇ ਕੀ ਇਹ ਰਾਹ ਖੁੱਲ੍ਹਣਾ ਸਹੀ ਹੈ ?




ਗੁਰ ਇਤਿਹਾਸ ਦੀ ਨਕਲ ਪੇਸ਼ ਕਰਦੀਆਂ ਪਹਿਲਾਂ ਟੋਟਰੂ (ਕਾਰਟੂਨ) ਅਤੇ ਐਨੀਮੇਸ਼ਨ ਵਾਲੀਆਂ ਫ਼ਿਲਮਾਂ ਆਈਆਂ, ਜਿਸ ਵਿੱਚ 'ਸਾਹਿਬਜ਼ਾਦੇ', 'ਬਾਬਾ ਮੂਲਾ ਖੱਤਰੀ', 'ਭਾਈ ਤਾਰੂ ਸਿੰਘ' ਆਦਿ ਫ਼ਿਲਮਾਂ ਸ਼ਾਮਲ ਹਨ। ਇਹ ਰਾਹ ਫਿਰ ਹੋਰ ਵਧੇਰੇ ਖੋਲ੍ਹਿਆ ਗਿਆ, ਜਿਸ ਵਿੱਚ ਨਵੀਂ ਤਕਨੀਕ ਦੇ ਪਰਦੇ ਪਿੱਛੇ ਵੱਡੀ ਪੱਧਰ 'ਤੇ ਐਨੀਮੇਸ਼ਨ ਅਤੇ ਐਨੀਮੇਸ਼ਨ + ਲਾਈਵ ਫ਼ਿਲਮਾਂ ਆਈਆਂ, ਜਿਵੇਂ 'ਚਾਰ ਸਾਹਿਬਜ਼ਾਦੇ', 'ਚਾਰ ਸਾਹਿਬਜ਼ਾਦੇ 2', 'ਨਾਨਕ ਸ਼ਾਹ ਫ਼ਕੀਰ', 'ਮਦਰਹੁੱਡ', 'ਦਾਸਤਾਨ-ਏ-ਮੀਰੀ ਪੀਰੀ', 'ਦਾਸਤਾਨ-ਏ-ਸਰਹਿੰਦ'। ਇਸਦੇ ਨਾਲ ਹੀ ਨੇੜਲੇ ਅਤੇ ਪੁਰਾਤਨ ਸਿੱਖ ਇਤਿਹਾਸ ਦੀ ਹੂ-ਬ-ਹੂ ਨਕਲ ਦਾ ਸਿਲਸਿਲਾ ਵੀ ਚਲਾਇਆ ਗਿਆ, ਜਿਸ ਤਹਿਤ 'ਸਾਡਾ ਹੱਕ', 'ਜ਼ਿੰਦਾ ਸੁੱਖਾ', 'ਧਰਮ ਯੁੱਧ ਮੋਰਚਾ', 'ਤੂਫ਼ਾਨ ਸਿੰਘ', ਜਸਵੰਤ ਸਿੰਘ ਖਾਲੜਾ ਬਾਰੇ 'ਪੰਜਾਬ 95' (ਜਾਰੀ ਨਹੀਂ ਹੋਈ), 'ਮਸਤਾਨੇ', 'ਬੀਬੀ ਰਜਨੀ', ਆਦਿ ਫ਼ਿਲਮਾਂ ਬਣਾਈਆਂ ਗਈਆਂ।

ਜਦੋਂ ਸਾਡੇ ਇੱਕ ਹਿੱਸੇ ਵੱਲੋਂ ਸਿੱਖ ਇਤਿਹਾਸ ਦੀ ਨਕਲ ਨੂੰ ਫ਼ਿਲਮਾਂ ਦੇ ਰੂਪ ਵਿੱਚ ਪ੍ਰਵਾਨ ਕਰ ਲਿਆ ਗਿਆ ਅਤੇ ਇਹ ਮੈਦਾਨ ਚੁਣ ਲਿਆ ਗਿਆ ਤਾਂ ਫਿਰ ਇਸ ਮੈਦਾਨ ਵਿੱਚ ਤਾਂ ਹਰ ਇੱਕ ਧਿਰ ਹੈ ਤੇ ਹਰ ਧਿਰ ਦੀ ਇਤਿਹਾਸ ਬਾਰੇ ਆਪਣੀ ਸਮਝ ਹੈ, ਆਪਣਾ ਸਤਿਕਾਰ ਅਤੇ ਨਜ਼ਰੀਆ ਹੈ ਜੋ ਬਿਰਤਾਂਤ ਉਨ੍ਹਾਂ ਨੇ ਇਸ ਰਾਹੀਂ ਮਜ਼ਬੂਤ ਕਰਨਾ ਹੈ। ਸਿੱਖਾਂ ਵੱਲੋਂ ਨਕਲ ਦੀ ਇਸੇ ਪ੍ਰਵਾਨਗੀ ਨੇ ਇਤਿਹਾਸਕ ਘਟਨਾਵਾਂ ਨੂੰ ਦੂਜੇ ਦੇ ਪੱਖ ਤੋਂ ਪੇਸ਼ ਕਰਨ ਦੇ ਰਾਹ ਖੋਲ੍ਹ ਦਿੱਤੇ ਹਨ, ਜਿਸ ਕਰਕੇ ਸਮੇਂ ਸਮੇਂ 'ਤੇ ਇਤਿਹਾਸ ਦੀ ਗਲਤ ਪੇਸ਼ਕਾਰੀ ਅਤੇ ਗੁਰੂ ਸਾਹਿਬਾਨ, ਸਾਹਿਬਜ਼ਾਦੇ ਅਤੇ ਸਿੱਖ ਸ਼ਹੀਦਾਂ ਦੀਆਂ ਨਕਲਾਂ ਵਾਲੀਆਂ ਫ਼ਿਲਮਾਂ, ਨਾਟਕ ਆਦਿ ਲਗਾਤਾਰ ਬਣ ਰਹੇ ਹਨ।




ਇਸੇ ਰਾਹ ਨੇ ਪਹਿਲਾਂ 'ਚਮਕੀਲਾ' ਤੇ ਹੋਰ ਅਨੇਕਾਂ ਫ਼ਿਲਮਾਂ ਅਤੇ ਹੁਣ 'ਐਮਰਜੈਂਸੀ' ਵਰਗੀ ਫ਼ਿਲਮ ਵਿੱਚ ਇਤਿਹਾਸ ਦੀ ਗਲਤ ਪੇਸ਼ਕਾਰੀ ਅਤੇ ਸਿੱਖ ਸ਼ਹੀਦਾਂ ਦੀ ਨਕਲ ਦੀ ਖੁੱਲ੍ਹ ਦਿੱਤੀ ਹੈ।

ਇਹ ਗੱਲ ਇੱਥੇ ਹੀ ਨਹੀਂ ਮੁੱਕਣੀ, ਇਹ ਸਿਲਸਿਲਾ ਤਾਂ ਸਦਾ ਜਾਰੀ ਰਹਿਣਾ ਹੈ। ਇਸ ਲਈ ਸਾਨੂੰ ਹਰ ਵਾਰ ਕਿਸੇ ਖਾਸ ਫ਼ਿਲਮ ਦਾ ਵਿਰੋਧ ਕਰਨ ਦੀ ਥਾਂ ਇਸ ਰਾਹ ਨੂੰ ਪੱਕਾ ਬੰਦ ਕਰਨ ਵਾਲੇ ਪਾਸੇ ਪੈਣਾ ਚਾਹੀਦਾ ਹੈ। ਸਾਡੀ ਪਰੰਪਰਾ ਝਾਕੀ ਦੀ ਨਹੀਂ ਹੈ ਸਾਖੀ ਦੀ ਹੈ, ਇਸ ਸਬੰਧੀ ਭਾਈ ਰਣਧੀਰ ਸਿੰਘ, ਭਾਈ ਵੀਰ ਸਿੰਘ, ਪ੍ਰੋ: ਪੂਰਨ ਸਿੰਘ, ਸੰਤ ਕਰਤਾਰ ਸਿੰਘ ਭਿੰਡਰਾਂਵਾਲਿਆਂ ਅਤੇ ਪ੍ਰੋ: ਹਰਿੰਦਰ ਸਿੰਘ ਮਹਿਬੂਬ ਜਿਹੇ ਵਿਦਵਾਨਾਂ ਅਤੇ ਗੁਰਮੁਖਾਂ ਦੇ ਬੋਲਾਂ ਤੋਂ ਸੇਧ ਲੈਣ ਦੀ ਲੋੜ ਹੈ। ਗੁਰੂ ਖ਼ਾਲਸਾ ਪੰਥ ਨੂੰ ਬੇਨਤੀ ਹੈ ਕਿ ਇਸ ਰਾਹ ਬਾਰੇ ਗੰਭੀਰ ਤੌਰ 'ਤੇ ਚਿੰਤਨ ਕਰਕੇ ਗੁਰਮਤਾ ਪਕਾਉਣਾ ਚਾਹੀਦਾ ਹੈ ਅਤੇ ਸਿੱਖ ਇਤਿਹਾਸ ਦੀ ਨਕਲ ਹਰ ਰੂਪ ਵਿੱਚ ਮੁਕੰਮਲ ਬੰਦ ਕਰਨੀ ਚਾਹੀਦੀ ਹੈ।

# ਸਿੱਧੂ ਮੂਸੇਵਾਲਾ ਦਾ ਗੀਤ 'ਅਟੈਚ' ਹੋਇਆ ਰਿਲੀਜ਼

## ਇੱਕ ਮਿੰਟ 'ਚ 1 ਲੱਖ ਵਿਊਜ਼ ਮਿਲੇ






ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਗੀਤ 'ਅਟੈਚ' ਰਿਲੀਜ਼ ਹੋ ਗਿਆ ਹੈ। ਇਸ ਗੀਤ ਨੂੰ 1 ਮਿੰਟ 'ਚ 1 ਲੱਖ ਵਿਊਜ਼ ਮਿਲੇ ਅਤੇ ਪੰਜ ਘੰਟਿਆਂ ਵਿੱਚ ਇਸ ਗੀਤ ਨੂੰ 27 ਲੱਖ ਲੋਕਾਂ ਨੇ ਦੇਖਿਆ ਹੈ। ਸਿੱਧੂ ਦੇ ਪ੍ਰਸ਼ੰਸਕ ਹਮੇਸ਼ਾ ਹੀ ਉਨ੍ਹਾਂ ਦੇ ਗੀਤਾਂ ਦਾ ਬੇਸਬਰੀ ਨਾਲ ਇੰਤਜ਼ਾਰ ਕਰਦੇ ਹਨ। ਇਹ ਸ਼ੁਭਦੀਪ ਸਿੰਘ ਸਿੱਧੂ ਦਾ ਉਨ੍ਹਾਂ ਦੀ ਮੌਤ ਤੋਂ ਬਾਅਦ ਰਿਲੀਜ਼ ਹੋਇਆ 8ਵਾਂ ਗੀਤ ਹੈ। ਇਸ ਨਵੇਂ ਗੀਤ ਦੀ ਜਾਣਕਾਰੀ ਸਿੱਧੂ ਮੂਸੇਵਾਲਾ ਦੇ ਇੰਸਟਾਗ੍ਰਾਮ ਅਕਾਊਂਟ 'ਤੇ ਦਿੱਤੀ ਗਈ ਸੀ। ਇਸ ਗੀਤ ਵਿੱਚ ਸਟੀਲ ਬੈਂਗਲਸ ਅਤੇ ਬ੍ਰਿਟਿਸ਼ ਰੈਪਰ ਫਰੈਡੋ ਨੇ ਹਿੱਪ-ਹੋਪ ਕੀਤਾ ਹੈ। ਜ਼ਿਕਰਯੋਗ ਹੈ ਕਿ ਸਿੱਧੂ ਮੂਸੇਵਾਲਾ ਦਾ 29 ਮਈ 2022 ਨੂੰ ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿੱਚ ਕਤਲ ਕਰ ਦਿੱਤਾ ਗਿਆ ਸੀ।

ਯੂਟਿਊਬ 'ਤੇ ਸਿੱਧੂ ਮੂਸੇਵਾਲਾ ਦੇ ਵੱਡੀ ਗਿਣਤੀ ਪ੍ਰਸ਼ੰਸਕਾਂ ਵੱਲੋਂ ਉਸਨੂੰ ਯਾਦ ਕਰਦਿਆਂ ਭਾਵਨਾਤਮਕ ਕੁਮੈਂਟ ਅਤੇ ਸੰਦੇਸ਼ ਸਾਂਝੇ ਕੀਤੇ ਗਏ ਹਨ।

# 'ਬੀਬੀ ਰਜਨੀ' ਦੇਖ ਪੰਜਾਬੀ ਸਿਨੇਮਾ 'ਤੇ ਮਾਣ ਮਹਿਸੂਸ ਹੋਵੇਗਾ

ਪੰਜਾਬੀ ਫ਼ਿਲਮ 'ਬੀਬੀ ਰਜਨੀ' ਅੱਜ ਦੁਨੀਆਂ ਭਰ 'ਚ ਰਿਲੀਜ਼ ਹੋ ਗਈ ਹੈ। ਇਸ ਫ਼ਿਲਮ 'ਚ ਰੂਪੀ ਗਿੱਲ, ਜੱਸ ਬਾਜਵਾ, ਯੋਗਰਾਜ ਸਿੰਘ, ਗੁਰਪ੍ਰੀਤ ਘੁੱਗੀ, ਜਰਨੈਲ ਸਿੰਘ, ਬੀ. ਐੱਨ. ਸ਼ਰਮਾ ਤੇ ਸੀਮਾ ਕੌਸ਼ਲ ਸਮੇਤ ਕਈ ਸਿਤਾਰੇ ਅਹਿਮ ਭੂਮਿਕਾ ਨਿਭਾਅ ਰਹੇ ਹਨ। ਇਸ ਫ਼ਿਲਮ ਨੂੰ ਅਮਰ ਹੁੰਦਲ ਨੇ ਡਾਇਰੈਕਟ ਕੀਤਾ ਹੈ, ਜੋ ਪਿੰਕੀ ਧਾਲੀਵਾਲ ਤੇ ਨਿਤਿਨ ਤਲਵਾਰ ਵਲੋਂ ਪ੍ਰੋਡਿਊਸ ਕੀਤੀ ਗਈ ਹੈ। ਫ਼ਿਲਮ ਸਬੰਧੀ ਰੂਪੀ ਗਿੱਲ, ਜੱਸ ਬਾਜਵਾ ਤੇ ਜਰਨੈਲ ਸਿੰਘ ਨਾਲ ਗੱਲਬਾਤ ਕੀਤੀ ਗਈ, ਪੇਸ਼ ਹਨ ਗੱਲਬਾਤ ਦੇ ਮੁੱਖ ਅੰਸ਼-

**ਸਵਾਲ- 'ਬੀਬੀ ਰਜਨੀ' ਦਾ ਕਿਰਦਾਰ ਨਿਭਾਉਣ ਲਈ ਖ਼ੁਦ 'ਤੇ ਕਿੰਨਾ ਭਰੋਸਾ ਸੀ ?**

ਰੂਪੀ ਗਿੱਲ- ਮੈਨੂੰ ਖ਼ੁਦ 'ਤੇ ਬਿਲਕੁਲ ਭਰੋਸਾ ਨਹੀਂ ਸੀ। ਉਂਝ ਵੀ ਮੈਨੂੰ ਕੋਈ ਵੀ ਕਿਰਦਾਰ ਹੋਵੇ, ਉਸ ਨੂੰ ਨਿਭਾਉਣ ਲਈ ਪਹਿਲਾਂ-ਪਹਿਲਾਂ ਆਤਮ ਵਿਸ਼ਵਾਸ 'ਚ ਨਹੀਂ ਹੁੰਦੀ। ਇੱਕ ਇਨਸਾਨ ਵਜੋਂ ਵੀ ਮੈਂ ਇੰਨੀ ਆਤਮ ਵਿਸ਼ਵਾਸ 'ਚ ਨਹੀਂ ਰਹਿੰਦੀ ਪਰ ਜਿਹੜੀ ਟੀਮ ਨੇ ਮੈਨੂੰ ਇਸ ਫ਼ਿਲਮ ਲਈ ਫੋਨ ਕੀਤਾ ਸੀ, ਉਸ 'ਤੇ ਮੈਨੂੰ ਪੂਰਾ ਭਰੋਸਾ ਸੀ।

**ਸਵਾਲ- ਇਤਿਹਾਸਕ ਫ਼ਿਲਮਾਂ ਦੇ ਦੌਰ ਨੂੰ ਤੁਸੀਂ ਕਿਵੇਂ ਦੇਖਦੇ ਹੋ ?**

ਜੱਸ ਬਾਜਵਾ- ਪਿਛਲੀਆਂ ਕੁਝ ਇਤਿਹਾਸਕ ਫ਼ਿਲਮਾਂ ਨਹੀਂ ਚੱਲੀਆਂ ਕਿਉਂਕਿ ਲੋਕਾਂ ਨੂੰ ਆਸਾਂ ਬਹੁਤ ਹੁੰਦੀਆਂ ਹਨ। ਸਾਡੇ ਇਤਿਹਾਸ 'ਤੇ ਫ਼ਿਲਮ ਹੈ ਤੇ ਅਸੀਂ ਆਪਣੇ ਬੱਚਿਆਂ ਨੂੰ ਆਪਣੇ ਬਜ਼ੁਰਗਾਂ ਨੂੰ, ਜਿਹੜੇ ਨਹੀਂ ਵੀ ਤੁਰ-ਫਿਰ ਸਕਦੇ, ਉਨ੍ਹਾਂ ਨੂੰ ਵੀ ਉਹ ਸਿਨੇਮਾਘਰਾਂ 'ਚ ਲੈ ਕੇ ਜਾਂਦੇ ਹਨ ਕਿ ਕੁਝ ਇਨ੍ਹਾਂ ਦੇ ਮਤਲਬ ਦਾ ਆਇਆ ਤੇ ਉਨ੍ਹਾਂ ਦੇ ਦਿਲ ਨੂੰ ਵੀ ਇਸ ਚੀਜ਼ ਨੂੰ ਦੇਖ ਕੇ ਖ਼ੁਸ਼ੀ ਹੋਵੇਗੀ।






ਇਤਿਹਾਸ ਨੂੰ ਦਿਖਾਉਣਾ ਆਪਣੇ ਆਪ 'ਚ ਸੂਈ 'ਚ ਨੱਕੇ ਵਾਲਾ ਕੰਮ ਹੁੰਦਾ ਹੈ।

**ਸਵਾਲ- ਬਾਕੀ ਫ਼ਿਲਮਾਂ ਨਾਲੋਂ 'ਬੀਬੀ ਰਜਨੀ' ਕਿਵੇਂ ਵੱਖ ਹੈ ?**

ਜੱਸ- ਮੈਂ ਫ਼ਿਲਮ ਦਾ ਫਰਸਟ ਕੱਟ ਦੇਖਿਆ ਹੈ ਤੇ ਮੈਂ ਇਹ ਦਾਅਵੇ ਨਾਲ ਗੱਲ ਕਹਿ ਸਕਦਾ ਹਾਂ ਕਿ 'ਬੀਬੀ ਰਜਨੀ' ਦੇਖ ਕੇ ਦਰਸ਼ਕ ਮਾਣ ਮਹਿਸੂਸ ਕਰਨਗੇ। ਅੱਜ ਪੰਜਾਬੀ ਸਿਨੇਮਾ ਕਿੱਥੋਂ ਸ਼ੁਰੂ ਹੋ ਕੇ ਕਿੱਥੇ ਪਹੁੰਚ ਚੁੱਕਿਆ ਹੈ। ਮੈਨੂੰ ਲੱਗਦਾ ਹੈ ਕਿ ਟੈਕਨੀਕਲ ਪੱਖੋਂ 'ਬੀਬੀ ਰਜਨੀ' ਪੰਜਾਬੀ ਸਿਨੇਮਾ ਦੀ ਬੈਸਟ ਫ਼ਿਲਮ ਹੋਣ ਵਾਲੀ ਹੈ।

**ਸਵਾਲ- ਕਲਾਕਾਰਾਂ ਨੂੰ ਲੈ ਕੇ ਤੁਹਾਡਾ ਕੀ ਕਹਿਣਾ ਹੈ ?**

ਜਰਨੈਲ ਸਿੰਘ- ਕਲਾਕਾਰ ਪਾਣੀ ਵਾਂਗ ਹੁੰਦਾ ਹੈ, ਕਿਸੇ ਨੇ ਜਗ 'ਚ ਪਾ ਲੈਣਾ, ਕਿਸੇ ਨੇ ਗਲਾਸ 'ਚ ਤਾਂ ਕਿਸੇ ਨੇ ਕੌਲੀ 'ਚ। ਉਸ ਨੂੰ ਜਿਸ ਤਰ੍ਹਾਂ ਦਾ ਚਾਹੋਗੇ, ਉਸ ਨੇ ਉਸੇ ਤਰ੍ਹਾਂ ਦਾ ਹੋ ਜਾਣਾ। 'ਬੀਬੀ ਰਜਨੀ' ਫ਼ਿਲਮ 'ਚ ਕਿਸੇ ਨੂੰ ਸਿਫਾਰਿਸ਼ ਦੇ ਤੌਰ 'ਤੇ ਨਹੀਂ ਲਿਆ ਗਿਆ, ਜਿਹੜਾ ਕਿਰਦਾਰ ਜਿੱਥੇ ਫਿੱਟ ਹੁੰਦਾ ਸੀ, ਉਹ ਉਸੇ ਨੂੰ ਦਿੱਤਾ ਗਿਆ। ਨਾਲ ਹੀ ਕਲਾਕਾਰ ਉਹ ਮੂਰਤੀ ਹੈ, ਜਿਹੜੀ ਮਰਦੇ ਦਮ ਤਕ ਤਰਾਸ਼ੀ ਜਾਂਦੀ ਹੈ।

**ਸਵਾਲ- ਇੰਡਸਟਰੀ 'ਚ ਕਿਵੇਂ ਦਾ ਮਾਹੌਲ ਰਹਿੰਦਾ ਹੈ ?**

ਰੂਪੀ- ਜਿੱਥੇ ਨੈਗੇਟੀਵਿਟੀ ਹੈ, ਉੱਥੇ ਪਾਜ਼ੇਟੀਵਿਟੀ ਵੀ ਹੁੰਦੀ ਹੈ। ਵੱਖ-ਵੱਖ ਤਰ੍ਹਾਂ ਦੇ ਲੋਕ ਹਨ। ਸਾਰਿਆਂ ਦਾ ਅਲੱਗ ਸੁਭਾਅ ਹੁੰਦਾ ਹੈ। ਸਾਰਿਆਂ ਦੇ ਕਰਮ ਵੱਖਰੇ ਹਨ ਤਜਰਬੇ ਵੱਖਰੇ ਹਨ ਪਰ ਇੰਡਸਟਰੀ 'ਚ ਜਿੰਨੇ ਵੀ ਮੇਰੇ ਸਹਿ-ਕਲਾਕਾਰ ਰਹੇ ਹਨ, ਮੈਂ ਕਿਸੇ 'ਚ ਵੀ ਹੰਕਾਰ ਨਹੀਂ ਦੇਖਿਆ। ਸਾਰੇ ਕੰਮ ਦੀ ਇੱਜ਼ਤ ਕਰਦੇ ਹਨ ਤੇ ਇੱਕ-ਦੂਜੇ ਦੀ ਵੀ।

**ਸਵਾਲ- ਤੁਹਾਨੂੰ ਲੱਗਦਾ ਹੈ ਕਿ ਜਿਸ ਤਰ੍ਹਾਂ ਦਾ ਮਾਣ-ਸਤਿਕਾਰ 'ਬੀਬੀ ਰਜਨੀ' ਨੂੰ ਮਿਲਣਾ ਚਾਹੀਦਾ, ਉਹ ਅਜੇ ਤਕ ਨਹੀਂ ਮਿਲਿਆ ?**

ਜੱਸ- ਦੇਖੋ ਸਿਨੇਮਾ ਇੱਕ ਮਾਧਿਅਮ ਹੈ, ਜਿਸ ਰਾਹੀਂ ਬਹੁਤ ਵੱਡਾ ਸੁਨੇਹਾ ਦਿੱਤਾ ਜਾ ਸਕਦਾ ਹੈ। ਹੌਲੀ-ਹੌਲੀ ਸਾਡਾ ਇਤਿਹਾਸ ਅੱਖੋਂ-ਪਰੋਖੇ ਹੋ ਰਿਹਾ ਹੈ। ਹੌਲੀ-ਹੌਲੀ ਟੁੱਟਦੇ-ਟੁੱਟਦੇ ਅੱਜ ਇਹ ਦੱਸਣਾ ਪੈ ਰਿਹਾ ਹੈ ਕਿ 'ਬੀਬੀ ਰਜਨੀ' ਕੌਣ ਸਨ। ਹੋਣਾ ਇਹ ਚਾਹੀਦਾ ਹੈ ਕਿ ਜਿੱਥੇ 'ਬੀਬੀ ਰਜਨੀ' ਦਾ ਨਾਂ ਲਿਆ ਜਾਵੇ, ਉੱਥੇ ਬਹੁਤ ਹੀ ਇੱਜ਼ਤ-ਮਾਣ ਨਾਲ ਲਿਆ ਜਾਵੇ। ਸ੍ਰੀ ਹਰਿਮੰਦਰ ਸਾਹਿਬ 'ਚ ਦੁੱਖ ਭੰਜਨੀ ਬੇਰੀ ਉਨ੍ਹਾਂ ਦੇ ਨਾਲ ਹੀ ਜੁੜੀ ਹੈ। ਸ੍ਰੀ ਹਰਿਮੰਦਰ ਸਾਹਿਬ ਤੋਂ ਉੱਪਰ ਤਾਂ ਸਾਡੇ ਲਈ ਦੁਨੀਆਂ 'ਚ ਕੁਝ ਵੀ ਨਹੀਂ ਹੈ।

# 13 ਸਤੰਬਰ ਨੂੰ ਰਿਲੀਜ਼ ਹੋਵੇਗੀ ਫ਼ਿਲਮ 'ਅਰਦਾਸ ਸਰਬੱਤ ਦੇ ਭਲੇ ਦੀ'

ਜਲੰਧਰ/ਏ.ਟੀ.ਨਿਊਜ਼ : ਸੁਪਰਸਟਾਰ ਗਿੱਪੀ ਗਰੇਵਾਲ ਦੀ ਫ਼ਿਲਮ 'ਅਰਦਾਸ ਸਰਬੱਤ ਦੇ ਭਲੇ ਦੀ' 13 ਸਤੰਬਰ ਨੂੰ ਰਿਲੀਜ਼ ਹੋਣ ਜਾ ਰਹੀ ਹੈ। ਫ਼ਿਲਮ ਦੀ ਟੀਮ ਇਸ ਫ਼ਿਲਮ ਦੀ ਦੇਸ਼ਾਂ-ਵਿਦੇਸ਼ਾਂ ਵਿੱਚ ਪ੍ਰਮੋਸ਼ਨ ਕਰ ਰਹੀ ਹੈ ਅਤੇ ਆਸਟ੍ਰੇਲੀਆ, ਯੂਕੇ, ਅਮਰੀਕਾ ਅਤੇ ਕੈਨੇਡਾ ਵਿੱਚ ਫ਼ਿਲਮ ਦੀ ਪ੍ਰਮੋਸ਼ਨ ਕੀਤੀ ਜਾ ਰਹੀ ਹੈ। 'ਅਰਦਾਸ ਸਰਬੱਤ ਦੇ ਭਲੇ ਦੀ' ਫ਼ਿਲਮ 'ਅਰਦਾਸ' ਦਾ ਤੀਜਾ ਪਾਰਟ ਹੈ। ਨਿਰਮਾਤਾ ਇਸ ਫ਼ਿਲਮ ਨੂੰ ਪ੍ਰਭਾਵ ਨਾਲ ਰਿਲੀਜ਼ ਕਰਨ ਲਈ ਉਤਸ਼ਾਹਿਤ ਹਨ।




ਇਹ ਫ਼ਿਲਮ ਆਸਟ੍ਰੇਲੀਆ, ਕੈਨੇਡਾ, ਅਮਰੀਕਾ ਅਤੇ ਯੂ.ਕੇ. ਸਮੇਤ ਪ੍ਰਮੁੱਖ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਰਿਲੀਜ਼ ਹੋਣ ਲਈ ਤਿਆਰ ਹੈ, ਇਸ ਲਈ ਜਦੋਂ ਡਿਸਟ੍ਰੀਬਿਊਸ਼ਨ ਟੀਮ ਰਿਲੀਜ਼ ਨੂੰ (ਬਾਕੀ ਸਫ਼ਾ 31 'ਤੇ)

## ਕੈਨੇਡਾ ’ਚ ਹੁਣ ਵਿਦਿਆਰਥੀ ਹਫ਼ਤੇ ਵਿੱਚ ਸਿਰਫ਼

ਵਿਦਿਆਰਥੀਆਂ ਨੂੰ ਹਫ਼ਤੇ ਵਿੱਚ 24 ਘੰਟੇ ਕੰਮ ਕਰਨ ਦੀ ਇਜਾਜ਼ਤ ਦੇਣ ਦਾ ਮਤਲਬ ਹੈ ਕਿ ਉਹ ਆਪਣੀ ਪੜ੍ਹਾਈ ’ਤੇ ਧਿਆਨ ਨਹੀ ਦੇ ਸਕਦੇ ਹਨ।’ ਕੈਂਪਸ ਤੋਂ ਬਾਹਰ ਕੰਮ ਕਰਨ ਨਾਲ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੰਮ ਦਾ ਤਜਰਬਾ ਹਾਸਲ ਕਰਨ ਅਤੇ ਆਪਣੇ ਲਈ ਭੁਗਤਾਨ ਕਰਨ ਵਿੱਚ ਮਦਦ ਮਿਲਦੀ ਹੈ। ਭਾਰਤੀ ਵਿਦਿਆਰਥੀਆਂ ਨੂੰ ਟੋਰਾਂਟੋ ਵਰਗੇ ਮਹਿੰਗੇ ਸ਼ਹਿਰਾਂ ਵਿੱਚ ਰਹਿਣ-ਸਹਿਣ ਦੇ ਖਰਚਿਆਂ ਨੂੰ ਬਰਦਾਸ਼ਤ ਕਰਨਾ ਹੁਣ ਬਹੁਤ ਮੁਸ਼ਕਿਲ ਹੋਵੇਗਾ ਕਿਉਂਕਿ ਕੈਨੇਡਾ ਸਿਰਫ਼ 24 ਘੰਟੇ ਕੰਮ ਕਰਨ ਵਾਲੇ ਹਫ਼ਤੇ ਦੇ ਨਿਯਮ ਨੂੰ ਲਾਗੂ ਕਰਦਾ ਹੈ। ਆਸਟ੍ਰੇਲੀਆ ਅਤੇ ਸੰਯੁਕਤ ਰਾਜ ਨੇ ਕੰਮ ਦੇ ਘੰਟਿਆਂ ’ਤੇ ਵੀ ਸੀਮਾਵਾਂ ਨਿਰਧਾਰਤ ਕੀਤੀਆਂ ਹਨ ਕਿ ਜਿਹੜੇ ਵਿਦਿਆਰਥੀ ਪ੍ਰਤੀ ਹਫ਼ਤੇ 28 ਘੰਟੇ ਤੋਂ ਵੱਧ ਕੰਮ ਕਰਦੇ ਹਨ, ਉਹ ਸਿੱਖਣ ਵਿੱਚ ਅਸਮਰਥਤਾ ਦਾ ਸ਼ਿਕਾਰ ਹੁੰਦੇ ਹਨ। ਬਹੁਤੇ ਦੇਸ਼ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਪੜ੍ਹਾਈ ਦੌਰਾਨ ਕੰਮ ਕਰਨ ਦੇ ਘੰਟਿਆਂ ਦੀ ਗਿਣਤੀ ਨੂੰ ਸੀਮਤ ਕਰਦੇ ਹਨ। ਆਸਟ੍ਰੇਲੀਆ ਨੇ ਵੀ ਹਾਲ ਹੀ ਵਿੱਚ ਆਪਣੀ ਨੀਤੀ ਵਿੱਚ ਬਦਲਾਅ ਕੀਤਾ ਹੈ। ਇੱਥੇ ਹਰ ਵਿਦਿਆਰਥੀ ਨੂੰ ਦੋ ਹਫ਼ਤਿਆਂ ਵਿੱਚ 48 ਘੰਟੇ ਕੰਮ ਕਰਨ ਦੀ ਇਜਾਜ਼ਤ ਹੈ। ਅਮਰੀਕਾ ਵਿੱਚ ਵੀ, ਵਿਦਿਆਰਥੀਆਂ ਨੂੰ ਕੈਂਪਸ ਤੋਂ ਬਾਹਰ ਕੰਮ ਕਰਨ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਵਾਧੂ ਮਾਪਦੰਡ ਪੂਰੇ ਕਰਨੇ ਪੈਂਦੇ ਹਨ।

****

## ਮੋਦੀ ਸਰਕਾਰ ਨੇ ਨਵੇਂ ਫ਼ੌਜਦਾਰੀ ਕਾਨੂੰਨਾਂ

ਜ਼ਿਆਦਾਤਰ ਜੇਲ੍ਹ ਮੈਨੂਅਲ ਅਜੇ ਵੀ 1894 ਦੇ ਜੇਲ੍ਹ ਐਕਟ ’ਤੇ ਅਧਾਰਤ ਹਨ। ਜੇਲ੍ਹਾਂ ਵਿੱਚ ਭੀੜ ਭੜਕੇ ਦਾ ਇੱਕ ਮੁੱਖ ਕਾਰਨ ਅਦਾਲਤੀ ਕੇਸਾਂ ਦਾ ਲੰਬਤ ਹੋਣਾ ਹੈ। ਭਾਰਤ ਵਿੱਚ 3 ਕਰੋੜ ਤੋਂ ਵਧੇਰੇ ਕੇਸ ਅਦਾਲਤਾਂ ਵਿੱਚ ਲੰਬਤ ਹਨ। ਇਨ੍ਹਾਂ ਕੇਸਾਂ ਨਾਲ ਨਜਿੱਠਣ ਲਈ ਭਾਰਤ ਵਿੱਚ ਜੱਜਾਂ ਦੀ ਗਿਣਤੀ ਤੁਲਨਾਤਮਕ ਤੌਰ ’ਤੇ ਬਹੁਤ ਘੱਟ ਹੈ। ਮੁਕੱਦਮੇ ਤੋਂ ਪਹਿਲਾਂ ਦੇ ਬਹੁਤ ਸਾਰੇ ਨਜ਼ਰਬੰਦ ਗਰੀਬ ਅਤੇ ਪਛੜੇ ਵਰਗਾਂ ਨਾਲ ਸੰਬੰਧਿਤ ਹੁੰਦੇ ਹਨ। ਬਹੁਤ ਸਾਰੇ ਨਜ਼ਰਬੰਦ ਅਨਪੜ੍ਹ ਹਨ ਜੋ ਆਪਣੇ ਅਧਿਕਾਰਾਂ ਤੋਂ ਪੂਰੀ ਤਰ੍ਹਾਂ ਅਣਜਾਣ ਹਨ। ਲਗਭਗ 71% ਪ੍ਰੀ ਟਰਾਇਲ ਨਜ਼ਰਬੰਦ ਅਨਪੜ੍ਹ ਹਨ।

ਅਦਾਲਤਾਂ ਵਿੱਚ ਫੌਜਦਾਰੀ ਲੰਬਤ ਕੇਸ ਅਤੇ ਜੇਲ੍ਹਾਂ ਵਿੱਚ ਫੌਜਦਾਰੀ ਕਾਨੂੰਨਾਂ ਅਧੀਨ ਬੰਦ ਕੈਦੀਆਂ ਦੇ ਵੇਰਵੇ ਦੇਣ ਦਾ ਸਾਡਾ ਮਕਸਦ ਸਰਕਾਰਾਂ ਪਾਸੋਂ ਇਹ ਸਪਸ਼ਟ ਕਰਵਾਉਣਾ ਹੈ ਕਿ ਤਿੰਨ ਨਵੇਂ ਫੌਜਦਾਰੀ ਕਾਨੂੰਨ ਪਹਿਲੀ ਜੁਲਾਈ 2024 ਤੋਂ ਲਾਗੂ ਕਰਵਾਉਣ ਨਾਲ ਭਾਰਤ ਦੀਆਂ ਅਦਾਲਤਾਂ 3 ਕਰੋੜ ਤੋਂ ਵਧੇਰੇ ਫੌਜਦਾਰੀ ਕੇਸਾਂ ਦਾ ਕੀ ਬਣੇਗਾ। ਕੀ ਨਵੇਂ ਫੌਜਦਾਰੀ ਕਾਨੂੰਨਾਂ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਨਵੇਂ ਕਾਨੂੰਨਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਨਾਲ ਅਦਾਲਤਾਂ ਅਤੇ ਜੇਲ੍ਹਾਂ ਵਿੱਚ ਦੋਸ਼ੀਆਂ ਦਾ ਭੀੜ ਭੜਕਾ ਘਟੇਗਾ। ਕੀ ਲੋਕਾਂ ਨੂੰ ਸਮੇਂ ਸਿਰ ਨਿਆਂ ਮਿਲੇਗਾ?

ਕਾਨੂੰਨ ਮਾਹਿਰਾਂ ਦਾ ਕਹਿਣਾ ਹੈ ਕਿ ਤਿੰਨ ਨਵੇਂ ਫੌਜਦਾਰੀ ਕਾਨੂੰਨਾਂ - ਭਾਰਤੀਆਂ ਨਿਆਂ ਸੰਹਿਤਾ, ਭਾਰਤੀਆਂ ਨਾਗਰਿਕ ਸੁਰਖ਼ਸ਼ਾ ਸੰਹਿਤਾ ਅਤੇ ਭਾਰਤੀਆਂ ਸਾਕਸ਼ੀਆ ਅਧਿਨਿਯਮ ਵਿੱਚ ਇੰਡੀਅਨ ਪੀਨਲ ਕੋਡ 1860, ਕਰੀਮੀਨਲ ਪ੍ਰੋਜੀਸਰਲ ਕੋਡ 1973 ਅਤੇ ਇੰਡੀਅਨ ਐਵੀਡੇਂਸ (ਸਬੂਤ / ਗਵਾਹੀ) ਐਕਟ 1872 ਦੇ 80% ਸੈਕਸ਼ਨਾਂ ਨੂੰ ਪਹਿਲਾ ਦੀ ਤਰ੍ਹਾਂ ਹੀ ਬਹਾਲ ਰੱਖਿਆ ਗਿਆ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਨਵੇਂ ਫੌਜਦਾਰੀ ਕਾਨੂੰਨਾਂ ਨੂੰ ਲਾਗੂ ਕਰਨਾ ਭਾਰਤ ਦੀ ਸੁਪਰੀਮ ਕੋਰਟ ਵੱਲੋਂ ਪ੍ਰਭਾਸ਼ਿਤ ਕੀਤੇ ਗਏ ਅਧਿਕਾਰਾਂ ਨੂੰ ਪਲਟਾਉਣ ਦਾ ਇੱਕ ਯਤਨ ਹੈ। ਨਵੇਂ ਕਾਨੂੰਨ ਨੂੰ ਲਾਗੂ ਕਰਨ ਵਾਲੀਆਂ ਸੰਸਥਾਵਾਂ ਅਤੇ ਕਰਮੀ (ਜੱਜ ਵਕੀਲ, ਪੁਲਿਸ ਆਦਿ) ਲਗਦਾ ਹੈ ਕਿ ਅਜੇ ਵਿਹਾਰਕ ਤੌਰ ’ਤੇ ਅਤੇ ਸੰਸਥਾਗਤ ਤੌਰ ’ਤੇ ਤਿਆਰ ਨਹੀਂ ਹਨ ਅਤੇ ਨਾ ਹੀ ਉਨ੍ਹਾਂ ਪਾਸ ਇਸ ਕਾਨੂੰਨ ਨੂੰ ਲਾਗੂ ਕਰਨ ਲਈ ਲੋੜੀਂਦਾ ਸਾਜ਼ੋ ਸਮਾਨ, ਸਿਖਲਾਈ ਅਤੇ ਮਾਨਵੀ ਸਾਧਨ ਉਪਲਬਧ ਹਨ। ਕਾਹਲੀ ਨਾਲ ਪਾਸ ਕੀਤੇ ਗਏ ਨਵੇਂ ਤਿੰਨ ਕਾਨੂੰਨ ਅਤੇ ਕਾਹਲੀ ਨਾਲ ਬਿਨਾਂ ਲੋੜੀਂਦੀ ਤਿਆਰੀ ਅਤੇ ਸਿਖਲਾਈ ਦੇ ਲਾਗੂ ਕੀਤੇ ਜਾ ਰਹੇ ਕਾਨੂੰਨ, ਕਾਨੂੰਨੀ ਪਚੀਦਗੀਆਂ ਅਤੇ ਨਿਆਂ ਪ੍ਰਕ੍ਰਿਆ ਨੂੰ ਹੋਰ ਜਟਿਲ ਬਣਾ ਸਕਦੇ ਹਨ। ਲਗਦਾ ਹੈ ਕਿ ਇਹ ਨਵੇਂ ਕਾਨੂੰਨ ਲੋਕ ਸਭਾ ਦੀਆਂ ਚੋਣਾਂ 2024 ਨੂੰ ਮੱਦੇ ਨਜ਼ਰ ਰੱਖਕੇ ਕਾਹਲੀ ਨਾਲ ਪਾਸ ਕਰਨੇ ਲਾਗੂ ਕੀਤੇ ਜਾ ਰਹੇ ਹਨ। ਵਿਰੋਧੀ ਸਿਆਸੀ ਧਿਰਾਂ ਅਤੇ ਸਰਕਾਰ ਦੇ ਆਲੋਚਕਾਂ ਦਾ ਖਦਸ਼ਾ ਹੈ ਕਿ ਇਹ ਤਿੰਨੇ ਕਾਨੂੰਨ ਕੇਂਦਰ ਸਰਕਾਰ ਅਤੇ ਹੁਕਮਰਾਨ ਪਾਰਟੀ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਵਰਤੇਗੀ। ਇਨ੍ਹਾਂ ਨਵੇਂ ਫੌਜਦਾਰੀ ਕਾਨੂੰਨਾਂ ਸੰਬੰਧੀ ਜਨਤਕ ਸਫ਼ਾਂ ਵਿੱਚ ਸਵਾਲ ਉੱਠਣੇ ਲਾਜ਼ਮੀ ਕਿ ਨਵੇਂ ਫੌਜਦਾਰੀ ਕਾਨੂੰਨਾਂ ਲਈ ਮੋਦੀ ਸਰਕਾਰ ਨੇ ਜਲਦਬਾਜ਼ੀ ਕਿਉਂ ਕੀਤੀ?

****

## ਰਾਧਾ ਸਵਾਮੀਆਂ ਦੀ ਗੁਰਗੱਦੀ ਪਿੱਛੇ

ਸਵੇਰ ਵਾਲਾ ਬਿਆਨ ਬਾਬਾ ਗੁਰਿੰਦਰ ਸਿੰਘ ਵੱਲੋਂ ਜਾਰੀ ਹੋਇਆ ਦਸਿਆ ਗਿਆ ਸੀ। ਉਸ ਅਨੁਸਾਰ ਬਾਬੇ ਨੇ ਸੰਗਤਾਂ ਨੂੰ ਕਿਹਾ ਸੀ ਕਿ ਜਸਦੀਪ ਸਿੰਘ ਗਿਲ ਨੇ 2 ਸਤੰਬਰ ਤੋਂ ਡੇਰਾ ਮੁਖੀ ਦਾ ਚਾਰਜ ਸਾਂਭ ਲਿਆ ਹੈ। ਬਾਬਾ ਗੁਰਿੰਦਰ ਸਿੰਘ ਨੇ ਸੰਗਤਾਂ ਨੂੰ ਅਪੀਲ ਵੀ ਕੀਤੀ ਸੀ ਕਿ ਉਹ ਨਵੇਂ ਮੁਖੀ ਨੂੰ ਉਂਝ ਹੀ ਪਿਆਰ ਸਤਿਕਾਰ ਦੇਣ ਜਿਵੇਂ ਉਹ ਬਾਬੇ ਗੁਰਿੰਦਰ ਸਿੰਘ ਨੂੰ ਦਿੰਦੀਆਂ ਆ ਰਹੀਆਂ ਸਨ।

ਪਰ ਸ਼ਾਮ ਤਕ ਹਾਲਾਤ ਬਦਲ ਗਏ। ਸੀਕਰੀ ਨੇ ਦਰੁਸਤੀ ਕਰਦਿਆਂ ਦਸਿਆ ਕਿ ਬਾਬਾ ਗੁਰਿੰਦਰ ਸਿੰਘ ਢਿੱਲੋਂ ਸੰਤ ਸਤਗੁਰੂ ਦੀ ਉਪਾਧੀ ’ਤੇ ਕਾਇਮ ਰਹਿਣਗੇ, ਉਹੀ ਸੰਗਤਾਂ ਨੂੰ ਸੰਬੋਧਤ ਹੋਣਗੇ ਅਤੇ ਨਾਮ ਦਾਨ ਦਿੰਦੇ ਰਹਿਣਗੇ। ਜਸਦੀਪ ਸਿੰਘ ਗਿੱਲ ਤਦ ਹੀ ਮੁਖੀ ਬਣਨਗੇ ਜਦ ਬਾਬਾ ਢਿੱਲੋਂ ਚਾਰਜ ਛੱਡਣਗੇ। ਫਿਲਹਾਲ ਗਿੱਲ (ਇਸ ਸਲਤਨਤ ਦੇ) ਰਾਜ ਪ੍ਰਬੰਧਕ ਮਾਮਲੇ ਸਾਂਭਣਗੇ। ਵਿਸ਼ਾਲ ਜੁਗਾੜ, ਅਰਬਾਂ ਦੀ ਜਾਇਦਾਦ ਅਤੇ ਰਾਜਨੀਤਕ-ਧਾਰਮਿਕ ਮਹੱਤਵ ਕਾਰਨ, ਮੇਰੇ ਵਿਚਾਰ ਵਿੱਚ, ਇਹ ਵਿਸ਼ਵਾਸ ਕਰਨ ਦਾ ਕੋਈ ਕਾਰਨ ਨਹੀਂ ਕਿ ‘ਸੰਤ ਸਤਗੁਰੂ’ ਜਿਹੇ ਅਹਿਮ ਅਹੁਦੇ ਦਾ ਫੈਸਲਾ ਸੰਗਠਨ ਦਾ ਮਹਿਜ਼ ਅੰਦਰੂਨੀ ਮਾਮਲਾ ਹੋਵੇ। ਸਟੇਟ ਇਸ ਤੋਂ ਬਾਹਰ ਰਹਿ ਨਹੀਂ ਸਕਦੀ।

ਉਹ ਲਿਖਦੇ ਹਨ ਕਿ ਜਿਵੇਂ ਤਿਬਤੀ ਲਾਮਾ ਸੰਗਠਨ ਦੀ ਬਣਤਰ ਵਿੱਚ ਚੀਨ ਸਰਕਾਰ ਦਾ ਹੱਥ ਹੁੰਦਾ ਹੈ, ਇਸੇ ਤਰ੍ਹਾਂ ਭਾਰਤੀ ਸਟੇਟ ਸਭਨਾਂ ਧਾਰਮਿਕ ਸੰਸਥਾਵਾਂ, ਡੇਰਿਆਂ ਅਤੇ ਸ਼੍ਰੋਮਣੀ ਕਮੇਟੀ ਤਕ ਜਿਹੀਆਂ ਸੰਸਥਾਵਾਂ ਉੱਪਰ ਨਜ਼ਰਾਂ ਹੀ ਨਹੀਂ ਰਖਦੀ ਬਲਕਿ ਇਨ੍ਹਾਂ ਦੀ ਬਣਤਰ ਵਿੱਚ, ਜਿਥੋਂ ਤਕ ਸੰਭਵ ਹੁੰਦਾ ਹੈ, ਸਰਗਰਮ ਦਖਲ ਦਿੰਦੀ ਹੈ।

ਸੁਖਦੇਵ ਸਿੰਘ ਦਾ ਕਹਿਣਾ ਹੈ ਕਿ ਸੰਘ ਪਰਿਵਾਰ ਤਾਂ ਪੈਦਾ ਹੀ ਇਸ ਕੰਮ ਲਈ ਕੀਤਾ ਗਿਆ ਹੈ। ਰਾਧਾ ਸਵਾਮੀ ਸੰਗਠਨ ਹਿੰਦੂਤਵੀ ਮੰਚ ਦਾ ਬਹੁਤ ਸਿੱਕੇਬੰਦ ਅੱਡਾ ਹੈ। ਸਰਕਾਰਾਂ ਅੰਦਰ ਇਸ ਦਾ ਦਖਲ ਚਲਦਾ ਆਇਆ ਹੈ। ਇਸ ਸੰਗਠਨ ਅੰਦਰ ਸਰਕਾਰਾਂ ਦਾ ਰਕਾਣ ਬਣ ਕੇ ਬੈਠਣ ਦਾ ਹੱਕ ਕਿਉਂ ਨਾ ਹੋਵੇ!

***

## ‘ਆਪ’ ਸਰਕਾਰ ਨੇ ਗਰੀਨ ਟੈਕਸ ਪੰਜਾਬ

ਉਨ੍ਹਾਂ ਦੇ ਉੱਪਰ 100 ਕਰੋੜ ਰੁਪਏ ਦਾ ਗਰੀਨ ਟੈਕਸ ਲਗਾ ਕੇ ਵੀ ਰਾਜ ਦੇ ਵਾਤਾਵਰਣ ਨੂੰ ਸਾਫ਼ ਕਰਨ ਵਿਚ ਕੋਈ ਸੁਧਾਰ ਹੋ ਸਕੇਗਾ।

ਸ਼ਹਿਰਾਂ ਵਿੱਚ ਆਵਾਰਾ ਪਸ਼ੂਆਂ ਦੀ ਅਜੇ ਵੀ ਸੰਭਾਲ ਨਾ ਕਰਨ ਕਰਕੇ ਕਈ ਲੋਕਾਂ ਨੂੰ ਇਹ ਸ਼ੰਕਾ ਹੈ ਕਿ ਅਸਲ ਵਿੱਚ ਇਸ ਤਰ੍ਹਾਂ ਦੇ ਟੈਕਸ ਹੋਰ ਕੰਮਾਂ ’ਤੇ ਹੀ ਖ਼ਰਚ ਹੋ ਜਾਂਦੇ ਹਨ ਜਦਕਿ ਸਮੱਸਿਆਵਾਂ ਉੱਥੇ ਹੀ ਖੜ੍ਹੀਆਂ ਰਹਿੰਦੀਆਂ ਹਨ।

ਕੀ ਹੈ ਗ੍ਰੀਨ ਟੈਕਸ?

ਭਾਰਤ ਵਿੱਚ ਗ੍ਰੀਨ ਟੈਕਸ ਉਹਨਾਂ ਵਾਹਨਾਂ ਉੱਤੇ ਲੱਗਦਾ ਹੈ ਜੋ ਆਪਣੀ ਮਿਆਦ ਪੂਰੀ ਹੋਣ ਮਗਰੋਂ ਪ੍ਰਦੂਸ਼ਣ ਫੈਲਾਉਣ ਦੇ ਕਾਰਕ ਬਣ ਜਾਂਦੇ ਹਨ। ਅਕਸਰ ਇਹ ਦੇਖਿਆ ਜਾਂਦਾ ਕਿ ਪੁਰਾਣੇ ਮਾਡਲ ਵਾਲੇ ਵਾਹਨ ਪੁਰਾਣੇ ਇੰਜਣ ਕਰਕੇ ਜਾਂ ਕਿਸੇ ਹੋਰ ਖ਼ਰਾਬੀ ਕਾਰਨ ਪ੍ਰਦੂਸ਼ਣ ਪੈਦਾ ਕਰਨ ਵਾਲੇ ਵੱਧ ਕਾਰਕ ਛੱਡਦੇ ਹਨ। ਇਸ ਲਈ ਇਹਨਾਂ ਵਾਹਨਾਂ ਨੂੰ ਸੜਕਾਂ ਉੱਤੇ ਘੁੰਮਣ ਲਈ ਜਾਂ ਤਾਂ ਗ੍ਰੀਨ ਟੈਕਸ ਦੇਣਾ ਪਵੇਗਾ ਜਾਂ ਫੇਰ ਕੂੜੇ ਦੇ ਡੱਬੇ ਵਿੱਚ ਜਾਣਾ ਪਵੇਗਾ। ਗ੍ਰੀਨ ਟੈਕਸ, ਮਿਆਦ ਪੂਰੀ ਕਰ ਚੁੱਕੇ ਵਾਹਨਾਂ ਉੱਤੇ ਲੱਗਦਾ ਹੈ, ਇਸਦਾ ਮਤਲਬ ਹੈ ਕਿ ਜਦੋਂ ਕਿਸੇ ਵਿਅਕਤੀ ਦੇ ਵਾਹਨ 15 ਸਾਲ ਦੀ ਮਿਆਦ ਪੂਰੀ ਹੋਣ ਮਗਰੋਂ ਮੁੜ ਸੜਕ ’ਤੇ ਚਲਾਉਣਾ ਹੈ ਤਾਂ ਉਸ ਨੂੰ ਗ੍ਰੀਨ ਟੈਕਸ ਦੇਣਾ ਪਵੇਗਾ। ਵਾਹਨ ਦੀ ਉਮਰ 15 ਸਾਲ ਪੂਰੇ ਹੋਣ ’ਤੇ ਮੁੜ ਵਾਹਨ ਦੀ ਰਜਿਸਟ੍ਰੇਸ਼ਨ ਕਰਵਾਉਣੀ ਪਵੇਗੀ ਤੇ ਗ੍ਰੀਨ ਟੈਕਸ ਅਦਾ ਕਰ ਕੇ ਪੰਜ ਸਾਲ ਤੱਕ ਹੋਰ ਵਾਹਨ ਨੂੰ ਸੜਕਾਂ ’ਤੇ ਚਲਾਇਆ ਜਾ ਸਕੇਗਾ। ਸੌਖੇ ਸ਼ਬਦਾਂ ਵਿੱਚ ਕਹੀਏ ਤਾਂ ਵਪਾਰਕ ਵਾਹਨਾਂ ’ਤੇ ਗ੍ਰੀਨ ਟੈਕਸ ਤਾਂ ਹੀ ਲਾਗੂ ਹੁੰਦਾ ਹੈ ਜੇਕਰ ਇੱਕ ਵਪਾਰਕ ਕਾਰ, ਟਰੱਕ, ਜਾਂ ਦੋਪਹੀਆ ਵਾਹਨ 8 ਸਾਲ ਤੋਂ ਵੱਧ ਪੁਰਾਣਾ ਹੈ। ਇਸੇ ਤਰ੍ਹਾਂ ਨਿੱਜੀ ਵਾਹਨ ਉੱਤੇ ਗ੍ਰੀਨ ਟੈਕਸ ਉਦੋਂ ਲੱਗੇਗਾ ਜਦੋਂ ਉਹ 15 ਸਾਲ ਤੋਂ ਵੱਧ ਪੁਰਾਣੇ ਹੋ ਜਾਣਗੇ।

ਹੋਰ ਕਿਹੜੇ ਸੂਬੇ ਲਾਗੂ ਕਰ ਚੁੱਕੇ ਨੇ ਗ੍ਰੀਨ ਟੈਕਸ?

ਪੰਜਾਬ ਤੋਂ ਪਹਿਲਾਂ ਹਿਮਾਚਲ ਪ੍ਰਦੇਸ਼, ਮਹਾਰਾਸ਼ਟਰ, ਗੋਆ ਅਤੇ ਤਾਮਿਲ ਨਾਡੂ ਵਿੱਚ ਵੀ ਗ੍ਰੀਨ ਟੈਕਸ ਲਾਗੂ ਕੀਤਾ ਗਿਆ ਹੈ। ਹਾਲਾਂਕਿ, ਹਰ ਸੂਬੇ ਦੇ ਵਿੱਚ ਪ੍ਰਦੂਸ਼ਣ ਦੇ ਹਿਸਾਬ ਨਾਲ ਟੈਕਸ ਦਰ ਘੱਟ-ਵੱਧ ਹੋ ਸਕਦਾ ਹੈ। ਟੈਕਸ, ਕਿਹੜੀਆਂ ਗੱਡੀਆਂ ਉੱਤੇ ਲੱਗਣਾ ਹੈ ਜਾਂ ਨਹੀਂ ਇਹ ਵੀ ਸੂਬਾ ਸਰਕਾਰਾਂ ਆਪਣੇ ਹਿਸਾਬ ਨਾਲ ਤੈਅ ਕਰਦੀਆਂ ਹਨ।

ਹਾਲਾਂਕਿ ਸਾਲ 2021 ਵਿੱਚ ਕੇਂਦਰ ਸਰਕਾਰ ਪੁਰਾਣੇ ਵਾਹਨਾਂ ਨੂੰ ਬੰਦ ਕਰਨ ਲਈ ਸਕਰੈਪ ਪਾਲਿਸੀ ਲਾਂਚ ਕਰ ਚੁੱਕੀ ਹੈ।

ਪਰ ਉਸ ਵੇਲੇ ਕੇਂਦਰ ਸਰਕਾਰ ਦੀ ਇਸ ਪਾਲਿਸੀ ਦਾ ਪੰਜਾਬ ਵਿੱਚ ਵਿਰੋਧ ਹੋਇਆ ਸੀ ਕਿਉਂਕਿ ਲੋਕ ਕਹਿੰਦੇ ਸਨ ਕਿ ਕੇਂਦਰ ਸਰਕਾਰ ਦੀ ਇਹ ਪਾਲਿਸੀ ਲੋਕਾਂ ਨੂੰ ਨਵੀਆਂ ਗੱਡੀਆਂ ਖਰੀਦਣ ਲਈ ਮਜਬੂਰ ਕਰਦੀ ਹੈ ਤੇ ਉਨ੍ਹਾਂ ਉੱਤੇ ਵਿੱਤੀ ਬੋਝ ਨੂੰ ਵਧਾਉਂਦੀ ਹੈ। ਪੰਜਾਬ ਵਿੱਚ ਸਕਰੈਪ ਪਾਲਿਸੀ ਦੀ ਚਰਚਾ ਤਾਂ ਹੋਈ ਪਰ ਕੋਈ ਜ਼ਿਆਦਾ ਅਸਰ ਨਹੀਂ ਦਿਖਿਆ। ਆਖ਼ਰ ਹੁਣ ਬੀਤੇ ਹਫਤੇ ਹੋਈ ਪੰਜਾਬ ਕੈਬਨਿਟ ਦੀ ਮੀਟਿੰਗ ਵਿੱਚ ਗ੍ਰੀਨ ਟੈਕਸ ਲਗਾਉਣ ਦੇ ਫ਼ੈਸਲੇ ਨੂੰ ਮਨਜ਼ੂਰੀ ਦੇ ਦਿੱਤੀ ਗਈ ਸੀ, ਜਿਸ ਨੂੰ ਹੁਣ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਵੀ ਮਨਜ਼ੂਰੀ ਦੇ ਦਿੱਤੀ ਗਈ ਹੈ। ਪੰਜਾਬ ਵਿੱਚ ਗ੍ਰੀਨ ਟੈਕਸ 1 ਸਤੰਬਰ 2024 ਤੋਂ ਲਾਗੂ ਹੋ ਚੁਕਾ ਹੈ। ਜੋ 15 ਸਾਲ ਪੁਰਾਣੇ ਮੋਟਰਸਾਈਕਲ ਜਾਂ ਗੱਡੀ ਨੂੰ ਸੜਕਾਂ ’ਤੇ ਚਲਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਇੱਕ ਹੋਰ ਨਵਾਂ ਟੈਕਸ ਭਰਨਾ ਪਵੇਗਾ।

***

## ਬਲਾਤਕਾਰ ਮਾਮਲੇ ਵਿੱਚ ਭਾਜਪਾ ਨੂੰ ਬੰਗਾਲ

ਤੀਜੇ ਮੁਲਜ਼ਮ ਸਕਸ਼ਮ ਪਟੇਲ ਦੀ ਅਰਜ਼ੀ ਦੀ ਸੁਣਵਾਈ ਅਗਲੀ ਤਰੀਕ ਉੱਤੇ ਹੋਵੇਗੀ। ਅਲਾਹਾਬਾਦ ਹਾਈ ਕੋਰਟ ਨੇ ਜ਼ਮਾਨਤ ਮਨਜ਼ੂਰ ਕਰਦਿਆਂ ਕਿਹਾ ਹੈ ਕਿ ਸਰਕਾਰੀ ਪੱਖ ਮੁਲਜ਼ਮਾਂ ਵਿਰੁੱਧ ਠੋਸ ਸਬੂਤ ਪੇਸ਼ ਨਹੀਂ ਕਰ ਸਕਿਆ। ਅਦਾਲਤ ਦੀ ਇਸ ਟਿੱਪਣੀ ਨਾਲ ਮੁਲਜ਼ਮਾਂ ਨਾਲ ਪੁਲਿਸ ਦੀ ਮਿਲੀਭੁਗਤ ਸਾਹਮਣੇ ਆਉਂਦੀ ਹੈ। ਇਹ ਜਾਣਨਾ ਜ਼ਰੂਰੀ ਹੈ ਕਿ ਬਲਾਤਕਾਰ ਦੇ ਕੇਸਾਂ ਵਿੱਚ ਅਦਾਲਤ ਬਿਨਾਂ ਠੋਸ ਸਬੂਤਾਂ ਦੇ ਜ਼ਮਾਨਤ ਨਹੀਂ ਦਿੰਦੀ। ਕਈ ਵਾਰ ਤਾਂ ਮੁਲਜ਼ਮ 4-4 ਸਾਲ ਜੇਲ੍ਹ ਵਿੱਚ ਰਹਿੰਦੇ ਹਨ, ਤਦ ਜਾ ਕੇ ਉਨ੍ਹਾਂ ਦੀ ਜ਼ਮਾਨਤ ਹੁੰਦੀ ਹੈ। ਇਸ ਕੇਸ ਵਿੱਚ ਮੁਲਜ਼ਮ ਸਿਰਫ਼ 8 ਮਹੀਨਿਆਂ ਵਿੱਚ ਹੀ ਬਾਹਰ ਆ ਗਏ ਹਨ। ਭਾਜਪਾ ਸ਼ਾਸਤ ਰਾਜ ਦੀ ਪੁਲਿਸ ਕੋਲੋਂ ਭਾਜਪਾਈਆਂ ਦੇ ਖ਼ਿਲਾਫ਼ ਠੋਸ ਸਬੂਤ ਪੇਸ਼ ਕਰਨ ਦੀ ਕਿਵੇਂ ਉਮੀਦ ਕੀਤੀ ਜਾ ਸਕਦੀ ਹੈ, ਜਿਹੜੀ ਦੋ ਮਹੀਨੇ ਇਹੋ ਇੰਤਜ਼ਾਰ ਕਰਦੀ ਰਹੀ ਕਿ ਮੱਧ ਪ੍ਰਦੇਸ਼ ਦੀਆਂ ਚੋਣਾਂ ਮੁੱਕ ਜਾਣ ਤਾਂ ਉਹ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਸਕੇ। ਇਹ ਸਾਰੀ ਘਟਨਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਦੇ ਮਹਿਲਾ ਸੁਰੱਖਿਆ ਦੇ ਢੌਂਗ ਦਾ ਪੂਰੀ ਤਰ੍ਹਾਂ ਪਰਦਾਫਾਸ਼ ਕਰਦੀ ਹੈ।

***

## ਭਾਰਤ ’ਚ ਹਰ ਸਾਲ 13 ਹਜ਼ਾਰ

ਇਨ੍ਹਾਂ ਵਿੱਚੋਂ ਸਿਰਫ਼ 41 ਫ਼ੀਸਦੀ ਲੋਕਾਂ ਨੇ ਹੀ ਮਾਨਸਿਕ ਸਮੱਸਿਆਵਾਂ ਤੋਂ ਨਿਜਾਤ ਪਾਉਣ ਲਈ ਬਾਹਰੀ ਸਹਾਇਤਾ ਲੈਣ ਦੀ ਲੋੜ ਮਹਿਸੂਸ ਕੀਤੀ ਹੈ। ਪਿਛਲੇ ਸਾਲ ਆਈ ਸੀ-3 ਸੰਸਥਾਨ ਨੇ ਵਿਦਿਆਰਥੀ ਖੁਦਕੁਸ਼ੀਆਂ ਬਾਰੇ ਜਿਹੜੀ ਸਾਲਾਨਾ ਰਿਪੋਰਟ ਪੇਸ਼ ਕੀਤੀ ਸੀ, ਉਸ ਵਿੱਚ ਦੱਸਿਆ ਗਿਆ ਸੀ ਕਿ ਭਾਰਤ ਵਿੱਚ ਹਰ ਸਾਲ 13 ਹਜ਼ਾਰ ਤੋਂ ਵੱਧ ਵਿਦਿਆਰਥੀ ਖੁਦਕੁਸ਼ੀਆਂ ਕਰ ਜਾਂਦੇ ਹਨ। ਮਹਾਰਾਸ਼ਟਰ, ਤਾਮਿਲਨਾਡੂ ਤੇ ਮੱਧ ਪ੍ਰਦੇਸ਼ ਸਭ ਤੋਂ ਵੱਧ ਵਿਦਿਆਰਥੀ ਖੁਦਕੁਸ਼ੀਆਂ ਵਾਲੇ ਰਾਜ ਹਨ। ਦੇਸ਼ ਵਿੱਚ ਹੁੰਦੀਆਂ ਕੁੱਲ ਖੁਦਕੁਸ਼ੀਆਂ ਵਿੱਚ ਤੀਜਾ ਹਿੱਸਾ ਇਨ੍ਹਾਂ ਤਿੰਨ ਰਾਜਾਂ ਦਾ ਹੈ।

***

## ਪੱਛਮੀ ਬੰਗਾਲ ਅਸੈਂਬਲੀ ਵੱਲੋਂ

ਉਨ੍ਹਾਂ ਕਿਹਾ, “ਮੈਂ ਪ੍ਰਧਾਨ ਮੰਤਰੀ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਭਾਜਪਾ ਸ਼ਾਸਿਤ ਰਾਜਾਂ ਦੇ ਮੁੱਖ ਮੰਤਰੀਆਂ ਦੇ ਅਸਤੀਫ਼ੇ ਦੀ ਮੰਗ ਕਰਦੀ ਹਾਂ, ਜੋ ਪੂਰੇ ਦੇਸ਼ ਵਿਚ ਮਹਿਲਾਵਾਂ ਤੇ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਪ੍ਰਭਾਵਸ਼ਾਲੀ ਕਾਨੂੰਨ ਬਣਾਉਣ ਵਿਚ ਨਾਕਾਮ ਰਹੇ ਹਨ। ਉਨ੍ਹਾਂ ਕਿਹਾ, “ਜਬਰ-ਜਨਾਹ ਮਾਨਵਤਾ ਖਿਲਾਫ਼ ਸ਼ਰਾਪ ਹੈ ਤੇ ਅਜਿਹੇ ਅਪਰਾਧ ਰੋਕਣ ਲਈ ਸਮਾਜਿਕ ਸੁਧਾਰਾਂ ਦੀ ਲੋੜ ਹੈ।” ਮੁੱਖ ਮੰਤਰੀ ਨੇ ਸਦਨ ਨੂੰ ਦੱਸਿਆ ਕਿ ਇਹ ਬਿੱਲ ਉਸ ਦਿਨ ਪੇਸ਼ ਕੀਤਾ ਜਦੋਂ 1981 ਵਿਚ ਯੂਐੱਨ ਕਨਵੈਨਸ਼ਨ ਵਿਚ ਅੱਜ ਦੇ ਦਿਨ ਮਹਿਲਾਵਾਂ ਖਿਲਾਫ਼ ਹਰ ਤਰ੍ਹਾਂ ਦੇ ਪੱਖਪਾਤ ਨੂੰ ਖ਼ਤਮ ਕੀਤਾ ਗਿਆ ਸੀ।

***

## ਅਕਾਲ ਤਖ਼ਤ ਸਾਹਿਬ ਵੱਲੋਂ ਵਰਤ

ਸੁਖਬੀਰ ਅਗਲੇ ਦਿਨ ਹੀ ਪਹੁੰਚ ਗਏ ਅਕਾਲ ਤਖ਼ਤ ਸਾਹਿਬ ਸਿੰਘ ਸਾਹਿਬਾਨ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਿਛਲੇ ਦਿਨੀਂ ਤਨਖਾਹੀਆ ਕਰਾਰ ਦਿੱਤੇ ਗਏ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਗਲੇ ਦਿਨ ਦੁਪਹਿਰ ਅਚਾਨਕ ਹਫੜਾ ਦਫੜੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁਜਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਨਾਂਅ ਸਪੱਸ਼ਟੀਕਰਨ ਪੱਤਰ ਅਕਾਲ ਤਖ਼ਤ ਸਕੱਤਰੇਤ ਵਿਖੇ ਦਿੱਤਾ ਤੇ ਉਨ੍ਹਾਂ ਜਥੇਦਾਰ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਜਲਦੀ ਬੁਲਾ ਕੇ ਖਿਮਾ ਯਾਚਨਾ ਦਾ ਮੌਕਾ ਦੇਣ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਸਿੰਘ ਸਾਹਿਬਾਨ ਦੇ ਆਦੇਸ਼ ਮੁਤਾਬਿਕ ਤਤਕਾਲੀ ਅਕਾਲੀ ਸਰਕਾਰਾਂ ਸਮੇਂ ਮੰਤਰੀ ਰਹੇ ਡਾ. ਦਲਜੀਤ ਸਿੰਘ ਚੀਮਾ, ਜਥੇਦਾਰ ਗੁਲਜ਼ਾਰ ਸਿੰਘ ਰਣੀਕੇ, ਸ਼ਰਨਜੀਤ ਸਿੰਘ ਢਿੱਲੋਂ ਤੇ ਮਹੇਸ਼ ਇੰਦਰ ਸਿੰਘ ਗਰੇਵਾਲ ਵੀ ਆਪਣੇ ਸਪੱਸ਼ਟੀਕਰਨ ਲੈ ਕੇ ਅਕਾਲ ਤਖ਼ਤ ਸਕੱਤਰੇਤ ਵਿਖੇ ਪੁੱਜੇ ਸਨ। ਅਕਾਲੀ ਆਗੂਆਂ ਵੱਲੋਂ ਜਥੇਦਾਰ ਦੇ ਨਾਂਅ ਸਪੱਸ਼ਟੀਕਰਨ ਪੱਤਰ ਉਨ੍ਹਾਂ ਦੀ ਗ਼ੈਰ-ਮੌਜੂਦਗੀ ਵਿੱਚ ਉਨ੍ਹਾਂ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਢੱਡੇ ਨੂੰ ਸੌਂਪੇ ਗਏ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਅਤੇ ਸਾਬਕਾ ਮੰਤਰੀ ਡਾਕਟਰ ਦਲਜੀਤ ਸਿੰਘ ਚੀਮਾ ਨੇ ਪਿਛਲੇ ਦਿਨੀਂ ਅਕਾਲ ਤਖ਼ਤ ਵਿਖੇ ਪੇਸ਼ ਕੀਤੇ ਆਪਣੇ ਸਪੱਸ਼ਟੀਕਰਨ ਵਿੱਚ ਦਲੀਲ ਦਿੱਤੀ ਸੀ ਕਿ ਸਰਕਾਰ ਅਤੇ ਪਾਰਟੀ ਵਿੱਚ ਫੈਸਲੇ ਸਾਂਝੇ ਤੌਰ ’ਤੇ ਲਏ ਜਾਂਦੇ ਹਨ। ਫੈਸਲਿਆਂ ਲਈ ਸਾਰਿਆਂ ਦੀ ਬਰਾਬਰ ਜ਼ਿੰਮੇਵਾਰੀ ਹੈ।

ਸਿੱਖ ਬੌਧਿਕ ਹਲਕਿਆਂ ਦਾ ਮੰਨਣਾ ਹੈ ਕਿ ਤਨਖਾਹੀਆ ਦੇਣ ਬਾਅਦ ਸੁਖਬੀਰ ਬਾਦਲ ਅਕਾਲੀ ਦਲ ਦੀ ਪ੍ਰਧਾਨਗੀ ਨਹੀਂ ਕਰ ਸਕਦੇ ਤੇ ਉਸ ਦੇ ਜੋਟੀਦਾਰ ਵੀ ਬਰਾਬਰ ਦੇ ਗੁਨਾਹਗਾਰ ਹਨ ਇਸ ਕਾਰਨ ਸੁਖਬੀਰ ਬਾਦਲ ਦੀ ਰਾਜਨੀਤੀ ਸ਼ੱਕ ਦੇ ਘੇਰੇ ਵਿੱਚ ਆ ਗਈ ਹੈ। ਜਿੰਨੀ ਦੇਰ ਅਕਾਲ ਤਖ਼ਤ ਸਾਹਿਬ ਦੇ ਫੈਸਲੇ ਵਿੱਚ ਹੋਵੇਗੀ ਉਨਾਂ ਵੱਡਾ ਸਿਆਸੀ ਨੁਕਸਾਨ ਬਾਦਲ ਧੜੇ ਦਾ ਹੋਵੇਗਾ। ਇਸੇ ਕਰਕੇ ਸਿੰਘ ਸਾਹਿਬਾਨ ਉੱਪਰ ਦਬਾਅ ਪਾਇਆ ਜਾ ਰਿਹਾ ਹੈ ਕਿ ਇਹ ਮਸਲਾ ਜਲਦ ਨਿਪਟਾਇਆ ਜਾਵੇ।

ਸੀਨੀਅਰ ਪੱਤਰਕਾਰ ਅਤੇ ਲੇਖਕ ਜਗਤਾਰ ਸਿੰਘ ਨੇ ਕਿਹਾ, ਹਾਲਾਂਕਿ, ਹੋਰ ਸਿੱਖ ਅਸੰਤੁਸ਼ਟ ਅਕਾਲੀ ਆਗੂਆਂ ਦੁਆਰਾ ਅਕਾਲ ਤਖ਼ਤ ਸਾਹਿਬ ਨੂੰ ਸੌਂਪੀ ਗਈ ਸ਼ਿਕਾਇਤ ਵਿੱਚ ਦੱਸੀਆਂ ਗਈਆਂ ਸਾਰੀਆਂ ਵੱਡੀਆਂ ਗਲਤੀਆਂ ਲਈ ਮਰਹੂਮ ਮੁੱਖ ਮੰਤਰੀ ਬਾਦਲ ’ਤੇ ਦੋਸ਼ ਲਗਾ ਰਹੇ ਹਨ ਅਤੇ ਉਨ੍ਹਾਂ ਨੂੰ ਦਿੱਤੀ ਗਈ ਉਪਾਧੀ ਵਾਪਸ ਲੈਣ ਦੀ ਮੰਗ ਕਰ ਰਹੇ ਹਨ। ਸਿੰਘ ਸਾਹਿਬਾਨ ਵੱਲੋਂ ਕੀਤੇ ਗਏ ਐਲਾਨ ਨੇ ਸਿੱਖ ਕੈਬਨਿਟ ਮੰਤਰੀਆਂ ਨੂੰ ਅਕਾਲ ਤਖ਼ਤ ਸਾਹਿਬ ਉੱਪਰ ਤਲਬ ਕਰਕੇ ਵੱਡੇ ਬਾਦਲ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ ਜੋ ਕਿ ਪਾਰਟੀ ਦੇ ਫੈਸਲਿਆਂ ’ਚ ਅੰਤਿਮ ਫੈਸਲਾ ਲੈਂਦੇ ਹਨ, ਜਿਸ ਲਈ ਸੁਖਬੀਰ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ।

**ਬਾਗੀ ਅਕਾਲੀਆਂ ਵੱਲੋਂ ਸੁਖਬੀਰ ਦੇ ਅਸਤੀਫੇ ਦੀ ਮੰਗ**

ਬੀਤੇ ਦਿਨੀਂ ਚੰਡੀਗੜ੍ਹ ਵਿਖੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੀ ਪ੍ਰਜੀਡੀਅਮ ਅਤੇ ਸਲਾਹਕਾਰ ਬੋਰਡ ਅਤੇ ਐਗਜ਼ੀਕਿਉਟਿਵ ਦੇ ਨਵੇਂ ਮੈਂਬਰਾਂ ਦੀ ਪਹਿਲੀ ਮੀਟਿੰਗ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਉਘੇ ਅਕਾਲੀ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ। ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਮਗਰੋਂ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਪਾਸੇ ਹਟ ਜਾਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਿੰਘ ਸਾਹਿਬਾਨ ਵਲੋਂ ਜੋ ਫ਼ੈਸਲਾ ਸੁਣਾਇਆ ਗਿਆ, ਉਹ ਫ਼ੈਸਲਾ ਸਿੱਖ ਪਰੰਪਰਾ ਅਨੁਸਾਰ ਹੋਇਆ ਅਤੇ ਅਕਾਲ ਤਖ਼ਤ ਸਾਹਿਬ ਦਾ ਮਾਣ ਵਧਿਆ ਹੈ। ਉਨ੍ਹਾਂ 5 ਸਿੰਘ ਸਾਹਿਬਾਨਾਂ, ਸਿੱਖ ਬੁੱਧੀਜੀਵੀਆਂ ਅਤੇ ਪੰਥ ਦਰਦੀਆਂ ਨੂੰ ਅਪੀਲ ਕੀਤੀ ਕਿ ਸਿੱਖ ਕੌਮ ਨੂੰ ਮੁੜ ਇੱਕ ਮੰਚ ’ਤੇ ਇਕੱਠਾ ਕਰਨ ਲਈ ਧਾਰਮਿਕ ਸ਼ਖਸੀਅਤਾਂ ਦੀ ਕਮੇਟੀ ਬਣਾ ਕੇ ਹਲ ਕੱਢਣ ਦੀ ਪਹਿਲ ਕਰਨ।

***

## ਪੰਜਾਬ ਵਿਧਾਨ ਸਭਾ ’ਚ ਸੱਤਾ ਪੱਖੀ ਤੇ ਵਿਰੋਧੀ ਧਿਰਾਂ

ਇਸ ਦੌਰਾਨ ਸੁਖਪਾਲ ਖਹਿਰਾ ਨੇ ਸੈਸ਼ਨ ਵਧਾਉਣ ਦਾ ਮੁੱਦਾ ਉਠਾਇਆ। ਉਨ੍ਹਾਂ ਨੇ ਕਿਹਾ ਕਿ ਵਿਧਾਨ ਸਭਾ ਦੇ 117 ਮੈਂਬਰ ਹਨ ਤੇ ਕਈ ਤਾਂ ਸੁੱਚੇ ਮੂੰਹ ਹੀ ਚਲੇ ਜਾਂਦੇ ਹਨ। ਮੇਰਾ ਸੁਝਾਅ ਹੈ ਕਿ ਹਰ ਵਿਧਾਇਕ ਨੂੰ 10 ਮਿੰਟ ਦਿੱਤੇ ਜਾਣੇ ਚਾਹੀਦੇ ਹਨ। ਇਸ ਹਿਸਾਬ ਨਾਲ 1170 ਘੰਟੇ ਬਣਦੇ ਹਨ। ਅਜਿਹੇ ’ਚ ਸੈਸ਼ਨ ਨੂੰ 8 ਤੋਂ 9 ਦਿਨਾਂ ਲਈ ਵਧਾਇਆ ਜਾਣਾ ਚਾਹੀਦਾ ਹੈ ਜੋ ਸਾਰੇ ਵਿਧਾਇਕ ਆਪੋ-ਆਪਣੇ ਹਲਕੇ ਦੀ ਗੱਲ ਕਰ ਸਕਣ। ਖਹਿਰਾ ਨੇ ਕਿਹਾ ਕਿ ਕਾਨੂੰਨ ਵਿਵਸਥਾ ਦੀ ਹਾਲਤ ਖਰਾਬ ਹੈ। ਕਿਸਾਨ ਸਰਹੱਦ ’ਤੇ ਬੈਠੇ ਹਨ। ਖਾਦ ਡੁਪਲੀਕੇਟ ਆ ਰਹੀ ਹੈ। ਬਰਗਾੜੀ ਮਾਮਲੇ ਵਿੱਚ ਕੁਝ ਨਹੀਂ ਹੋਇਆ। ਇੱਕ ਜੇਲ੍ਹ ਸੁਪਰਡੈਂਟ ਨੇ ਅਸਤੀਫ਼ਾ ਦੇ ਦਿੱਤਾ ਤੇ ਉਸ ਦਾ ਕਹਿਣਾ ਹੈ ਕਿ ਜੇਲ੍ਹ ਵਿੱਚ ਕੋਈ ਨਿਯਮ ਨਹੀਂ ਹਨ।

ਕਾਂਗਰਸੀ ਵਿਧਾਇਕ ਸੰਦੀਪ ਜਾਖੜ ਨੇ ਕਿਹਾ ਕਿ ਖੇਤੀ ਨੀਤੀ ਖੇਤੀਬਾੜੀ ਵਿਭਾਗ ਵੱਲੋਂ ਬਣਾਈ ਗਈ ਹੈ। ਇਸ ਨੂੰ ਤਿਆਰ ਹੋਏ ਤਿੰਨ ਮਹੀਨੇ ਹੋ ਗਏ ਹਨ। ਅੱਜ ਕਿਸਾਨ ਚੰਡੀਗੜ੍ਹ ਵਿੱਚ ਧਰਨਾ ਦੇ ਰਹੇ ਹਨ। ਉਨ੍ਹਾਂ ਦੀ ਵੀ ਇਹੀ ਮੰਗ ਹੈ ਕਿ ਇਸ ਨੀਤੀ ਨੂੰ ਜਨਤਕ ਕੀਤਾ ਜਾਵੇ। ਮੈਂ ਕਹਿੰਦਾ ਹਾਂ ਕਿ ਇੱਕ ਦਿਨ ਦਾ ਸੈਸ਼ਨ ਬੁਲਾਇਆ ਜਾਵੇ। ਉਸ ਨੀਤੀ ’ਤੇ ਚਰਚਾ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਚਰਚਾ ਕਰਕੇ ਕੰਮ ਨੂੰ ਅੱਗੇ ਤੋਰਿਆ ਜਾਵੇ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਇਯਾਲੀ ਨੇ ਕਿਸਾਨਾਂ ਦੀ ਜ਼ਮੀਨ ਐਕੁਆਇਰ ਕਰਨ ਦਾ ਮੁੱਦਾ ਚੁੱਕਿਆ। ਉਨ੍ਹਾਂ ਕਿਹਾ ਕਿ ਨੈਸ਼ਨਲ ਹਾਈਵੇਅ ਅਥਾਰਟੀ ਦੇ ਭਾਰਤ ਮਾਮਲਾ ਪ੍ਰਾਜੈਕਟ ਲਈ ਜੋ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ, ਉਸ ਜ਼ਮੀਨ ਦੀ ਵਾਜਬ ਕੀਮਤ ਨਹੀਂ ਮਿਲ ਰਹੀ। ਪੰਜਾਬ ਵਿੱਚ ਜ਼ਮੀਨ ਦੀ ਕੀਮਤ ਡੇਢ ਕਰੋੜ ਰੁਪਏ ਤੋਂ ਘੱਟ ਨਹੀਂ ਹੈ। ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦਾ ਪੂਰਾ ਮੁੱਲ ਮਿਲਣਾ ਚਾਹੀਦਾ ਹੈ। ਪੰਜਾਬ ਸਰਕਾਰ ਨੂੰ ਕਿਸਾਨਾਂ ਦੇ ਮਸਲੇ ਪਹਿਲ ਦੇ ਆਧਾਰ ’ਤੇ ਹੱਲ ਕਰਨੇ ਚਾਹੀਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਬੁੱਢੇ ਨਾਲੇ ਦਾ ਮੁੱਦਾ ਵੀ ਉਠਾਇਆ। ਸਪੀਕਰ ਨੇ ਕਿਹਾ ਕਿ ਇਸ ਮਾਮਲੇ ਵਿੱਚ ਇੱਕ ਕਮੇਟੀ ਬਣਾਈ ਗਈ ਹੈ। ਕਮੇਟੀ ਲਗਾਤਾਰ ਕੰਮ ਕਰ ਰਹੀ ਹੈ। ਇਸ ਤਰ੍ਹਾਂ ਪੰਜਾਬ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੇ ਖੜਕਾ-ਦੜਕਾ ਜਾਰੀ ਰਿਹਾ।

## ਵਿੱਥ

ਮੇਰਾ ਦਿਲ ਕੀਤਾ, ਆਪ ਬੁਲਾ ਲਵਾਂ। ਮੈਂ ਸਿਰਫ਼ ਏਨਾ ਹੀ ਪੁੱਛਣਾ ਸੀ, 'ਹੋਰ ਭਾਈ ਕੀ ਹਾਲ-ਚਾਲ ਐ?' 'ਭਾਈ' ਸ਼ਬਦ ਦਿਲੋਂ ਨਹੀਂ ਸੀ ਕਹਿਣਾ ਜਾਂ ਕਹਿ ਕੇ ਵੀ ਨਹੀਂ ਸੀ ਕਹਿਣਾ ਜਾਂ ਨਾ ਕਹਿਣ ਵਰਗਾ ਕਹਿਣਾ ਸੀ।

ਉਹਦੇ ਨਾਲ ਬੈਂਚ 'ਤੇ ਇੱਕ ਸਰਦਾਰੀ ਰੋਹਬ-ਦਾਅਬ ਵਾਲੀ ਔਰਤ ਬੈਠੀ ਸੀ। ਖ਼ਾਨਦਾਨੀ ਰੰਗ-ਰੂਪ ਮੂੰਹ 'ਤੇ ਝਲਕ ਰਿਹਾ ਸੀ। ਮੇਰੇ ਵਾਲੇ ਪਾਸੇ ਕੰਨ 'ਚ ਉਹਦੇ ਪਾਇਆ ਹੋਇਆ ਤੁੰਗਲ ਅੱਧੋ-ਪੌਣੇ ਤੋਲ਼ੇ ਦਾ ਲੱਗ ਰਿਹਾ ਸੀ। ਭਾਰ ਨਾਲ ਕੰਨ ਦੀ ਗਲ਼ੀ ਖ਼ਾਸੀ ਹੋਈ ਪਈ ਸੀ। ਸੋਚਿਆ, ਉਹਦੀ ਸੱਸ ਹੋਵੇਗੀ। ਮਾਂ ਨੂੰ ਤਾਂ ਮੈਂ ਜਾਣਦਾ ਸੀ। ਫੇਰ ਸੋਚਿਆ, ਮਨਾ! ਕਾਹਨੂੰ ਬੁਲਾਉਣੈ। ਸਰਦਾਰੀ ਅੱਖ ਬਹੁਤ ਦੂਰ ਤੱਕ ਵੇਖ ਜਾਂਦੀ ਐ। ਸੱਸ ਪਤਾ ਨਹੀਂ ਕੀ ਸੋਚੇ? ਉਹਦੇ ਰਾਹ 'ਚ ਕੰਡੇ ਨਾ ਬੀਜੇ ਜਾਣ।

ਮੈਂ ਪਵਨੇ ਦੀ ਕੜਾਹੀ ਦੇ ਪਰਲੇ ਪਾਸੇ ਖੜ੍ਹਾ ਸੀ। ਉਹ ਬੈਂਚ 'ਤੇ ਬੈਠੀ ਸੀ। ਵਿਚਲੀ ਵਿੱਥ 'ਤੇ ਨਿਗ੍ਹਾ ਮਾਰੀ। ਓਨੀ ਹੀ ਸੀ। ਨਹੁੰ ਭਰ ਵੀ ਨਹੀਂ ਸੀ ਘਟੀ। ਮੈਨੂੰ ਲੱਗਣ ਲੱਗਿਆ, ਜਿਵੇਂ ਉਹ ਛੇ-ਸੱਤ ਫੁੱਟ ਨਹੀਂ, ਛੇ-ਸੱਤ ਸਦੀਆਂ ਦੀ ਵਿੱਥ ਹੋਵੇ। ਮੈਂ ਸੋਚਿਆ ਕਿ ਚਲੋ ਸਾਥੋਂ ਇਹ ਵਿੱਥ ਨਹੀਂ ਘਟ ਸਕੀ, ਸ਼ਾਇਦ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਘਟਾ ਦੇਣ।

***

## ਕਦੋਂ ਬਣੇਗੀ ਪੁਲਿਸ ਲੋਕਪੱਖੀ?

ਕੇਂਦਰੀ ਸ਼ਾਸਕਾਂ ਦੇ ਹਿਤਾਂ ਦੀ ਪੂਰਤੀ ਲਈ ਸੀਬੀਆਈ, ਰਾਅ, ਆਈਬੀ ਅਤੇ ਹੁਣ ਐੱਨਆਈਏ ਵਰਗੀਆਂ ਸੁਰੱਖਿਆ ਸੰਸਥਾਵਾਂ ਦੀ ਵਰਤੋਂ ਵਧ ਗਈ ਹੈ। ਇਸ ਨੂੰ ਭਾਰਤੀ ਫੈਡਰਲਿਜ਼ਮ 'ਤੇ ਹਮਲਾ ਮੰਨਿਆ ਜਾਣ ਕਰਕੇ ਵਿਰੋਧੀ ਧਿਰਾਂ ਅਤੇ ਘੱਟ ਗਿਣਤੀਆਂ ਸੰਬੰਧੀ ਰਾਜਨੀਤਕ ਪਾਰਟੀਆਂ ਵਿਰੋਧ ਕਰਨ ਲੱਗ ਪਈਆਂ। ਕਰੀਬ 10 ਰਾਜਾਂ ਨੇ ਅਸੈਂਬਲੀਆਂ ਵਿੱਚ ਕਾਨੂੰਨ ਪਾਸ ਕਰਕੇ ਕੇਂਦਰੀ ਸੁਰੱਖਿਆ ਏਜੰਸੀਆਂ ਵੱਲੋਂ ਰੇਡ ਕਰਨ, ਗ੍ਰਿਫ਼ਤਾਰੀਆਂ ਅਤੇ ਜਾਂਚ ਦੇ ਅਧਿਕਾਰ ਖੋਹ ਲਏ। ਅਜਿਹੇ ਅਧਿਕਾਰ ਸਥਾਨਿਕ ਪੁਲਿਸ ਨੂੰ ਦੇ ਦਿੱਤੇ। ਲੇਕਿਨ ਜੇਕਰ ਮੁੜ ਭਾਜਪਾ ਜਾਂ ਉਸ ਸੰਬੰਧੀ ਗਠਜੋੜ ਕਿਸੇ ਰਾਜ ਵਿੱਚ ਸੱਤਾ ਪ੍ਰਾਪਤ ਕਰ ਲੈਂਦੇ ਤਾਂ ਅਜਿਹੀ ਵਿਵਸਥਾ ਵਾਪਸ ਲੈ ਲਈ ਜਾਂਦੀ। ਪਰ ਅਜਿਹਾ ਟਕਰਾਅ ਨਿਸ਼ਚਿਤ ਤੌਰ 'ਤੇ ਰਾਜਾਂ ਅਤੇ ਦੇਸ਼ ਦੀ ਤਰੱਕੀ ਅਤੇ ਅਮਨ ਕਾਨੂੰਨ 'ਤੇ ਮਾੜਾ ਅਸਰ ਪਾਉਂਦਾ ਹੈ।

**ਸ਼ਰਮਨਾਕ ਵਿਡੰਬਨਾ:** ਜਿਵੇਂ ਬਸਤੀਵਾਦ ਸਾਮਰਾਜ ਬ੍ਰਿਟੇਨ ਭਾਰਤੀ ਲੋਕਾਂ ਨੂੰ ਦਬਾਉਣ ਲਈ ਇਨ੍ਹਾਂ ਵਿੱਚੋਂ ਨੌਜਵਾਨ ਪੁਲਿਸ ਵਿੱਚ ਭਰਤੀ ਕਰਕੇ ਆਪਣੇ ਲੋਕਾਂ ਨੂੰ ਕੁੱਟਣ, ਗੋਲੀਬਾਰੀ ਕਰਨ, ਤਸ਼ੱਦਦ ਕਰਨ ਲਈ ਵਰਤਦਾ ਸੀ, ਹੁਣ ਸੁਦੇਸ਼ੀ ਕਾਲੇ ਸ਼ਾਸਕ ਆਪਣੇ ਅਤੇ ਕਰੋਨੀ ਕਾਰਪੋਰੇਟਵਾਦੀਆਂ ਦੇ ਹਿਤਾਂ ਦੀ ਰਾਖੀ ਲਈ ਉਵੇਂ ਹੀ ਵਰਤ ਰਹੇ ਹਨ।

**ਫੌਜੀਕਰਨ:** ਬਸਤੀਵਾਦੀ ਸਾਮਰਾਜ ਪੁਲਿਸ ਨੂੰ ਫੌਜ ਵਾਂਗ ਤਿਆਰ ਕਰਦਾ ਹੈ। ਆਪਣੀਆਂ ਬਸਤੀਆਂ ਅਤੇ ਗੁਲਾਮਾਂ ਨੂੰ ਦਬਾਉਣ ਲਈ ਫ਼ੌਜ ਵਾਂਗ ਵਰਤਦਾ ਹੈ। ਜਨਰਲ ਡਾਇਰ ਨੇ 13 ਅਪਰੈਲ, 1919 ਵਿੱਚ ਜਲ੍ਹਿਆਂ ਵਾਲਾ ਬਾਗ ਵਿਖੇ ਪੰਜਾਬੀਆਂ ਨੂੰ ਕੁਚਲਣ ਲਈ ਪੁਲਿਸ ਦੀ ਫ਼ੌਜ ਵਜੋਂ ਵਰਤੋਂ ਕੀਤੀ। ਦੇਸ਼ ਅਜ਼ਾਦੀ ਬਾਅਦ ਅਜਿਹੀ ਵਰਤੋਂ ਦੇ ਸੈਂਕੜੇ ਕੇਸ ਹਨ। ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਭੀਮ ਸੈਨ ਸੱਚਰ ਨੇ 4 ਜੁਲਾਈ, 1955 ਨੂੰ ਪੁਲਿਸ ਦਰਬਾਰ ਸਾਹਿਬ ਕੰਪਲੈਕਸ, ਅੰਮ੍ਰਿਤਸਰ ਭੇਜੀ। ਸ਼੍ਰੋਮਣੀ ਅਕਾਲੀ ਦਲ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਅਪਰੇਸ਼ਨ ਕਾਲੀ ਗਰਜ ਅਧੀਨ ਪੁਲਿਸ ਕਾਰਵਾਈ ਫ਼ੌਜ ਵਾਂਗ ਦਰਬਾਰ ਸਾਹਿਬ ਅੰਦਰ ਕੀਤੀ। ਸ. ਪ੍ਰਕਾਸ਼ ਸਿੰਘ ਬਾਦਲ ਵੇਲੇ ਪੁਲਿਸ ਨੇ ਫ਼ੌਜੀ ਕਾਰਵਾਈ ਕਰਦੇ 14 ਅਕਤੂਬਰ, 2015 ਨੂੰ ਸ਼ਾਂਤਮਈ ਸਿੱਖ ਸੰਗਤ ਬਰਗਾੜੀ ਵਿਖੇ ਦੋ ਸਿੰਘ ਸ਼ਹੀਦ ਤੇ ਕਈ ਜ਼ਖ਼ਮੀ ਕੀਤੇ।

ਰਾਜਾਂ ਅੰਦਰ ਅਮਨ ਕਾਨੂੰਨ ਕਾਇਮ ਰੱਖਣ ਲਈ ਅਰਧ ਫ਼ੌਜੀ ਦਲਾਂ ਅਤੇ ਫ਼ੌਜ ਦਾ ਲੰਬਾ ਤਾਇਨਾਤੀਕਰਨ ਪੁਲਿਸ ਨੂੰ ਫ਼ੌਜੀਕਰਨ ਰੁਝਾਨ ਵੱਲ ਪ੍ਰੇਰਿਤ ਕਰਦਾ ਹੈ।

**ਬਦਅਮਨੀ:** ਸੱਤਾ ਵਿੱਚ ਬਣੇ ਰਹਿਣ, ਮਹਿੰਗੀਆਂ ਚੋਣਾਂ ਲੜਨ, ਮਹਿੰਗੇ ਸ਼ੌਕ ਪਾਲਣ ਲਈ ਧੰਨ ਦੇ ਅੰਬਾਰ ਲੋੜੀਂਦੇ ਹਨ। ਇਸ ਸਭ ਦੀ ਪ੍ਰਾਪਤੀ ਲਈ ਸ਼ਾਂਤੀ ਅਤੇ ਅਮਨ ਕਾਨੂੰਨ ਲਈ ਬਦਅਮਨੀ ਲੋੜੀਂਦੀ ਹੈ। ਸੱਤਾਧਾਰੀ, ਤਾਕਤਵਰ ਰਾਜਨੀਤਕ ਮਾਫੀਆ ਗਰੁੱਪ ਇਸ ਕਾਰਜ ਲਈ ਪੁਲਿਸ ਦੀ ਦੁਰਵਰਤੋਂ ਕਰਦਾ ਹੈ। ਨਸ਼ਿਆਂ ਦੀ ਸਮਗਲਿੰਗ, ਘਰ-ਘਰ ਸਪਲਾਈ, ਸਰਕਾਰੀ ਪ੍ਰੋਜੈਕਟਾਂ, ਜਨਤਕ ਭਲਾਈ ਸਕੀਮਾਂ, ਵਿਕਾਸ ਕਾਰਜਾਂ ਵਿੱਚ ਕੁਰੱਪਸ਼ਨ, ਧੋਖਾਧੜੀ, ਰੇਤ, ਬਜਰੀ, ਗੈਰ-ਕਾਨੂੰਨੀ ਮਾਈਨਿੰਗ, ਜਾਅਲੀ ਸ਼ਰਾਬ, ਦਵਾਈਆਂ ਦੀ ਵਿਕਰੀ, ਵੇਸਵਾਗਮਨੀ, ਜੇਲ੍ਹਾਂ ਵਿੱਚ ਨਸ਼ੇ, ਮਹਿੰਗੇ ਸ਼ੌਕ ਸੱਤਾਧਾਰੀ ਰਾਜਨੀਤੀਵਾਨਾਂ ਅਤੇ ਪੁਲਿਸ ਦੀ ਮਿਲੀਭੁਗਤ ਨਾਲ ਚਲਦੇ ਹਨ। ਪੁਲਿਸ, ਪ੍ਰੋਵੋਕੇਸ਼ਨ ਪਾਲੀਟਿਕਸ ਵਿੱਚ ਡੀਨੋਜ਼ ਯੋਨੂਕ ਲਿਖਦਾ ਹੈ, ਪੁਲਿਸ ਸਮਾਜਿਕ ਅਮਨ ਜਾਂ ਬਦਅਮਨੀ ਸੰਭਾਲਦੀ ਨਹੀਂ ਬਲਕਿ ਬਦਅਮਨੀ ਫੈਲਾਉਂਦੀ ਹੈ। ਵਿਰੋਧੀਆਂ ਨੂੰ ਨੱਪਣ ਲਈ ਪੁਲਿਸ ਰਾਜ ਵਿੱਚ ਬਦਅਮਨੀ ਫੈਲਾਉਂਦੀ ਹੈ।

**ਰਾਜਨੀਤੀਕਰਨ:** ਪੂਰੇ ਵਿਸ਼ਵ ਅੰਦਰ ਹਰ ਕਿਸਮ ਦੀ ਰਾਜ ਪ੍ਰਣਾਲੀ ਅੰਦਰ ਪੁਲਿਸ ਦਾ ਰਾਜਨੀਤੀਕਰਨ ਹੋਇਆ ਪਿਆ ਹੈ। ਇੱਥੋਂ ਤਕ ਕਿ ਅਫਸਰਸ਼ਾਹੀ ਨੂੰ ਵੀ ਪੁਲਿਸ ਦੀ ਘੋੜਸਵਾਰੀ ਦੀ ਆਦਤ ਪੁਰਾਣੀ ਹੈ। ਸ਼ਕਤੀ ਬੰਦੂਕ ਦੀ ਨਾਲੀ ਵਿੱਚੋਂ ਨਿਕਲਦੀ ਹੈ। ਭਾਵ ਸੱਤਾ ਵਿੱਚੋਂ ਸਿਪਾਹੀ ਤੋਂ ਲੈ ਕੇ ਡੀਜੀਪੀ ਸੱਤਾ ਦੇ ਹੁਕਮ 'ਤੇ ਚਲਦੇ ਹਨ। ਜੋ ਡੀਜੀਪੀ ਹਰ ਗੱਲ 'ਮੁੱਖ ਮੰਤਰੀ ਦੇ ਹੁਕਮਾਂ ਅਨੁਸਾਰ' ਅਲਾਪੇ ਤਾਂ ਉਸ ਦੀ ਔਕਾਤ ਸਮਝ ਪੈਂਦੀ ਹੈ। ਅਜਿਹੀ ਸਥਿਤੀ ਵਿੱਚ ਪੁਲਿਸ ਸੁਧਾਰ, ਕਾਨੂੰਨ, ਚਰਿੱਤਰ ਜ਼ੀਰੋ ਹੋ ਜਾਂਦੇ ਹਨ। ਪੁਲਿਸ ਦਾ ਜਨਵਾਦੀਕਰਨ ਖ਼ਾਬ ਬਣ ਕੇ ਰਹਿ ਜਾਂਦਾ ਹੈ।

ਪੁਲਿਸ ਤੇ ਗੈਰ-ਕਾਨੂੰਨੀ, ਗੈਰ ਸੰਵਿਧਾਨਿਕ ਕੰਟਰੋਲ ਸਮੱਸਿਆ ਪੱਛਮੀ ਦੇਸ਼ਾਂ ਵਿੱਚ ਵੀ ਪਾਈ ਜਾਂਦੀ ਰਹੀ ਹੈ। ਪਰ ਉਨ੍ਹਾਂ ਇਸਦਾ ਹੱਲ ਵਿਧਾਨਕ ਢੰਗ ਨਾਲ ਕੱਢਿਆ ਹੈ। ਸਰਕਾਰ ਪੁਲਿਸ ਨੀਤੀਆਂ, ਨਿਯਮਾਂ, ਨਿਗਰਾਨੀ, ਭਰਤੀ ਅਤੇ ਵਿਵਸਥਾ ਕਰਦੀ ਹੈ ਪਰ ਪੁਲਿਸ ਕਾਰਵਾਈ, ਅਪਰੇਸ਼ਨ ਸੰਬੰਧੀ ਦਿਸ਼ਾ ਨਿਰਦੇਸ਼ਾਂ ਲਈ ਉਸ ਨੂੰ ਅਧਿਕਾਰ ਨਹੀਂ ਹੈ। ਇਹ ਅਧਿਕਾਰ ਪੁਲਿਸ ਮੁਖੀ ਕੋਲ ਹੁੰਦਾ ਹੈ। ਪੁਲਿਸ ਦਾ ਪਵਿੱਤਰ ਫਰਜ਼ ਅਵਾਮ ਦੀ ਜਾਨ ਮਾਲ ਦੀ ਰੱਖਿਆ, ਅਮਨ ਕਾਨੂੰਨ ਕਾਇਮ ਰੱਖਣਾ ਅਤੇ ਅਪਰਾਧ ਦੀ ਰੋਕਥਾਮ ਹੈ। ਜਿਸ ਦਿਨ ਸੰਵਿਧਾਨਿਕ ਵਿਵਸਥਾ ਰਾਹੀਂ ਇਸ ਕਾਰਜ ਵਿੱਚ ਪੁਲਿਸ ਨੂੰ ਅਜ਼ਾਦੀ ਹਾਸਿਲ ਹੋ ਜਾਵੇਗੀ, ਉਸਦਾ ਜਨਵਾਦੀਕਰਨ ਸ਼ੁਰੂ ਹੋ ਜਾਵੇਗਾ।

***

## ਆਰ. ਐਸ. ਐਸ. ਦੀਆਂ ਸਰਗਰਮੀਆਂ ਵਿੱਚ

ਸੰਦਰਭ ਇਹ ਹੈ ਕਿ 1943 ਵਿੱਚ ਸਿੰਧ ਦੀ ਸੂਬਾਈ ਸਰਕਾਰ ਵਿੱਚ ਮੁਸਲਿਮ ਲੀਗ ਅਤੇ ਹਿੰਦੂ ਮਹਾਸਭਾ ਦੋਨੋਂ ਸ਼ਾਮਿਲ ਸਨ। ਭਾਰਤ ਦੀ ਵੰਡ ਕਰਕੇ ਪਾਕਿਸਤਾਨ ਬਣਾਉਣ ਦਾ ਪਹਿਲਾਂ ਪ੍ਰਸਤਾਵ ਮਾਰਚ 1943 ਵਿੱਚ ਸਿੰਧ ਦੀ ਅਸੈਂਬਲੀ ਵਿੱਚ ਪਾਸ ਹੋਇਆ ਸੀ। ਇਹ ਲਈ ਤਾਜ਼ਾ ਆਦੇਸ਼ ਇਸ ਅਤੀਤ ਨੂੰ ਗੈਰ ਭਰੋਸੇਮੰਦ ਬਣਾਉਣ ਦਾ ਵੀ ਹੈ, ਜਿਸ ਵਿੱਚ ਹਿੰਦੂ ਮਹਾਸਭਾ ਤੇ ਮੁਸਲਿਮ ਲੀਗ ਵੰਡ ਦੇ ਸਹਿਭਾਗੀ ਸਨ। ਇਸ ਆਦੇਸ਼ ਦੀ ਟਾਈਮਿੰਗ ਆਮ ਚੋਣਾਂ ਦੇ ਨਤੀਜਿਆਂ ਦੀ ਤਤਕਾਲਿਕ ਪਿੱਠ ਭੂਮੀ ਵਿੱਚ ਭਾਜਪਾ ਨੂੰ ਸੰਘ ਦੀ ਵਧੀ ਜ਼ਰੂਰਤ ਦਾ ਵੀ ਪਤਾ ਦੱਸਦੀ ਹੈ। ਸੰਘ ਦੇ ਕੁਝ ਪ੍ਰਚਾਰਕਾਂ ਨੂੰ ਗਵਰਨਰ ਬਣਾਇਆ ਜਾਣਾ ਤੇ 29 ਜੁਲਾਈ ਨੂੰ ਹੋਈ ਦੋਨਾਂ ਦੀ ਮੀਟਿੰਗ ਨੂੰ ਵੀ ਇਸੇ ਰੋਸ਼ਨੀ ਵਿੱਚ ਦੇਖਿਆ ਜਾ ਸਕਦਾ ਹੈ।

****

## ਧਰਮ ਦੇ ਨਾਂਅ 'ਤੇ ਅਖੌਤੀ ਬਾਬਿਆਂ ਵਲੋਂ

ਦੀ ਜਾਂਚ ਚੱਲ ਰਹੀ ਹੈ। ਇਹ ਬਾਬਾ ਆਪਣੇ ਵਿਅਕਤੀਗਤ ਪ੍ਰਭਾਵ ਨਾਲ ਜ਼ਮਾਨਤ 'ਤੇ ਛੁੱਟਣ 'ਚ ਸਫਲ ਰਿਹਾ ਹੈ ਅਤੇ ਦਿੱਲੀ 'ਚ ਅਸ਼ੋਲਾ ਦੇ ਕੋਲ ਆਪਣਾ ਆਸ਼ਰਮ ਚਲਾਉਂਦਾ ਹੈ। ਅਜਿਹੇ ਬਾਬਿਆਂ ਦੀ ਸਿਆਸਤਦਾਨਾਂ ਅਤੇ ਵੱਡੇ ਪੁਲਿਸ ਅਧਿਕਾਰੀਆਂ ਨਾਲ ਗੰਢ-ਤੁੱਪ ਹੁੰਦੀ ਹੈ ਅਤੇ ਇਹ ਜਦੋਂ ਚਾਹੁਣ ਬੜੀ ਚਲਾਕੀ ਨਾਲ ਉਨ੍ਹਾਂ ਨੂੰ ਵਰਤ ਸਕਦੇ ਹਨ।

ਵਿਵਹਾਰਕ ਸੋਚ ਰੱਖਣੀ ਹੋਵੇਗੀ

ਜ਼ਰੂਰਤ ਇਸ ਗੱਲ ਦੀ ਹੈ ਕਿ ਕੋਈ ਵੀ ਵਿਅਕਤੀ, ਜੋ ਇਨ੍ਹਾਂ ਲੋਕਾਂ ਦੀ ਮਹਿਮਾ ਤੋਂ ਪ੍ਰਭਾਵਿਤ ਹੋ ਕੇ ਜਾਂ ਇਨ੍ਹਾਂ ਦੇ ਕੋਲ ਨੇਤਾਵਾਂ ਅਤੇ ਪੈਸੇ ਵਾਲਿਆਂ ਨੂੰ ਜਾਂਦੇ ਦੇਖ ਕੇ ਇਹ ਸੋਚਦੇ ਹਨ ਕਿ ਇਹ ਵੀ ਇਨ੍ਹਾਂ ਦੀ ਕ੍ਰਿਪਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਤਾਂ ਬੱਸ ਇੰਨੀ ਸਾਵਧਾਨੀ ਰੱਖਣ ਕਿ ਉਨ੍ਹਾਂ ਨੇ ਇਨ੍ਹਾਂ ਦੇ ਬਹਿਕਾਵੇ ਜਾਂ ਛਲਾਵੇ 'ਚ ਨਹੀਂ ਆਉਣਾ ਹੈ ਅਤੇ ਉਨ੍ਹਾਂ ਦੀ ਕਹੀ ਗੱਲ ਨੂੰ ਤਰਕ ਦੀ ਕਸੌਟੀ 'ਤੇ ਪਰਖਣਾ ਹੈ। ਇਸ ਤਰਕੀਬ ਨਾਲ ਅਜਿਹੇ ਮੱਕਾਰ ਲੋਕਾਂ ਤੋਂ ਬਚਿਆ ਜਾ ਸਕਦਾ ਹੈ, ਜਿਨ੍ਹਾਂ ਨੇ ਯੋਗ ਵਿੱਦਿਆ ਅਤੇ ਧਿਆਨ ਤੇ ਸਾਧਨਾ ਦੇ ਬਲ 'ਤੇ ਦੂਜਿਆਂ ਨੂੰ ਸੰਮੋਹਿਤ ਜਾਂ ਵਸ 'ਚ ਕਰਨ ਦੀ ਸ਼ਕਤੀ ਹਾਸਲ ਕਰ ਲਈ ਹੋਵੇ।

***

## ਸੁਣ ਵੇ ਪਿੰਡ ਦਿਆ ਹਾਕਮਾਂ...

ਇਸੇ ਤਰ੍ਹਾਂ ਹੀ ਕੁੜੀਆਂ ਨੂੰ ਪੜ੍ਹਨ ਲਈ ਪ੍ਰੇਰਨ ਦੇ ਨਾਲ-ਨਾਲ ਜਦੋਂ ਪਿੰਡਾਂ ਵਿੱਚ ਫੈਸ਼ਨ ਨੇ ਪੈਰ ਪਸਾਰਨੇ ਸ਼ੁਰੂ ਕੀਤੇ ਤਾਂ ਪਿੰਡਾਂ ਦੀਆਂ ਕੁੜੀਆਂ ਵੀ ਇਸ ਤੋਂ ਅਭਿੱਜ ਨਾ ਰਹੀਆਂ। ਪਿੰਡਾਂ ਵਿੱਚ ਉਹ ਵੀ ਲੋੜ ਤੋਂ ਵੱਧ ਫੈਸ਼ਨ ਕਰਨ ਲੱਗੀਆਂ ਤਾਂ ਪੰਜਾਬੀ ਸੱਭਿਆਚਾਰ ਕੁਝ ਚਿੰਤਾ ਕਰਨ ਲੱਗਾ ਅਤੇ ਨਵੀਂ ਮੱਤ ਦੇਣ ਲਈ ਇੰਝ ਕਹਿਣ ਲੱਗਾ;

ਸੁਣ ਵੇ ਪਿੰਡ ਦਿਆ ਹਾਕਮਾਂ ਇਨ੍ਹਾਂ ਕੁੜੀਆਂ ਨੂੰ ਸਮਝਾ
ਚੁੰਨੀਆਂ ਰੰਗ ਬਿਰੰਗੀਆਂ ਨੇ ਲੈਂਦੀਆਂ ਗਲ ਵਿੱਚ ਪਾ
ਜਵਾਨੀ ਮਕਣ ਬੂਟੀ ਵੇ, ਹਾਣੀਆਂ ਸੰਭਲ ਕੇ ਵਰਤਾ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਜਿੱਥੇ ਪੰਜਾਬੀ ਸੱਭਿਆਚਾਰ ਨੇ ਸਮਾਜ ਦੀਆਂ ਰੰਗੀਨੀਆਂ ਨੂੰ ਚਾਰ ਚੰਨ ਲਗਾਏ ਉੱਥੇ ਹੀ ਸਮਾਜ ਨੂੰ ਆਪਣੇ ਵਿਰਸੇ ਤੋਂ ਤਿਲ੍ਹਕਣ ਅਤੇ ਮਾੜੇ ਕੰਮਾਂ ਵੱਲ ਜਾਣ ਤੋਂ ਰੋਕਣ ਲਈ ਅਨੇਕ ਤਰ੍ਹਾਂ ਦੀ ਸਿੱਖਿਆ ਵੀ ਦਿੱਤੀ ਅਤੇ ਮਨੁੱਖ ਨੂੰ ਸਮਾਜ ਪ੍ਰਤੀ ਚੰਗੀ ਮੱਤ ਅਪਣਾਉਣ ਦੀ ਪ੍ਰੇਰਨਾ ਵੀ ਦਿੱਤੀ।

***

## 13 ਸਤੰਬਰ ਨੂੰ ਰਿਲੀਜ਼ ਹੋਵੇਗੀ ਫ਼ਿਲਮ

ਵਿਆਪਕ ਰੂਪ ਵਿੱਚ ਫੈਲਾ ਰਹੀ ਹੈ ਤਾਂ ਨਿਰਮਾਤਾ ਇਹ ਯਕੀਨੀ ਬਣਾਉਣ ਲਈ ਦਿਨ-ਰਾਤ ਕੰਮ ਕਰ ਰਹੇ ਹਨ। ਫ਼ਿਲਮ ਨੂੰ ਖਾਸ ਤੌਰ 'ਤੇ ਮਜ਼ਬੂਤ ਭਾਰਤੀ (ਸਿੱਖ ਅਤੇ ਪੰਜਾਬੀ) ਭਾਈਚਾਰਿਆਂ ਵਾਲੇ ਖੇਤਰਾਂ ਨੂੰ ਇੱਕ ਦੂਜੇ ਨਾਲ ਜੋੜਨ ਲਈ ਤਿਆਰ ਕੀਤੀ ਗਈ ਹੈ। ਰਵਾਇਤੀ ਅਤੇ ਨਵੀਨਤਾਕਾਰੀ ਮਾਰਕੀਟਿੰਗ ਰਣਨੀਤੀਆਂ ਦੇ ਮਿਸ਼ਰਣ ਦੇ ਨਾਲ, ਸਟੂਡੀਓ ਫ਼ਿਲਮ ਦੇ ਸ਼ਕਤੀਸ਼ਾਲੀ ਬਿਰਤਾਂਤ ਅਤੇ ਵਿਸ਼ਵਾਸ, ਉਮੀਦ ਅਤੇ ਮਨੁੱਖਤਾ ਦੇ ਵਿਆਪਕ ਥੀਮ ਨੂੰ ਪ੍ਰਦਰਸ਼ਿਤ ਕਰਨ ਦੀ ਯੋਜਨਾ ਬਣਾਉਂਦੇ ਹਨ।

ਫ਼ਿਲਮ ਦਾ ਟਰੇਲਰ ਮੁੰਬਈ ਵਿੱਚ ਮੰਨੇ-ਪ੍ਰਮੰਨੇ ਨਿਰਦੇਸ਼ਕ ਰੋਹਿਤ ਸ਼ੈਟੀ ਦੁਆਰਾ ਲਾਂਚ ਕੀਤਾ ਗਿਆ ਸੀ। ਅਰਦਾਸ ਟੀਮ ਨੇ ਆਪਣਾ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦਾ ਪੜਾਅ ਪੂਰਾ ਕਰ ਲਿਆ ਹੈ। ਟੀਮ ਨੇ ਇਸ ਫ਼ਿਲਮ ਲਈ ਗਿੱਪੀ ਗਰੇਵਾਲ, ਜੈਸਮੀਨ ਭਸੀਨ ਅਤੇ ਗੁਰਪ੍ਰੀਤ ਘੁੱਗੀ ਨੇ ਸਿਡਨੀ ਵਿੱਚ ਪ੍ਰਸਿੱਧ ਸਿੱਖ ਐਨਜ਼ੈਕ ਮੈਮੋਰੀਅਲ ਦਾ ਵੀ ਦੌਰਾ ਕੀਤਾ। ਜਿਵੇਂ-ਜਿਵੇਂ ਰਿਲੀਜ਼ ਦੀ ਤਰੀਕ ਨੇੜੇ ਆ ਰਹੀ ਹੈ ਦਰਸ਼ਕਾਂ ਵਿੱਚ ਉਤਸ਼ਾਹ ਵਧ ਰਿਹਾ ਹੈ। ਇਹ ਫ਼ਿਲਮ ਦਰਸ਼ਕਾਂ ਵਿੱਚ ਚੰਗੀ ਊਰਜਾ ਪੈਦਾ ਕਰੇਗੀ। ਇਸ ਫ਼ਿਲਮ ਨਾਲ ਲੋਕਾਂ ਵਿੱਚ ਆਤਮ ਵਿਸ਼ਵਾਸ਼ ਉਭਰੇਗਾ। ਦਰਸ਼ਕਾਂ ਨੇ ਅਰਦਾਸ ਫ਼ਿਲਮ ਦੇ ਪਹਿਲੇ 2 ਹਿੱਸਿਆਂ ਨੂੰ ਬਹੁਤ ਪਿਆਰ ਦਿੱਤਾ ਹੈ ਤੇ ਇਸ ਲਈ ਟੀਮ ਉਤਸ਼ਾਹਿਤ ਹੋ ਕੇ ਫ਼ਿਲਮ ਦਾ ਤੀਜਾ ਪਾਰਟ ਲੈ ਕੇ ਆ ਰਹੀ ਹੈ। 'ਅਰਦਾਸ ਸਰਬੱਤ ਦੇ ਭਲੇ ਦੀ' 13 ਸਤੰਬਰ 2024 ਨੂੰ ਦੁਨੀਆਂ ਭਰ ਦੇ ਸਿਨੇਮਾਘਰਾਂ ਵਿੱਚ ਰਿਲੀਜ਼ ਹੋ ਰਹੀ ਹੈ।

***

## ਕਿਸਾਨ ਅੰਦੋਲਨ 'ਚ ਪੁੱਜੀ ਵਿਨੇਸ਼ ਫੋਗਾਟ

ਤੁਹਾਨੂੰ ਸਾਡੀ ਗੱਲ ਸੁਣਨੀ ਚਾਹੀਦੀ ਹੈ।' ਉਹਨਾਂ ਨੇ ਕਿਹਾ, 'ਇਹ ਹਮੇਸ਼ਾ ਜਾਤ ਜਾਂ ਕਿਸੇ ਹੋਰ ਚੀਜ਼ ਬਾਰੇ ਨਹੀਂ ਹੁੰਦਾ। ਮੈਂ ਪ੍ਰਾਰਥਨਾ ਕਰਦੀ ਹਾਂ ਕਿ ਤੁਹਾਨੂੰ ਤੁਹਾਡਾ ਹੱਕ ਮਿਲੇ ਅਤੇ ਸਾਡੀਆਂ ਧੀਆਂ ਤੁਹਾਡੇ ਨਾਲ ਹਨ।' ਵਿਨੇਸ਼ ਫੋਗਾਟ ਨੇ ਕਿਸਾਨਾਂ ਦੀ ਹਮਾਇਤ ਵਿੱਚ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ, 'ਕਿਸਾਨ ਆਪਣੇ ਹੱਕਾਂ ਲਈ 200 ਦਿਨਾਂ ਤੋਂ ਬੈਠੇ ਹਨ ਅਤੇ ਮੈਂ ਸਰਕਾਰ ਨੂੰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰਨ ਦੀ ਅਪੀਲ ਕਰਦੀ ਹਾਂ। ਬਹੁਤ ਦੁੱਖ ਦੀ ਗੱਲ ਹੈ ਕਿ ਉਹ 200 ਦਿਨਾਂ ਤੋਂ ਇਥੇ ਬੈਠੇ ਹੋਏ ਹਨ, ਜਿਸ ਦੇ ਬਾਵਜੂਦ ਉਨ੍ਹਾਂ ਦੀ ਸੁਣਵਾਈ ਨਹੀਂ ਹੋ ਰਹੀ। ਸਾਨੂੰ ਉਹਨਾਂ ਨੂੰ ਦੇਖ ਕੇ ਆਪਣੇ ਹੱਕਾਂ ਲਈ ਲੜਨ ਦੀ ਤਾਕਤ ਮਿਲਦੀ ਹੈ।'

***

## ਸ਼੍ਰੋਮਣੀ ਕਮੇਟੀ ਵੋਟਾਂ ਬਣਾਉਣ ਵੇਲੇ ਸ਼ਰਤਾਂ

ਸ਼੍ਰੋਮਣੀ ਕਮੇਟੀ ਦੇ ਵਫ਼ਦ ਵੱਲੋਂ ਖ਼ੁਦ ਮਿਲ ਕੇ ਮੰਗ ਪੱਤਰ ਦਿੱਤਾ ਗਿਆ ਹੈ ਪਰ ਇਸ 'ਤੇ ਗੌਰ ਨਹੀਂ ਕੀਤਾ ਗਿਆ। ਉਨ੍ਹਾਂ ਆਖਿਆ ਕਿ ਇੰਝ ਜਾਪਦਾ ਹੈ ਜਿਵੇਂ ਗੁਰਦੁਆਰਾ ਚੋਣ ਕਮਿਸ਼ਨਰ ਸੂਬਾ ਸਰਕਾਰ ਦੇ ਪ੍ਰਭਾਵ ਹੇਠ ਕੰਮ ਕਰ ਰਹੇ ਹਨ, ਕਿਉਂਕਿ ਇਤਰਾਜ਼ ਮਗਰੋਂ ਵੀ ਗਲਤ ਵੋਟਾਂ ਬਣਨ ਦਾ ਰੁਝਾਨ ਨਿਰੰਤਰ ਜਾਰੀ ਹੈ। ਸਿੱਖ ਸੰਸਥਾ ਦੇ ਨੁਮਾਇੰਦੇ ਚੁਣਨ ਦਾ ਅਧਿਕਾਰ ਕੇਵਲ ਸਾਬਤ ਸੂਰਤ ਸਿੱਖਾਂ ਕੋਲ ਹੀ ਹੋਣਾ ਜ਼ਰੂਰੀ ਹੈ। ਉਨ੍ਹਾਂ ਕਮਿਸ਼ਨਰ ਨੂੰ ਇਸ ਮਾਮਲੇ ਵਿੱਚ ਤੁਰੰਤ ਦਖ਼ਲ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਬੇਨਿਯਮੀਆਂ ਕਰਨ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

****

## ਵਿਰਸਾ ਸਿੰਘ ਵਲਟੋਹਾ ਮਹਾਰਾਜਾ ਰਣਜੀਤ ਸਿੰਘ ਦੀ

ਬਾਰੇ ਚੁੱਪ ਕਿਉਂ ਹਨ, ਕਿਉਂ ਬਾਦਲ ਪਰਿਵਾਰ ਦੇ ਵਕੀਲ ਬਣੇ ਹੋਏ ਹਨ? ਅੱਜ ਸਿੱਖ ਰਾਜਨੀਤੀ ਦੇ ਹਾਲਾਤ ਇਹ ਹਨ ਕਿ ਸਿੱਖ ਪੰਥ ਸੁਖਬੀਰ ਬਾਦਲ ਦੇ ਵਿਰੋਧ ਵਿੱਚ ਹੈ ਅਤੇ ਕਈ ਪਿੰਡਾਂ ਤੋਂ ਅਕਾਲ ਤਖ਼ਤ ਸਾਹਿਬ ਨੂੰ ਬੇਨਤੀਆਂ ਭੇਜੀਆਂ ਜਾ ਰਹੀਆਂ ਹਨ ਕਿ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਤੋਂ ਬਾਹਰ ਦਾ ਰਸਤਾ ਦਿਖਾਇਆ ਜਾਵੇ। ਸੁਖਬੀਰ ਦੀਆਂ ਰਾਜਨੀਤਕ ਗਤੀਵਿਧੀਆਂ ਕਾਰਨ ਸਿੱਖ ਪੰਥ ਦਾ ਵੱਡਾ ਨੁਕਸਾਨ ਹੋ ਸਕਦਾ ਹੈ ਤੇ ਇਸ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਆਪਣੀ ਇਤਿਹਾਸਕ ਹੋਂਦ ਸਥਾਪਤ ਨਹੀਂ ਕਰ ਸਕਦਾ। ਪੰਥਕ ਹਲਕੇ ਅਕਾਲੀ ਦਲ ਦੇ ਨਵੇਂ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ, ਅਕਾਲੀ ਦਲ ਦੇ ਬੁਲਾਰੇ ਤੇ ਸਾਬਕਾ ਵਿਧਾਇਕ ਡਾਕਟਰ ਦਲਜੀਤ ਸਿੰਘ ਚੀਮਾ, ਹਰਸਿਮਰਤ ਕੌਰ ਬਾਦਲ, ਮਹੇਸ਼ਇੰਦਰ ਗਰੇਵਾਲ ਤੇ ਸਾਬਕਾ ਖਾੜਕੂ ਵਿਰਸਾ ਸਿੰਘ ਵਲਟੋਹਾ ਆਦਿ ਨੂੰ ਇਕੋ ਲੜੀ ਵਿੱਚ ਰਖਦੇ ਹਨ।

ਪੰਥਕ ਹਲਕਿਆਂ ਦਾ ਇਹ ਵੀ ਖਿਆਲ ਹੈ ਕਿ ਜੇਕਰ ਅਕਾਲੀ ਲੀਡਰਸ਼ਿਪ ਬਾਦਲ ਪਰਿਵਾਰ ਅਧੀਨ ਰਹੀ ਗਿੱਦੜਬਾਹਾ ਜ਼ਿਮਨੀ ਚੋਣ ਵਿੱਚ ਇਹ ਮਹਾਂਬਲੀ ਮਾਈ ਬੁਢੀ ਦੇ ਝਾਟਿਆਂ ਵਾਂਗ ਹਵਾ ਵਿੱਚ ਉਡਦੇ ਦਿਖਾਈ ਦੇਣਗੇ। ਸੁਖਬੀਰ ਬਾਦਲ ਕੋਲ ਨੈਤਿਕ ਪਾਵਰ ਨਹੀਂ ਹੋਵੇਗੀ ਕਿ ਇਸ ਚੋਣ ਵਿੱਚ ਪੰਥ ਦੀ ਗੈਰਹਾਜ਼ਰੀ ਤੇ ਸਮਰਥਨ ਬਿਨਾਂ ਵਿਰੋਧੀ ਪਾਰਟੀਆਂ ਦਾ ਮੁਕਾਬਲਾ ਕਰ ਸਕਣ। ਦੂਸਰੇ ਪਾਸੇ ਜ਼ਿਮਨੀ ਚੋਣਾਂ ਵਿੱਚ ਬਾਗੀ ਅਕਾਲੀ ਧੜੇ ਦੀ ਸਰਗਰਮੀ ਨਜ਼ਰ ਨਹੀਂ ਆ ਰਹੀ।

ਅਕਾਲ ਤਖ਼ਤ ਸਾਹਿਬ ਦੇ ਪੰਥਕ ਹਿਤੂ ਫੈਸਲੇ ਨੇ ਸੁਖਬੀਰ ਸਿੰਘ ਬਾਦਲ ਨੂੰ ਗੁਨਾਹਗਾਰ ਤੇ ਤਨਖਾਹੀਆ ਠਹਿਰਾਕੇ ਬਾਦਲ ਪਰਿਵਾਰ ਦੇ ਸਿਆਸੀ ਅੰਤਮ ਚਲਾਣੇ ਦੀ ਸਾਖੀ ਦਾ ਆਖਰੀ ਅਧਿਆਇ ਲਿਖ ਦਿੱਤਾ। ਇੰਝ ਜਾਪ ਰਿਹਾ ਹੈ ਕਿ ਸਿੱਖ ਪੰਥ ਦੀ ਹੁਣ ਕੋਈ ਲੀਡਰਸ਼ਿਪ ਨਹੀਂ, ਉਸਦੀ ਅਗਵਾਈ ਸਿਰਫ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਹੀ ਕਰ ਰਹੇ ਹਨ। ਸਿੱਖ ਪੰਥ ਸਤਿਗੁਰੂ ਦੇ ਆਸਰੇ ਨਾਲ ਚਲ ਰਿਹਾ ਹੈ, ਇਸ ਆਸ ਵਿੱਚ ਅਕਾਲੀ ਦਲ ਦੀ ਪੁਨਰ ਸਿਰਜਣਾ ਹੋਵੇਗੀ ਤੇ ਨਵੀਂ ਲੀਡਰਸ਼ਿਪ ਪੈਦਾ ਹੋਵੇਗੀ।

ਹੌਲੀ ਹੌਲੀ ਪਿੰਡਾਂ ਵਿੱਚ ਸਿੱਖ ਰੋਹ ਵਿੱਚ ਉਬਾਲਾ ਆ ਰਿਹਾ ਹੈ, ਸੌਦਾ ਸਾਧ ਦੀ ਮਾਫ਼ੀ ਤੋਂ ਬਾਅਦ ਪੰਥਕ ਰੋਸ ਵਾਲੇ ਦ੍ਰਿਸ਼ ਬਣ ਰਹੇ ਹਨ। ਪੰਥਕ ਜਥੇਬੰਦੀਆਂ ਸਾਂਝਾ ਮੰਚ ਉਸਾਰਨ ਲਈ ਇਕੱਠੀਆਂ ਹੋ ਰਹੀਆਂ ਹਨ। ਜੇਕਰ ਅਜਿਹਾ ਵਾਪਰਿਆ ਤਾਂ ਬਾਦਲ ਲੀਡਰਸ਼ਿਪ ਵਲੋਂ ਸਰਗਰਮੀਆਂ ਕਰਨੀਆਂ ਔਖੀਆਂ ਹੋ ਜਾਣਗੀਆਂ।

***

## ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼

ਬੋਇੰਗ ਕੰਪਨੀ ਨੇ ਸਟਾਰਲਾਈਨਰ ਨਾਂ ਦਾ ਪੁਲਾੜ ਯਾਨ ਵਿਕਸਿਤ ਕੀਤਾ ਹੈ ਜੋ ਧਰਤੀ ਤੋਂ ਮਨੁੱਖਾਂ ਨੂੰ ਆਈ.ਐਸ.ਐਸ. ਤੱਕ ਲੈ ਕੇ ਜਾ ਸਕਦਾ ਹੈ। ਬੋਇੰਗ ਦਾ ਉਦੇਸ਼ ਪੁਲਾੜ ਸਟੇਸ਼ਨ ਲਈ ਵਪਾਰਕ ਉਡਾਣਾਂ ਸ਼ੁਰੂ ਕਰਨਾ ਹੈ। ਬੋਇੰਗ ਪੁਲਾੜ ਯਾਤਰੀਆਂ ਲਈ ਪੁਲਾੜ ਸਟੇਸ਼ਨ ਤੱਕ ਅਤੇ ਉਸ ਤੋਂ ਯਾਤਰਾ ਦੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਐਲੋਨ ਮਸਕ ਦੇ ਸਪੇਸਐਕਸ ਨਾਲ ਸਾਂਝੇਦਾਰੀ ਕਰਨ ਦੀ ਯੋਜਨਾ ਬਣਾ ਰਹੀ ਹੈ। ਸੁਨੀਤਾ ਵਿਲਮੋਰ ਨੂੰ ਇਹ ਦਿਖਾਉਣ ਲਈ ਪੁਲਾੜ ਸਟੇਸ਼ਨ ਭੇਜਦੀ ਹੈ ਕਿ ਸਟਾਰਲਾਈਨਰ ਕੋਲ ਇਹ ਸਮਰੱਥਾਵਾਂ ਹਨ। ਹੁਣ ਬੋਇੰਗ ਨੂੰ ਪੁਲਾੜ ਯਾਨ ਵਿੱਚ ਤਕਨੀਕੀ ਖਰਾਬੀ ਕਾਰਨ ਵੱਡਾ ਝਟਕਾ ਲੱਗ ਰਿਹਾ ਹੈ।

***

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ 'ਚ

ਅਰਥ ਹੈ ਕਿ ਭਾਈ ਜੀ ਦੀ ਸਮੁੱਚੀ ਰਚਨਾ ਉੱਪਰ ਪੰਜਵੇਂ ਪਾਤਸ਼ਾਹ ਦੀ ਪ੍ਰਵਾਨਗੀ ਦੀ ਮੋਹਰ-ਛਾਪ ਹੈ। ਗੁਰੂ ਬਿਲਾਸ ਪਾਤਸ਼ਾਹੀ ਛੇਵੀਂ ਦਾ ਕਰਤਾ ਕਵੀ ਸੋਹਨ ਲਿਖਦਾ ਹੈ, 'ਗੁਰ ਅਰਜਨ ਮਮ ਆਗਿਆ ਕਰੀ..... ।' ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਹੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ' ਕਹਿ ਕੇ ਸਤਿਕਾਰਿਆ ਗਿਆ ਹੈ। ਜਿਸ ਦਾ ਅਰਥ ਹੈ ਕਿ ਜਿਹੜੇ ਜਿਹੜੇ ਵੀ ਦਾਰਸ਼ਨਿਕ ਸੰਕਲਪ ਜਾਂ ਵਿਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹਨ, ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਵੀ ਉਨ੍ਹਾਂ ਦੀ ਸਰਲ ਭਾਸ਼ਾ ਵਿੱਚ ਵਿਆਖਿਆ ਹੈ। ਭਾਈ ਗੁਰਦਾਸ ਜੀ ਨੂੰ ਸਿੱਖ ਇਤਿਹਾਸ ਦਾ ਪਹਿਲਾ ਇਤਿਹਾਸਕਾਰ ਵੀ ਮੰਨਿਆ ਗਿਆ ਹੈ। ਉਨ੍ਹਾਂ ਦੀ ਪਹਿਲੀ ਵਾਰ ਨੂੰ 'ਗੁਰੂ ਨਾਨਕ ਦੇਵ ਜੀ ਦੀ ਵਾਰ' ਵੀ ਕਿਹਾ ਜਾਂਦਾ ਹੈ ਜਿਸ ਵਿੱਚ ਗੁਰੂ ਜੀ ਦਾ ਸੰਖੇਪ ਜੀਵਨ ਬਿਰਤਾਂਤ ਹੈ। ਇਸੇ ਵਾਰ ਦੇ ਆਧਾਰ 'ਤੇ ਹੀ ਪਿਛਲਕਾਲੀ ਲੇਖਕਾਂ ਨੇ ਆਪੋ-ਆਪਣੀਆਂ ਜਨਮ ਸਾਖੀਆਂ ਦੀ ਰਚਨਾ ਕੀਤੀ। ਬਾਕੀ ਵਾਰਾਂ ਵਿੱਚ, ਪਹਿਲੇ ਗੁਰੂ ਸਾਹਿਬ ਤੋਂ ਲੈ ਕੇ ਪੰਜਵੇਂ ਗੁਰੂ ਸਾਹਿਬ ਤੱਕ ਦੇ ਪ੍ਰਮੁੱਖ ਸਿੱਖਾਂ ਦੇ ਨਾਂ, ਜਾਤ-ਗੋਤ ਅਤੇ ਥਾਵਾਂ ਦੀ ਟੋਹ ਦਿੱਤੀ ਹੈ। ਭਾਈ ਗੁਰਦਾਸ ਦੀਆਂ ਵਾਰਾਂ ਦੀਆਂ ਕਈ ਸਤਰਾਂ ਅੱਜ ਵੀ ਲੋਕੋਕਤੀਆਂ ਦੇ ਰੂਪ ਵਿੱਚ ਪੰਜਾਬੀ ਸਮਾਜ ਵਿੱਚ ਵਰਤੀਆਂ ਜਾਂਦੀਆਂ ਹਨ।

***

## ਸੁਖਰਾਜ ਸਿੰਘ ਨਿਆਮੀਵਾਲਾ ਗਿੱਦੜਬਾਹਾ

ਕੀਤੀ ਹੈ। ਬਹੁਤ ਸਾਰੀਆਂ ਜਥੇਬੰਦੀਆਂ ਸੁਖਰਾਜ ਦੀ ਹਮਾਇਤ ਉੱਪਰ ਹਨ। ਸੁਖਰਾਜ ਸਿੰਘ ਨੇ ਕਿਹਾ ਕਿ ਉਹਨਾਂ ਵੱਲੋਂ ਚੋਣ ਲੜਨ ਦਾ ਮਨ ਬਣਾਇਆ ਗਿਆ ਹੈ ਤਾਂ ਕੌਮ ਦੇ ਮਸਲਿਆ ਨੂੰ ਹੱਲ ਕਰਵਾਉਣ ਲਈ, ਕੌਮ ਦੀ ਆਵਾਜ਼ ਨੂੰ ਸਰਕਾਰਾਂ ਤੱਕ ਪਹੁੰਚਾਉਣ ਲਈ ਸਾਨੂੰ ਖੁਦ ਨੂੰ ਵਿਧਾਨ ਸਭਾ ਦਾ ਰੁਖ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੁਝ ਜਥੇਬੰਦੀਆਂ ਵੱਲੋਂ ਉਨ੍ਹਾਂ ਨੂੰ ਪੂਰਨ ਭਰੋਸਾ ਦਿਵਾਇਆ ਗਿਆ ਹੈ ਉਹ ਅਗਾਮੀ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਦਾ ਸਾਥ ਦੇਣਗੇ।

ਉਨ੍ਹਾਂ ਕਿਹਾ ਕਿ ਕਰੀਬ 9 ਸਾਲ ਬੀਤ ਜਾਣ ਬਾਅਦ ਵੀ ਬੇਅਦਬੀ ਅਤੇ ਗੋਲੀਕਾਂਡ ਮਾਮਲਿਆਂ ਦਾ ਇਨਸਾਫ਼ ਨਹੀਂ ਹੋਇਆ। ਬੇਅਦਬੀ ਤੇ ਗੋਲੀਕਾਂਡ ਮਾਮਲਿਆਂ ਦੇ ਇਨਸਾਫ਼ ਨੂੰ ਆਧਾਰ ਬਣਾ ਕੇ ਪਹਿਲਾਂ ਕਾਂਗਰਸ ਪਾਰਟੀ ਨੇ 5 ਸਾਲ ਰਾਜ ਕੀਤਾ। ਉਸ ਤੋਂ ਬਾਅਦ ਹੁਣ ਆਮ ਆਦਮੀ ਪਾਰਟੀ ਨੂੰ ਵੀ ਕਰੀਬ ਢਾਈ ਸਾਲ ਬੀਤ ਗਏ, ਪਰ ਕਿਸੇ ਨੇ ਵੀ ਕੌਮ ਨੂੰ ਇਨਸਾਫ਼ ਦੇਣ ਵੱਲ ਇੱਕ ਵੀ ਕਦਮ ਨਹੀਂ ਵਧਾਇਆ।

ਸੁਖਰਾਜ ਸਿੰਘ ਨੇ ਕਿਹਾ ਕਿ ਡੇਰਾ ਮੁਖੀ ਖ਼ਿਲਾਫ਼ 3 ਮੁਕੱਦਮੇ 295ਏ ਤਹਿਤ ਦਰਜ ਹਨ, ਪਰ ਪੰਜਾਬ ਸਰਕਾਰ ਦਾ ਗ੍ਰਹਿ ਸਕੱਤਰ ਅਤੇ ਗ੍ਰਹਿ ਮੰਤਰੀ ਭਗਵੰਤ ਮਾਨ ਡੇਰਾ ਮੁਖੀ ਖ਼ਿਲਾਫ਼ ਧਾਰਾ 295ਏ ਤਹਿਤ ਕਾਰਵਾਈ ਸ਼ੁਰੂ ਕਰਨ ਲਈ ਮਨਜ਼ੂਰੀ ਨਹੀਂ ਦੇ ਰਹੇ। ਉਨ੍ਹਾਂ ਕਿਹਾ ਕਿ ਇਸ ਸਭ ਤੋਂ ਸਾਫ ਜ਼ਾਹਰ ਹੈ ਕਿ ਸਰਕਾਰ ਸਿੱਖ ਕੌਮ ਨੂੰ ਇਨਸਾਫ਼ ਨਹੀਂ ਦੇਣਾ ਚਾਹੁੰਦੀ ਇਸੇ ਲਈ ਉਨ੍ਹਾਂ ਵੱਲੋਂ ਵੱਖ- ਵੱਖ ਸਿੱਖ ਜਥੇਬੰਦੀਆਂ ਨਾਲ ਸਲਾਹ ਮਸ਼ਵਰਾ ਕਰ ਚੋਣ ਮੈਦਾਨ ਵਿੱਚ ਉੱਤਰਨ ਦਾ ਮਨ ਬਣਾਇਆ ਗਿਆ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com